# ਬਾਰਹਮਾਹਾ (ਫ਼ਲਗੁਨਿ)

***ਡਾ. ਜਗਜੀਤ ਸਿੰਘ***

ਗੁਰੂ ਗ੍ਰੰਥ ਸਾਹਿਬ ਵਿਚ ਦੋ ਬਾਰਹਮਾਹਾ ਪ੍ਰਾਪਤ ਹਨ। 'ਰਾਗੁ ਤੁਖਾਰੀ ਛੰਤ ਮਹਲਾ ੧ ਬਾਰਹਮਾਹਾ' ਗੁਰੂ ਨਾਨਕ ਦੇਵ ਜੀ ਦਾ ਉਚਾਰਨ ਕੀਤਾ ਹੋਇਆ ਹੈ। ਦੂਜਾ 'ਰਾਗ ਮਾਝ ਬਾਰਹਮਾਹਾ ਮਹਲਾ ੫' ਗੁਰੂ ਅਰਜਨ ਦੇਵ ਜੀ ਦੀ ਰਚਨਾ ਹੈ। ਦੋਹਾਂ ਬਾਰਹਮਾਹਾ ਵਿਚੋਂ ਲੜੀਵਾਰ ਫ਼ਲਗੁਨਿ ਮਹੀਨੇ ਦਾ ਪਾਠ ਤੇ ਉਸ ਦੀ ਸਰਲ ਵਿਆਖਿਆ ਪਾਠਕਾਂ ਦੀ ਸੁਵਿਧਾ ਹਿਤ ਹਾਜ਼ਰ ਹੈ।

*ੴ ਸਤਿਗੁਰ ਪ੍ਰਸਾਦਿ*

*ਤੁਖਾਰੀ ਛੰਤ ਮਹਲਾ ੧ ਬਾਰਹਮਾਹਾ*
*ਫਲਗੁਨਿ ਮਨਿ ਰਹਸੀ ਪ੍ਰੇਮੁ ਸੁਭਾਇਆ॥*
*ਅਨਦਿਨੁ ਰਹਸੁ ਭਇਆ ਆਪੁ ਗਵਾਇਆ॥*
*ਮਨ ਮੋਹੁ ਚੁਕਾਇਆ ਜਾ ਤਿਸੁ ਭਾਇਆ*
*ਕਰਿ ਕਿਰਪਾ ਘਰਿ ਆਓ॥*
*ਬਹੁਤੇ ਵੇਸ ਕਰੀ ਪਿਰ ਬਾਝਹੁ ਮਹਲੀ ਲਹਾ ਨ ਥਾਓ॥*
*ਹਾਰ ਡੋਰ ਰਸ ਪਾਟ ਪਟੰਬਰ ਪਿਰਿ ਲੋੜੀ ਸੀਗਾਰੀ॥*
*ਨਾਨਕ ਮੇਲਿ ਲਈ ਗੁਰਿ ਅਪਣੈ ਘਰਿ ਵਰੁ ਪਾਇਆ ਨਾਰੀ॥*

*ਪੰਨਾ - 1109*

ਪਿਛਲਾ ਮਾਘਿ ਦਾ ਮਹੀਨਾ ਅਤਿ ਦੀ ਸਰਦੀ ਤੋਂ ਕੁਝ ਬਚਾਉ ਦਾ ਮਹੀਨਾ ਸੀ, ਥੋੜ੍ਹੀ ਸਰਦੀ ਘਟਦੀ ਹੈ, ਪੋਹ ਵਾਲਾ ਕੱਕਰ ਕੋਰਾ ਨਹੀਂ ਪੈਂਦਾ। ਮਾਘ ਵਿਚ ਲੋਕ ਤੀਰਥਾਂ ਦੇ ਇਸ਼ਨਾਨ ਨੂੰ ਸ਼ੁਭ ਅਤੇ ਪਵਿੱਤਰ ਮੰਨਦੇ ਹਨ ਪਰ ਗੁਰੂ ਮਹਾਰਾਜ ਨੇ ਦੱਸਿਆ ਸੀ ਕਿ ਪ੍ਰਮਾਤਮਾ ਦਾ ਨਾਮ ਅਤੇ ਸਿਫਤਿ-ਸਾਲਾਹ ਨੂੰ ਹਿਰਦੇ ਵਿਚ ਵਸਾਣਾ ਹੀ ਅਠਾਹਠ ਤੀਰਥਾਂ ਦਾ ਅਸਲ ਇਸ਼ਨਾਨ ਹੈ।

ਫੱਗਣ ਦੇ ਮਹੀਨੇ ਰੁੱਤ ਫਿਰ ਜਾਂਦੀ ਹੈ। ਲੋਕ ਹੋਲੀਆਂ ਦੇ ਰੰਗ ਤਮਾਸ਼ਿਆਂ ਰਾਹੀਂ ਖੁਸ਼ੀ ਮਨਾਂਦੇ ਹਨ। ਰਾਸਾਂ ਪੈਂਦੀਆਂ ਹਨ ਵਿਸ਼ੇਸ਼ ਕਰਕੇ ਬਿੰਦਰਾਬਨ (ਮਥੁਰਾ ਯੂ.ਪੀ.) ਕ੍ਰਿਸ਼ਨ ਲੀਲਾ ਦਾ ਘਰ ਹੈ। ਇਸ ਪ੍ਰਤੀ ਗੁਰੂ ਨਾਨਕ ਦੇਵ ਜੀ ਨੇ ਆਸਾ ਦੀ ਵਾਰ ਵਿਚ ਫੁਰਮਾਨ ਕੀਤਾ ਹੈ -

*ਵਾਇਨਿ ਚੇਲੇ ਨਚਨਿ ਗੁਰ॥*
*ਪੈਰ ਹਲਾਇਨਿ ਫੇਰਨਿ ਸਿਰ॥*
*ਉਡਿ ਉਡਿ ਰਾਵਾ ਝਾਟੈ ਪਾਇ॥*
*ਵੇਖੈ ਲੋਕੁ ਹਸੈ ਘਰਿ ਜਾਇ॥*
*ਰੋਟੀਆ ਕਾਰਣਿ ਪੂਰਹਿ ਤਾਲ॥*
*ਆਪੁ ਪਛਾੜਹਿ ਧਰਤੀ ਨਾਲਿ॥*
*ਗਾਵਨਿ ਗੋਪੀਆ ਗਾਵਨਿ ਕਾਨ॥*
*ਗਾਵਨਿ ਸੀਤਾ ਰਾਜੇ ਰਾਮ॥*
*ਨਿਰਭਉ ਨਿਰੰਕਾਰੁ ਸਚੁ ਨਾਮੁ॥*
*ਜਾ ਕਾ ਕੀਆ ਸਗਲ ਜਹਾਨੁ॥*
*ਸੇਵਕ ਸੇਵਹਿ ਕਰਮਿ ਚੜਾਉ॥*
*ਭਿੰਨੀ ਰੈਣਿ ਜਿਨਾ ਮਨਿ ਚਾਉ॥*
*ਸਿਖੀ ਸਿਖਿਆ ਗੁਰ ਵੀਚਾਰਿ॥*
*ਨਦਰੀ ਕਰਮਿ ਲਘਾਏ ਪਾਰਿ॥*
*ਕੋਲੂ ਚਰਖਾ ਚਕੀ ਚਕੁ॥*
*ਥਲ ਵਾਰੋਲੇ ਬਹੁਤੁ ਅਨੰਤੁ॥*
*ਲਾਟੂ ਮਾਧਾਣੀਆ ਅਨਗਾਹ॥*
*ਪੰਖੀ ਭਉਦਿਆ ਲੈਨਿ ਨ ਸਾਹ॥*
*ਸੂਐ ਚਾੜਿ ਭਵਾਈਅਹਿ ਜੰਤ॥*
*ਨਾਨਕ ਭਉਦਿਆ ਗਣਤ ਨ ਅੰਤ॥*
*ਬੰਧਨ ਬੰਧਿ ਭਵਾਏ ਸੋਇ॥*
*ਪਇਐ ਕਿਰਤਿ ਨਚੈ ਸਭੁ ਕੋਇ॥*
*ਨਚਿ ਨਚਿ ਹਸਹਿ ਚਲਹਿ ਸੇ ਰੋਇ॥*
*ਉਡਿ ਨ ਜਾਹੀ ਸਿਧ ਨ ਹੋਹਿ॥*
*ਨਚਣੁ ਕੁਦਣੁ ਮਨ ਕਾ ਚਾਉ॥*
*ਨਾਨਕ ਜਿਨ ਮਨਿ ਭਉ ਤਿਨਾ ਮਨਿ ਭਾਉ॥*

*ਪੰਨਾ - 465*

ਅਰਥਾਤ ਇਨ੍ਹਾਂ ਰਾਸਾਂ ਵਿਚ ਚੇਲੇ ਸਾਜ ਵਜਾਉਂਦੇ ਹਨ ਅਤੇ ਉਨ੍ਹਾਂ ਚੇਲਿਆਂ ਦੇ ਗੁਰੂ ਨਚਦੇ ਹਨ। ਨਾਚ ਵੇਲੇ ਉਹ ਗੁਰੂ ਪੈਰਾਂ ਨੂੰ ਹਲਾਉਂਦੇ ਹਨ ਅਤੇ ਸਿਰ ਫੇਰਦੇ ਹਨ। ਉਨ੍ਹਾਂ ਦੇ ਪੈਰਾਂ ਨਾਲ ਉਡ ਉਡ ਕੇ ਘੱਟਾ ਉਨ੍ਹਾਂ ਦੇ ਸਿਰ ਵਿਚ ਪੈਂਦਾ ਹੈ। ਰਾਸ ਵੇਖਣ ਆਏ ਲੋਕ ਉਨ੍ਹਾਂ ਨੂੰ ਨਚਦਿਆਂ ਵੇਖਦੇ ਹਨ ਅਤੇ ਹਸਦੇ ਹਨ ਪਰ ਉਹ ਰਾਸਧਾਰੀਏ ਰੋਜ਼ੀ ਦੀ ਖਾਤਰ ਨਚਦੇ ਹਨ ਅਤੇ ਆਪਣੇ ਆਪ ਨੂੰ ਜ਼ਮੀਨ ਤੇ ਮਾਰਦੇ ਹਨ। ਗੋਪੀਆਂ ਦੇ ਸਾਂਗ ਬਣਾ ਕੇ ਗਾਉਂਦੇ ਹਨ, ਕਾਨ੍ਹ ਦੇ ਸਾਂਗ ਬਣਾ ਕੇ ਗਾਉਂਦੇ ਹਨ, ਸੀਤਾ ਰਾਮ ਜੀ ਅਤੇ ਹੋਰ ਰਾਜਿਆਂ ਦੇ ਸਾਂਗ ਬਣਾ ਕੇ ਨਚਦੇ ਤੇ ਗਾਉਂਦੇ ਹਨ। .....ਨਿਰਣੇ ਵਜੋਂ ਗੁਰੂ ਜੀ ਕਹਿੰਦੇ ਹਨ ਕਿ ਨੱਚਣ ਕੁੱਦਣ ਕੇਵਲ ਮਨ ਦਾ ਸ਼ੌਕ ਹੈ, ਪ੍ਰੇਮ ਕੇਵਲ ਉਨ੍ਹਾਂ ਦੇ ਮਨ ਵਿਚ ਹੀ ਹੈ ਜਿਨ੍ਹਾਂ ਦੇ ਮਨ ਵਿਚ ਰੱਬ ਦਾ ਡਰ ਹੈ।

ਫਲਗੁਣ ਦੇ ਮਹੀਨੇ ਰਾਹੀਂ ਵੀ ਇਹੋ ਉਪਦੇਸ਼ ਦਿਤਾ ਹੈ ਕਿ ਅਸਲ ਖੁਸ਼ੀ ਪ੍ਰਭੂ ਪਿਆਰ ਵਿਚ ਹੈ, ਨਾ ਕਿ ਬਾਹਰ-ਰੂਪੀ ਰਾਸਾਂ ਦੇ ਨਾਚ ਗਾਣ ਵਿਚ। ਜਿਸ ਜੀਵ-ਇਸਤ੍ਰੀ ਨੂੰ ਆਪਣੇ ਮਨ ਵਿਚ ਪ੍ਰਭੂ ਦਾ ਪਿਆਰ ਮਿੱਠਾ ਲੱਗਿਆ ਹੈ, ਉਸ ਦੇ ਮਨ ਵਿਚ ਹੀ ਅਸਲ ਖੁਸ਼ੀ, ਅਸਲ ਅਨੰਦ ਪੈਦਾ ਹੋਇਆ ਹੈ। ਜਿਸ ਜੀਵ-ਇਸਤ੍ਰੀ ਨੇ ਆਪਾ-ਭਾਵ ਗਵਾ ਕੇ ਨਿੰਮ੍ਰਤਾ ਧਾਰਨ ਕੀਤੀ ਹੈ, ਉਸ ਦੇ ਅੰਦਰ ਅਸਲ ਖਿੜਾਉ ਪੈਦਾ ਹੁੰਦਾ ਹੈ ***(ਫਲਗੁਨਿ ਮਨਿ ਰਹਸੀ ਪ੍ਰੇਮੁ ਸੁਭਾਇਆ॥ ਅਨਦਿਨੁ ਰਹਸੁ ਭਇਆ ਆਪੁ ਗਵਾਇਆ)***

ਪਰ ਆਪਾ ਭਾਵ ਗਵਾ ਕੇ ਪ੍ਰਭੂ ਪਿਆਰ ਪ੍ਰਾਪਤ ਕਰਨਾ ਕੋਈ ਸੌਖੀ ਖੇਡ ਨਹੀਂ। ਜਦੋਂ ਪ੍ਰਭੂ ਆਪ ਮਿਹਰ ਕਰਦਾ ਹੈ ਤਾਂ ਹੀ ਜੀਵ ਆਪਣੇ ਮਨ ਵਿਚੋਂ ਮਾਇਆ ਦਾ ਮੋਹ ਮੁਕਾਂਦਾ ਹੈ। ਆਪਣੇ ਜ਼ੋਰ ਨਾਲ ਮੋਹ ਦੇ ਚਿੱਕੜ ਵਿਚੋਂ ਨਿਕਲਣਾ ਕਠਿਨ ਹੈ। ਪ੍ਰਭੂ ਨਾਲ ਮਿਲਾਪ ਵੀ ਉਸ ਦੀ ਬਖਸ਼ਿਸ਼ ਹੈ। ਪ੍ਰਭੂ ਆਪਣੀ ਮਿਹਰ ਕਰਕੇ ਹੀ ਹਿਰਦੇ-ਘਰ ਵਿਚ ਆ ਵਸਦਾ ਹੈ। ਇਹ ਪਿਰਮ ਪਿਆਲਾ ਖਸਮ ਦੇ ਹੱਥ ਵਿਚ ਹੈ, ਜਿਸ ਨੂੰ ਚਾਹੇ ਬਖਸ਼ਿਸ਼ ਕਰ ਦਿੰਦਾ ਹੈ। ***(ਮਨ ਮੋਹੁ ਚੁਕਾਇਆ ਜਾ ਤਿਸੁ ਭਾਇਆ ਕਰਿ ਕਿਰਪਾ ਘਰਿ ਆਓ)***

ਮਨੁੱਖ ਹਉਂ-ਆਸਰਿਤ ਹੋ ਕੇ ਅਨੇਕਾਂ ਧਾਰਮਿਕ ਰਸਮਾਂ ਰੀਤਾਂ ਹਾਰ-ਸ਼ਿੰਗਾਰ ਕਰਦਾ ਹੈ ਪਰ ਪ੍ਰਭੂ ਮਿਲਣ ਦਾ ਇਹ ਢੰਗ ਪਰਵਾਨਿਤ ਨਹੀਂ। ਇਸ ਨਾਲ ਪ੍ਰਭੂ ਚਰਨਾਂ ਵਿਚ ਟਿਕਾਣਾ ਨਹੀਂ ਮਿਲਦਾ। ***(ਬਹੁਤੇ ਵੇਸ ਕਰੀ ਪਿਰ ਬਾਝਹੁ ਮਹਲੀ ਲਹਾ ਨ ਥਾਉ)*** ਗੁਰੂ ਮਹਾਰਾਜ ਦਾ ਫੁਰਮਾਨ ਹੈ -

***ਚੂੜਾ ਭੰਨੁ ਪਲੰਘ ਸਿਉ ਮੁੰਧੇ ਸਣੁ ਬਾਹੀ ਸਣੁ ਬਾਹਾ॥***
***ਏਤੇ ਵੇਸ ਕਰੇਦੀਏ ਮੁੰਧੇ ਸਹੁ ਰਾਤੋ ਅਵਰਾਹਾ॥***
***ਨਾ ਮਨੀਆਰੁ ਨ ਚੂੜੀਆ ਨਾ ਸੇ ਵੰਗੁੜੀਆਹਾ॥***
***ਜੋ ਸਹ ਕੰਠਿ ਨ ਲਗੀਆ ਜਲਨੁ ਸਿ ਬਾਹੜੀਆਹਾ॥***
***ਸਭਿ ਸਹੀਆ ਸਹੁ ਰਾਵਣਿ ਗਈਆ ਹਉ ਦਾਧੀ ਕੈ ਦਰਿ ਜਾਵਾ॥***
***ਅੰਮਾਲੀ ਹਉ ਖਰੀ ਸੁਚਜੀ ਤੈ ਸਹ ਏਕਿ ਨ ਭਾਵਾ॥***
***ਮਾਠਿ ਗੁੰਦਾਈ ਪਟੀਆ ਭਰੀਐ ਮਾਗ ਸੰਧੂਰੇ॥***
***ਅਗੈ ਗਈ ਨ ਮੰਨੀਆ ਮਰਉ ਵਿਸੂਰਿ ਵਿਸੂਰੇ॥***

*ਪੰਨਾ - 558*

ਬਾਹਰੀ ਹਾਰ ਸ਼ਿੰਗਾਰ ਸੋਹਣੇ ਪਲੰਘ, ਚੂੜੇ ਸੁੰਦਰ ਵੇਸ, ਚਮਕੀਲੇ ਪਹਿਰਾਵੇ, ਸੰਧੂਰ ਆਦਿ ਪ੍ਰਭੂ ਪਿਆਰ ਬਿਨਾਂ ਨਿਰਮੂਲ ਹਨ, ਨਿਰਾਰਥਕ ਹਨ, ਸਗੋਂ ਦੁਖਾਂ ਦਾ ਸਾਮਾਨ ਹਨ। ਅਸਲ ਗੱਲ ਤਾਂ ਪ੍ਰਭੂ ਪਿਆਰ ਹੈ - 'ਜਿਨਿ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ' ਅਤੇ ਜਿਸ ਇਸਤ੍ਰੀ ਨੂੰ ਪ੍ਰਭੂ-ਪਤੀ ਪਿਆਰ ਮਿਲ ਗਿਆ, ਜਿਸ ਨੂੰ ਪਤੀ-ਪ੍ਰਭੂ ਨੇ ਪਸੰਦ ਕਰ ਲਿਆ, ਉਹ ਮਾਨੋ ਸਾਰੇ ਹਾਰ-ਸ਼ਿੰਗਾਰ ਅਤੇ ਰੇਸ਼ਮੀ ਕਪੜਿਆਂ ਨਾਲ ਸ਼ਿੰਗਾਰੀ ਗਈ। ***(ਹਾਰ ਡੋਰ ਰਸ ਪਾਟ ਪਟੰਬਰ ਪਿਰਿ ਲੋੜੀ ਸੀਗਾਰੀ)*** ਪ੍ਰਮੇਸ਼ਵਰ ਪਿਆਰ ਦਾ ਰਸਤਾ ਗੁਰੂ ਦਸਦਾ ਹੈ। ਗੁਰੂ ਮਾਰਗ ਦਰਸ਼ਨ ਕਰਦਾ ਹੈ। ਗੁਰਪ੍ਰਸਾਦਿ ਰਾਹੀਂ ਪ੍ਰਭੂ ਪਿਆਰ ਵਿਚ ਜੀਵ ਨੂੰ ਪ੍ਰਵਾਨ ਕਰਦਾ ਹੈ, ਆਪਣੇ ਨਾਲ ਮਿਲਾ ਲੈਂਦਾ ਹੈ ਅਤੇ ਜੀਵ-ਇਸਤ੍ਰੀ ਨੂੰ ਆਪਣੇ ਹਿਰਦੇ-ਘਰ ਵਿਚ ਹੀ ਖਸਮ-ਪ੍ਰਭੂ ਮਿਲ ਜਾਂਦਾ ਹੈ - ***(ਨਾਨਕ ਮੇਲਿ ਲਈ ਗੁਰਿ ਆਪਣੈ ਘਰਿ ਵਰੁ ਪਾਇਆ ਨਾਰੀ)*** ਸਮੁੱਚਾ ਭਾਵ ਇਹ ਹੈ ਕਿ ਜਿਹੜਾ ਮਨੁੱਖ ਗੁਰੂ ਦੀ ਸ਼ਰਨ ਪੈ ਕੇ ਸਿਫਤਿ-ਸਾਲਾਹ ਰਾਹੀਂ ਆਪਣੇ ਅੰਦਰੋਂ ਆਪਾ ਭਾਵ (ਹਉਮੈਂ) ਦੂਰ ਕਰ ਲੈਂਦਾ ਹੈ, ਉਸ ਨੂੰ ਆਪਣੇ ਅੰਦਰ ਵਸਦਾ ਪ੍ਰਮਾਤਮਾ ਮਿਲ ਪੈਂਦਾ ਹੈ। ਪਰ ਇਹ ਆਪਾ-ਭਾਵ (ਹਉਮੈ) ਦੂਰ ਕਰਨਾ ਕੋਈ ਸੌਖੀ ਖੇਡ ਨਹੀਂ ਹੈ। ਉਹ ਹੀ ਐਸਾ ਕਰ ਸਕਦਾ ਹੈ ਜਿਸ ਉਤੇ ਪ੍ਰਮਾਤਮਾ ਮਿਹਰ ਕਰੇ।

ਦੇਸੀ ਹਿਸਾਬ ਨਾਲ ਫਲਗੁਨਿ ਦਾ ਮਹੀਨਾ ਸਾਲ ਦਾ ਆਖਰੀ ਮਹੀਨਾ ਹੁੰਦਾ ਹੈ। ਇਸ ਮਹੀਨੇ ਨਾਲ ਸਾਲ ਦੀ ਸਮਾਪਤੀ ਹੁੰਦੀ ਹੈ। ਬਾਰਹਮਾਹਾ ਨੂੰ ਵੀ ਏਸੇ ਦ੍ਰਿਸ਼ਟੀ ਤੋਂ ਫਲਗੁਨਿ ਦੇ ਮਹੀਨੇ ਨਾਲ ਸਮਾਪਤ ਕੀਤਾ ਗਿਆ ਹੈ ਅਤੇ ਪੂਰੇ ਸਾਲ ਦੇ ਸਾਰੇ ਮਹੀਨਿਆਂ ਦੇ ਉਪਦੇਸ਼ ਦਾ ਤੱਤ ਸਾਰ ਆਖਰੀ ਅੰਕ ਵਿਚ ਦਿਤਾ ਹੈ ਜੋ ਇਸ ਪ੍ਰਕਾਰ ਹੈ -

***ਬੇ ਦਸ ਮਾਹ ਰੁਤੀ ਥਿਤੀ ਵਾਰ ਭਲੇ॥***
***ਘੜੀ ਮੂਰਤ ਪਲ ਸਾਚੇ ਆਏ ਸਹਜਿ ਮਿਲੇ॥***
***ਪ੍ਰਭ ਮਿਲੇ ਪਿਆਰੇ ਕਾਰਜ ਸਾਰੇ ਕਰਤਾ ਸਭ ਬਿਧਿ ਜਾਣੈ॥***
***ਜਿਨਿ ਸੀਗਾਰੀ ਤਿਸਹਿ ਪਿਆਰੀ ਮੇਲੁ ਭਇਆ ਰੰਗੁ ਮਾਣੈ॥***
***ਘਰਿ ਸੇਜ ਸੁਹਾਵੀ ਜਾ ਪਿਰਿ ਰਾਵੀ ਗੁਰਮੁਖਿ ਮਸਤਕਿ ਭਾਗੋ॥***
***ਨਾਨਕ ਅਹਿਨਿਸਿ ਰਾਵੈ ਪ੍ਰੀਤਮੁ ਹਰਿ ਵਰੁ ਥਿਰੁ ਸੋਹਾਗੋ॥***

*ਪੰਨਾ - 1109*

ਅਰਥਾਤ ਜਿਸ ਜੀਵ ਇਸਤ੍ਰੀ ਦੇ ਸਹਿਜਮਈ ਅਡੋਲ ਹੋਏ ਹਿਰਦੇ ਵਿਚ ਸੱਚਾ, ਸਦਾ ਥਿਰ ਰਹਿਣ ਵਾਲਾ ਪ੍ਰਮਾਤਮਾ ਆ ਟਿਕਦਾ ਹੈ, ਉਸ ਨੂੰ ਬਾਰਾਂ ਹੀ ਮਹੀਨੇ, ਸਾਰੀਆਂ ਰੁੱਤਾਂ, ਸਾਰੀਆਂ ਥਿਤਾਂ, ਸਾਰੇ ਦਿਨ, ਸਾਰੀਆਂ ਘੜੀਆਂ, ਸਾਰੇ ਮਹੂਰਤ ਤੇ ਪਲ ਸ਼ੁਭ ਤੇ ਸੁਲੱਖਣੇ ਜਾਪਦੇ ਹਨ। ਜਦੋਂ ਪਿਆਰਾ ਪ੍ਰੀਤਮ ਪ੍ਰਭੂ ਮਿਲ ਗਿਆ ਤਾਂ ਸਾਰੇ ਕਾਰਜ ਸੁਤੇ ਸਿੱਧ ਹੀ ਰਾਸ ਆ ਜਾਂਦੇ ਹਨ ਕਿਉਂਕਿ ਪ੍ਰਭੂ ਕਰਤਾ ਪੁਰਖ ਆਪ ਹੀ ਕਾਰਜ ਰਾਸ ਕਰਨ ਦੀਆਂ ਸਾਰੀਆਂ ਬਿਧੀਆਂ ਨੂੰ ਜਾਣਦਾ ਹੈ। ਉਸ ਨੇ ਆਪ ਹੀ ਜੀਵ ਇਸਤ੍ਰੀ ਦੀ ਆਤਮਾ ਨੂੰ ਸੰਵਾਰਨਾ ਹੈ ਅਤੇ ਆਪ ਹੀ ਉਸ ਨੂੰ ਪਿਆਰਨਾ ਹੈ। ਉਸ ਦੀ ਮਿਹਰ ਸਦਕਾ ਹੀ ਜੀਵ ਇਸਤ੍ਰੀ ਦਾ ਪ੍ਰਭੂ ਪਤੀ ਨਾਲ ਮੇਲ ਹੁੰਦਾ ਹੈ ਤੇ ਉਹ ਆਤਮਕ ਅਨੰਦ ਮਾਣਦੀ ਹੈ। ਇਹ ਸਾਰੀ ਬਖਸ਼ਿਸ਼ ਗੁਰੂ ਦਵਾਰਾ ਹੁੰਦੀ ਹੈ। ਗੁਰੂ ਜੀ ਦੀ ਕ੍ਰਿਪਾ ਸਦਕਾ ਹੀ ਜੀਵ ਇਸਤ੍ਰੀ ਦੇ ਮੱਥੇ ਦਾ ਲੇਖ ਉਘੜਦਾ ਹੈ ਅਤੇ ਜਦੋਂ ਗੁਰੂ ਸਦਕਾ ਉਹ ਪ੍ਰਭੂ ਚਰਨਾਂ ਨਾਲ ਜੁੜ ਜਾਂਦੀ ਹੈ ਤਾਂ ਉਸ ਦੀ ਹਿਰਦਾ ਸੇਜ ਸੁੰਦਰ ਹੋ ਜਾਂਦੀ ਹੈ। ਉਸ ਸਭਾਗਾਂ ਵਾਲੀ ਜੀਵ-ਇਸਤ੍ਰੀ ਨੂੰ ਪ੍ਰਭੂ-ਪ੍ਰੀਤਮ ਦਿਨ ਰਾਤ ਮਿਲਿਆ ਰਹਿੰਦਾ ਹੈ ਅਤੇ ਇਸ ਤਰ੍ਹਾਂ ਉਸ ਦਾ ਸਦਾ ਕਾਇਮ ਰਹਿਣ ਵਾਲਾ ਥਿਰ ਸੁਹਾਗ ਬਣ ਜਾਂਦਾ ਹੈ। ਭਾਵ ਇਹ ਹੈ ਕਿ ਪ੍ਰਭੂ ਪਤੀ ਦੇ ਭਉ ਤੇ ਭਾਉ ਵਿਚ ਰਹਿਣ ਵਾਲੀ ਜੀਵ-ਇਸਤ੍ਰੀ ਲਈ ਸਾਰੇ ਮਹੀਨੇ ਸਾਰੀਆਂ ਰੁੱਤਾਂ ਸਾਰੇ ਦਿਨ ਪਲ ਘੜੀਆਂ ਸੁਹਾਵਣੀਆਂ ਹੁੰਦੀਆਂ ਹਨ।

***ਬਾਰਹਮਾਹਾ ਮਾਝ ਮਹਲਾ ੫ ਘਰੁ ੪***
***ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ॥***
***ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ॥***
***ਸੇਜ ਸੁਹਾਵੀ ਸਰਬ ਸੁਖ ਹੁਣਿ ਦੁਖਾ ਨਾਹੀ ਜਾਇ॥***

*ਇਛ ਪੁਨੀ ਵਡਭਾਗਣੀ ਵਰੁ ਪਾਇਆ ਹਰਿ ਰਾਇ॥*
*ਮਿਲਿ ਸਹੀਆ ਮੰਗਲੁ ਗਾਵਹੀ ਗੀਤ ਗੋਵਿੰਦ ਅਲਾਇ॥*
*ਹਰਿ ਜੇਹਾ ਅਵਰੁ ਨ ਦਿਸਈ ਕੋਈ ਦੂਜਾ ਲਵੈ ਨ ਲਾਇ॥*
*ਹਲਤੁ ਪਲਤੁ ਸਵਾਰਿਓਨੁ ਨਿਹਚਲ ਦਿਤੀਅਨੁ ਜਾਇ॥*
*ਸੰਸਾਰ ਸਾਗਰ ਤੇ ਰਖਿਅਨੁ ਬਹੁੜਿ ਨ ਜਨਮੈ ਧਾਇ॥*
*ਜਿਹਵਾ ਏਕ ਅਨੇਕ ਗੁਣ ਤਰੇ ਨਾਨਕ ਚਰਣੀ ਪਾਇ॥*
*ਫਲਗੁਣਿ ਨਿਤ ਸਲਾਹੀਐ ਜਿਸ ਨੋ ਤਿਲੁ ਨ ਤਮਾਇ॥*
*ਪੰਨਾ - 136*

ਫਲਗੁਣਿ ਦੇ ਮਹੀਨੇ ਪੋਹ ਮਾਹ ਦੀ ਕਰੜੀ ਸਰਦੀ ਕੱਕਰ ਪਾਲਾ, ਤੰਗ ਨਹੀਂ ਕਰਦਾ, ਸਗੋਂ ਰੁੱਤ ਫਿਰ ਜਾਂਦੀ ਹੈ, ਮੌਸਮ ਮਿੱਠਾ ਹੋ ਜਾਂਦਾ ਹੈ ਅਤੇ ਬਹਾਰ ਦੀਆਂ ਖੁਸ਼ੀਆਂ, ਹੋਲੀਆਂ ਦੇ ਰੰਗ ਤਮਾਸ਼ਿਆਂ ਰਾਹੀਂ ਪ੍ਰਗਟ ਕੀਤੀਆਂ ਜਾਂਦੀਆਂ ਹਨ ਪਰ ਗੁਰੂ ਮਹਾਰਾਜ ਅੰਦਰ ਦੀ, ਆਤਮਿਕ ਅਨੰਦ ਦੀ ਪ੍ਰਾਪਤੀ ਦੀ ਗੱਲ ਕਰਦੇ ਹਨ। ਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ –

*ਅਨੰਦੁ ਅਨੰਦੁ ਸਭੁ ਕੋ ਕਹੈ ਅਨੰਦੁ ਗੁਰੂ ਤੇ ਜਾਣਿਆ॥*
*ਪੰਨਾ - 917*

ਅਰਥਾਤ ਸਾਰੇ ਹੀ ਬਾਹਰੀ ਸੰਸਾਰੀ ਖੁਸ਼ੀਆਂ ਦੀ ਗੱਲ ਕਰਦੇ ਹਨ, ਜੋ ਥੋੜ੍ਹੇ ਸਮੇਂ ਲਈ ਹੁੰਦੀ ਹੈ ਤੇ ਜਿਸ ਦਾ ਪ੍ਰਤੀਕਰਮ ਅਕਸਰ ਗਮੀ ਵਿਚ ਹੀ ਹੁੰਦਾ ਹੈ। ਅਸਲ ਅਨੰਦ, ਅਸਲ ਖੁਸ਼ੀ, ਵਿਸਮਾਦ ਦਾ ਭੇਦ ਗੁਰੂ ਹੀ ਦਸਣਯੋਗ ਹਨ। ਇਹ ਅਨੰਦ ਅੰਦਰ ਦੇ ਖੇੜੇ ਦਾ ਅਨੰਦ ਹੈ ਜੋ ਸਦੀਵ ਕਾਲ ਲਈ ਹੁੰਦਾ ਹੈ ਤੇ ਜਿਸ ਦਾ ਪ੍ਰਤੀਕਰਮ ਕਦੀ ਵੀ ਬੁਰਾ ਨਹੀਂ ਹੁੰਦਾ। ਸੋ ਫੱਗਣ ਵਿਚ ਉਨ੍ਹਾਂ ਜੀਵ ਇਸਤ੍ਰੀਆਂ ਦੇ ਅੰਦਰ ਆਤਮਕ ਅਨੰਦ ਪੈਦਾ ਹੁੰਦਾ ਹੈ ਜਿਨ੍ਹਾਂ ਦੇ ਹਿਰਦੇ ਵਿਚ ਸੱਜਣ-ਹਰੀ ਪ੍ਰਤੱਖ ਆ ਵਸਦਾ ਹੈ। ***(ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ)*** ਇਸ ਪ੍ਰਭੂ ਮਿਲਾਪ ਵਿਚ ਸਹਾਇਤਾ ਕਰਦੇ ਹਨ, ਸੰਤ, ਜੋ ਪ੍ਰਭੂ ਪਿਆਰ, ਪ੍ਰਭੂ ਸਿਫਤਿ ਸਾਲਾਹ, ਨਾਮ-ਜਪ-ਸਿਮਰਨ ਰਾਹੀਂ ਜੀਵ ਇਸਤ੍ਰੀਆਂ ਨੂੰ ਪ੍ਰਭੂ ਨਾਲ ਜੋੜ ਦਿੰਦੇ ਹਨ ***(ਸੰਤ ਸਹਾਈ ਰਾਮ ਕੇ, ਕਰਿ ਕਿਰਪਾ ਦੀਆ ਮਿਲਾਇ)*** ਪਤੀ-ਪ੍ਰਭੂ ਮਿਲਣ ਨਾਲ ਉਨ੍ਹਾਂ ਜੀਵ ਇਸਤ੍ਰੀਆਂ ਦੀ ਹਿਰਦਾ ਸੇਜ ਸੁੰਦਰ ਬਣ ਜਾਂਦੀ ਹੈ, ਉਨ੍ਹਾਂ ਨੂੰ ਸਾਰੇ ਸੁਖ ਪ੍ਰਾਪਤ ਹੋ ਜਾਂਦੇ ਹਨ, ਫੇਰ ਦੁਖਾਂ ਲਈ ਉਨ੍ਹਾਂ ਦੇ ਹਿਰਦੇ ਵਿਚ ਰਤਾ ਥਾਂ ਨਹੀਂ ਰਹਿ ਜਾਂਦੀ ***(ਸੇਜ ਸੁਹਾਵੀ ਸਰਬ ਸੁਖ ਹੁਣਿ ਦੁਖਾ ਨਾਹੀ ਜਾਇ)*** ਇਸ ਤਰ੍ਹਾਂ ਐਸੀਆਂ ਵਡਭਾਗਣੀਆਂ ਇਸਤ੍ਰੀਆਂ ਦੀ ਮਨੋ-ਕਾਮਨਾ ਪੂਰੀ ਹੋ ਜਾਂਦੀ ਹੈ ਅਤੇ ਉਨ੍ਹਾਂ ਨੂੰ ਉਹ ਹਰੀ-ਪ੍ਰਭੂ ਮਿਲ ਜਾਂਦਾ ਹੈ ਜਿਸਦੀ ਕਿੰਨੇ ਸਮੇਂ ਤੋਂ ਉਡੀਕ ਸੀ। ***(ਇਛ ਪੁਨੀ ਵਡਭਾਗਣੀ ਵਰੁ ਪਾਇਆ ਹਰਿ ਰਾਇ)*** ਇਸ ਮਿਲਾਪ ਹੋਣ ਦੀ ਖੁਸ਼ੀ ਵਿਚ ਉਹ ਸਤ-ਸੰਗੀਆਂ ਸਖੀਆਂ ਸਹੇਲੀਆਂ ਨਾਲ ਰਲ ਕੇ ਗੋਵਿੰਦ ਦੀ ਸਿਫਤਿ-ਸਾਲਾਹ ਦੇ ਗੀਤ ਗਾਉਂਦੀਆਂ ਹਨ, ਅਰਥਾਤ ਆਤਮਿਕ ਅਨੰਦ ਪੈਦਾ ਕਰਨ ਵਾਲੀ ਗੁਰਬਾਣੀ ਗਾਉਂਦੀਆਂ ਹਨ ***(ਮਿਲਿ ਸਹੀਆਂ ਮੰਗਲੁ ਗਾਵਹੀ ਗੀਤ ਗੋਵਿੰਦ ਅਲਾਇ)*** ਹੁਣ ਜਦੋਂ ਸਰਬ-ਸਮਰੱਥ ਸ੍ਰਿਸ਼ਟੀ ਦਾ ਰਚਨਹਾਰ ਮਾਲਕ ਪ੍ਰਭੂ-ਪਤੀ ਮਿਲ ਗਿਆ ਤਾਂ ਇਹ ਅਨੁਭਵ ਵੀ ਪ੍ਰਾਪਤ ਹੋਇਆ ਕਿ ਐਸੇ ਪ੍ਰਮਾਤਮਾ ਵਰਗਾ ਕੋਈ ਹੋਰ, ਉਸ ਦੇ ਨੇੜੇ ਤੇੜੇ ਦਾ, ਉਸ ਦੀ ਬਰਾਬਰੀ ਕਰ ਸਕਣ ਵਾਲਾ ਕੋਈ ਦੂਜਾ ਹੈ ਨਹੀਂ, ਕਿਤੇ ਦਿਸਦਾ ਨਹੀਂ ***(ਹਰਿ ਜੇਹਾ ਅਵਰੁ ਨ ਦਿਸਈ ਕੋਈ ਦੂਜਾ ਲਵੈ ਨ ਲਾਇ)।*** ਐਸਾ ਪਤੀ-ਪ੍ਰਮੇਸ਼ੁਰ-ਪ੍ਰਮਾਤਮਾ ਉਸ ਜੀਵ ਇਸਤ੍ਰੀ ਦਾ ਅਤੇ ਸਭਨਾਂ ਸਤਿਸੰਗੀਆਂ ਦਾ ਲੋਕ ਪਰਲੋਕ ਸੰਵਾਰ ਦਿੰਦਾ ਹੈ, ਉਨ੍ਹਾਂ ਨੂੰ ਆਪਣੇ ਚਰਨਾਂ ਵਿਚ ਲਿਵ-ਲੀਨਤਾ ਵਾਲੀ ਐਸੀ ਥਾਂ ਬਖਸ਼ਿਸ਼ ਕਰਦਾ ਹੈ ਜਿਥੇ ਪੁੱਜ ਕੇ ਕੋਈ ਜੀਵ-ਇਸਤ੍ਰੀ ਡੋਲਦੀ ਨਹੀਂ। ***(ਹਲਤੁ ਪਲਤੁ ਸਵਾਰਿਓਨੁ ਨਿਹਚਲ ਦਿਤੀਅਨੁ ਜਾਇ)*** ਪ੍ਰਭੂ ਆਪ ਹੱਥ ਦੇ ਕੇ ਉਨ੍ਹਾਂ ਨੂੰ ਸੰਸਾਰ ਸਾਗਰ ਤੋਂ ਰੱਖ ਲੈਂਦਾ ਹੈ ਅਤੇ ਮੁੜ ਉਨ੍ਹਾਂ ਦੀ ਜਨਮ ਮਰਣ ਦੇ ਗੇੜ ਦੀ ਦੌੜ ਭੱਜ ਮੁੱਕ ਜਾਂਦੀ ਹੈ। ***(ਸੰਸਾਰ ਸਾਗਰ ਤੇ ਰਖਿਅਨੁ ਬਹੁੜਿ ਨ ਜਨਮੈ ਧਾਇ)*** ਐਸੇ ਪ੍ਰਮਾਤਮਾ ਦੇ ਅਨੇਕਾਂ ਹੀ ਗੁਣ ਹਨ, ਬੇਅੰਤ ਵਡਿਆਈਆਂ ਹਨ –

*ਅੰਤ ਨ ਸਿਫਤੀ ਕਹਿਣ ਨ ਅੰਤੁ॥*
*ਅੰਤੁ ਨ ਕਰਣੈ ਦੇਣਿ ਨ ਅੰਤੁ॥* *ਪੰਨਾ - 5*

ਪਰ ਸਾਡੀ ਜੀਭ ਇਕ ਹੈ, ਅਸੀਂ ਉਸ ਦੇ ਬੇਅੰਤ ਗੁਣ ਬਿਆਨ ਨਹੀਂ ਕਰ ਸਕਦੇ –

*ਤੇਰੇ ਕਵਨ ਕਵਨ ਗੁਣ ਕਹਿ ਕਹਿ ਗਾਵਾ*
*ਤੂ ਸਾਹਿਬ ਗੁਣੀ ਨਿਧਾਨਾ॥* *ਪੰਨਾ - 734*

ਐਸੇ ਪ੍ਰਭੂ ਦੇ ਜੋ ਜੀਵ ਚਰਨੀ ਲਗ ਜਾਂਦੇ ਹਨ, ਲੜ ਲਗ ਜਾਂਦੇ ਹਨ, ਉਹ ਸੰਸਾਰ ਸਮੁੰਦਰ ਤੋਂ ਅਵੱਸ਼ ਤਰ ਜਾਂਦੇ ਹਨ। ***(ਜਿਹਵਾ ਏਕ ਅਨੇਕ ਗੁਣ ਤਰੇ ਨਾਨਕ ਚਰਣੀ ਪਾਇ)।*** ਮਹੀਨੇ ਦੀ ਆਖਰੀ ਪੰਕਤੀ ਵਿਚ ਸਾਰ ਰੂਪ ਵਿਚ ਗੁਰੂ ਮਹਾਰਾਜ ਉਪਦੇਸ਼ ਕਰਦੇ ਹਨ ਕਿ ਫੱਗਣ ਦੇ ਮਹੀਨੇ ਵਿਚ ਰੰਗ ਤਮਾਸ਼ਿਆਂ ਵਿਚੋਂ ਖੁਸ਼ੀ ਲੱਭਣ ਦੀ ਥਾਂ ਉਸ ਸੱਚੇ ਸਰਬ ਸਮਰੱਥ ਪ੍ਰਭੂ ਦੀ ਸਿਫਤਿ ਸਾਲਾਹ ਵਿਚੋਂ ਸੱਚਾ ਸਦੀਵ ਅਨੰਦ ਤੇ ਖੁਸ਼ੀ ਲਵੋ। ਉਸ ਪ੍ਰਭੂ ਨੂੰ ਆਪਣੀ ਸਿਫਤਿ-ਸਾਲਾਹ ਦੀ ਕੋਈ ਤਮ੍ਹਾ ਨਹੀਂ, ਇਹ ਤਾਂ ਸਾਡੀ ਅਲਪੱਗ ਜੀਵਾਂ ਦੀ ਲੋੜ ਹੈ, ਇਸ ਵਿਚ ਸਾਡਾ ਹੀ ਭਲਾ ਹੈ। ***(ਫਲਗੁਣਿ ਨਿਤ ਸਲਾਹੀਐ ਜਿਸ ਨੋ ਤਿਲੁ ਨ ਤਮਾਇ)***

ਸਾਲ ਦੀ ਅਖੀਰਲੇ ਮਹੀਨੇ 'ਫਲਗੁਣਿ ਦੀ ਵਿਚਾਰ ਉਪਰੰਤ ਗੁਰੂ ਮਹਾਰਾਜ ਬਾਰਹਮਾਹਾ ਦੇ ਆਖਰੀ ਬੰਦ ਵਿਚ ਸਾਲ ਦੇ ਸਾਰੇ ਮਹੀਨਿਆਂ ਦਾ ਉਪਦੇਸ਼ ਸਰਲ ਰੂਪ ਵਿਚ ਬਿਆਨ ਕਰਦੇ ਫੁਰਮਾਉਂਦੇ ਹਨ –

*ਜਿਨਿ ਜਿਨਿ ਨਾਮੁ ਧਿਆਇਆ ਤਿਨ ਕੇ ਕਾਜ ਸਰੇ॥*
*ਹਰਿ ਗੁਰੁ ਪੂਰਾ ਆਰਾਧਿਆ ਦਰਗਹ ਸਚਿ ਖਰੇ॥*
*ਸਰਬ ਸੁਖਾ ਨਿਧਿ ਚਰਣ ਹਰਿ ਭਉਜਲੁ ਬਿਖਮੁ ਤਰੇ॥*
*ਪ੍ਰੇਮ ਭਗਤਿ ਤਿਨ ਪਾਈਆ ਬਿਖਿਆ ਨਾਹਿ ਜਰੇ॥*

(ਬਾਕੀ ਪੰਨਾ 7 ਤੇ)

# ਸੰਪਾਦਕੀ

*ਡਾ. ਜਗਜੀਤ ਸਿੰਘ*

ਜਨਵਰੀ 2004 ਦੀ ਸੰਪਾਦਕੀ ਵਿਚ ਅਸੀਂ ਇਸ ਵਰ੍ਹੇ ਆ ਰਹੀਆਂ ਤਿੰਨ ਸ਼ਤਾਬਦੀਆਂ ਦਾ ਜ਼ਿਕਰ ਕੀਤਾ ਸੀ ਅਤੇ ਨਾਲ ਹੀ ਇਹ ਨਿਰਣਾ ਲਿਆ ਸੀ ਕਿ ਆਤਮ ਮਾਰਗ 2004 ਦਾ ਵਰ੍ਹਾ ਇਨ੍ਹਾਂ ਸ਼ਤਾਬਦੀਆਂ ਨੂੰ ਸਮਰਪਣ ਰਹੇਗਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਦੀ ਤੀਜੀ ਸ਼ਤਾਬਦੀ ਦੇ ਉਪਲਕਸ਼ ਵਿਚ ਅਸੀਂ ਗੁਰੂ ਨਾਨਕ ਦੇਵ ਜੀ ਦੀ ਰਚਨਾ 'ਜਪੁਜੀ ਸਾਹਿਬ' ਦੀ ਵਿਚਾਰ ਪਰਾਰੰਭ ਕਰਦਿਆਂ ਇਹ ਲਿਖਿਆ ਸੀ ਕਿ ਪਹਿਲੀ ਪਉੜੀ ਵਿਚ ਹੀ ਗੁਰਬਾਣੀ ਦੇ ਪ੍ਰਮੁੱਖ ਸਿਧਾਂਤ 'ਹੁਕਮ' ਨੂੰ ਗੁਰੂ ਜੀ ਪ੍ਰਮਾਤਮਾ ਦੀ ਪ੍ਰਾਪਤੀ ਦਾ ਮੁੱਖ ਸਾਧਨ ਮੰਨਦੇ ਹਨ –

*ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥*

*ਪੰਨਾ - 1*

'ਹੁਕਮਿ' ਕੀ ਹੈ? ਇਸ ਦੀ ਵਿਆਖਿਆ ਅਗਲੀਆਂ ਪਉੜੀਆਂ ਵਿਚ ਅਤੇ ਸਮੁੱਚੀ ਗੁਰਬਾਣੀ ਵਿਚ ਪ੍ਰਾਪਤ ਹੈ। ਪ੍ਰਮਾਤਮਾ ਇਕ ਹੈ, ਸਗੋਂ ਇਕੋ ਪ੍ਰਮਾਤਮਾ ਹੀ ਸਰਬ ਵਿਆਪਕ ਹੈ। ਉਹ ਹੀ ਸਾਰੇ ਬ੍ਰਹਿਮੰਡ ਦਾ 'ਕਰਤਾ ਪੁਰਖ' ਹੈ, ਸਾਰੀ ਰਚਨਾ ਸਾਰੇ ਆਕਾਰ ਉਸ ਦੇ ਹੁਕਮ ਵਿਚ ਹੀ ਹੋਂਦ ਵਿਚ ਆਉਂਦੇ ਹਨ ਤੇ ਰੂਪ ਰੰਗ ਧਾਰਨ ਕਰਦੇ ਹਨ। ਜਿੰਨਾਂ ਵਾਹਿਗੁਰੂ ਬੇਅੰਤ ਤੇ ਵਿਸ਼ਾਲ ਹੈ, ਓਨਾ ਹੀ ਉਸ ਦਾ 'ਹੁਕਮ' ਵੀ ਬੇਅੰਤ ਅਤੇ ਵਿਸ਼ਾਲ ਹੈ ਜਿਸ ਦਾ ਬਿਆਨ ਨਹੀਂ ਹੋ ਸਕਦਾ –

*ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ॥*

*ਪੰਨਾ - 1*

ਇਸ ਰੱਬੀ ਹੁਕਮ ਅਨੁਸਾਰ ਹੀ ਸਾਰੇ ਜੀਅ ਜੰਤ ਵੀ ਪੈਦਾ ਹੁੰਦੇ ਹਨ ਅਤੇ ਇਸ ਹੁਕਮ ਦੀ ਖੇਡ, ਹੁਕਮ ਦੇ ਨਿਆਂ ਅਨੁਸਾਰ ਮਨੁੱਖ ਨੂੰ ਸ਼ੋਭਾ, ਵਡਿਆਈ ਮਿਲਦੀ ਹੈ। ਕੋਈ ਮਨੁੱਖ ਚੰਗਾ ਬਣ ਜਾਂਦਾ ਹੈ, ਕੋਈ ਮਾੜਾ। ਅਰਥਾਤ ਪੂਰਾ ਕਰਮ ਸਿਧੰਤ ਇਸ ਹੁਕਮ ਦਾ ਹੀ ਅਨੁਸਾਰੀ ਹੈ –

*1. ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥*

*ਪੰਨਾ-134*

*2. ਜੋ ਮੈ ਕੀਆ ਸੋ ਮੈ ਪਾਇਆ*
*ਦੋਸੁ ਨ ਦੀਜੈ ਅਵਰ ਜਨਾ॥ ਪੰਨਾ - 433*

ਆਪਣੇ ਕਰਮਾਂ ਦੇ ਲਿਖੇ ਅਨੁਸਾਰ ਦੁਖ ਤੇ ਸੁਖ ਭੋਗੀਦੇ ਹਨ। ਹੁਕਮ ਅਨੁਸਾਰ ਹੀ ਕਦੀ ਕਈ ਮਨੁੱਖਾਂ ਤੇ ਅਕਾਲਪੁਰਖ ਦੇ ਦਰ ਤੋਂ ਬਖਸ਼ਿਸ਼ ਹੋ ਜਾਂਦੀ ਹੈ ਤੇ ਉਹ ਪ੍ਰਭੂ ਨੂੰ ਜਾ ਮਿਲਦੇ ਹਨ ਅਤੇ ਉਸ ਦੇ ਹੁਕਮ ਵਿਚ ਹੀ ਕਈ ਮਨੁੱਖ ਨਿਤ ਜਨਮ ਮਰਨ ਦੇ ਗੇੜ ਵਿਚ ਘੁੰਮਦੇ ਰਹਿੰਦੇ ਹਨ। ਫੁਰਮਾਨ ਹੈ –

*ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ॥*

*ਪੰਨਾ - 1*

*ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ॥*
*ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ॥*

*ਪੰਨਾ - 1*

ਕੋਈ ਵੀ ਕਿਰਤ ਹੁਕਮ ਤੋਂ ਬਾਹਰ ਨਹੀਂ ਹੈ, ਕੋਈ ਵਿਚਾਰ, ਕੋਈ ਵੀ ਘਟਨਾ ਹੁਕਮ ਤੋਂ ਮੁਕਤ ਨਹੀਂ ਹੈ, ਸਭ ਕੁਝ ਰੱਬੀ ਹੁਕਮ ਵਿਚ ਹੋ ਰਿਹਾ ਹੈ। ਜੇ ਅਜੇਹਾ ਹੈ ਤਾਂ ਮਨੁੱਖ ਦੀ ਹਉਮੈ ਦੇ ਕੀ ਅਰਥ ਰਹਿ ਜਾਂਦੇ ਹਨ?

ਮਨੁੱਖ ਰੱਬ ਨੂੰ, ਰੱਬੀ ਹੁਕਮ ਨੂੰ ਭੁੱਲ ਕੇ ਆਪਣੀ ਹਉਮੈ ਸਿਰਜ ਲੈਂਦਾ ਹੈ, ਆਪ ਕਰਤਾ ਬਣ ਬਹਿੰਦਾ ਹੈ, ਆਪਣਾ ਮੇਰ ਤੇਰ, ਵੈਰ ਵਿਰੋਧ, ਦੁਖ ਸੁਖ, ਆਪਣੇ ਬਿਗਾਨੇ ਚੰਗੇ ਮੰਦੇ ਦਾ ਸੰਸਾਰ ਸਿਰਜ ਲੈਂਦਾ ਹੈ ਤੇ ਕਦੀ ਹਉਮੈ ਦੀ ਤ੍ਰਿਪਤੀ ਹੋਣ ਤੇ ਥੋੜ੍ਹੇ ਸਮੇਂ ਲਈ ਸੁਖੀ ਮਹਿਸੂਸ ਕਰਦਾ ਹੈ ਪਰ ਝੱਟ ਹੀ ਹਉਮੈ ਨੂੰ ਠੇਸ ਪਹੁੰਚਦੀ ਹੈ ਤਾਂ ਦੁਖੀ ਹੁੰਦਾ ਹੈ। ਗੁਰਵਾਕ ਹੈ –

*ਜਬ ਇਹ ਜਾਨੈ ਮੈ ਕਿਛੁ ਕਰਤਾ॥*
*ਤਬ ਲਗੁ ਗਰਭ ਜੋਨਿ ਮਹਿ ਫਿਰਤਾ॥*
*ਜਬ ਧਾਰੈ ਕੋਊ ਬੈਰੀ ਮੀਤੁ॥*
*ਤਬ ਲਗੁ ਨਿਹਚਲੁ ਨਾਹੀ ਚੀਤੁ॥*
*ਜਬ ਲਗੁ ਮੋਹ ਮਗਨ ਸੰਗਿ ਮਾਇ॥*
*ਤਬ ਲਗੁ ਧਰਮਰਾਇ ਦੇਇ ਸਜਾਇ॥*
*ਪ੍ਰਭ ਕਿਰਪਾ ਤੇ ਬੰਧਨ ਤੂਟੈ॥*
*ਗੁਰ ਪ੍ਰਸਾਦਿ ਨਾਨਕ ਹਉ ਛੂਟੈ॥ ਪੰਨਾ - 278*

ਏਥੇ ਜਪੁਜੀ ਸਾਹਿਬ ਵਿਚ ਗੁਰੂ ਨਾਨਕ ਦੇਵ ਜੀ ਫੁਰਮਾਨ ਕਰਦੇ ਹਨ ਕਿ ਜੇ ਸੱਚੇ ਦਿਲੋਂ ਵਾਹਿਗੁਰੂ ਨੂੰ ਕਰਤਾ ਮੰਨ ਲਈਏ ਅਤੇ ਹੁਕਮ ਵਿਚ ਹੋ ਰਹੀ ਖੇਡ ਨੂੰ ਸਮਝ ਲਈਏ ਤਾਂ ਹਉਮੈ ਦਾ ਵਿਨਾਸ ਹੋ ਜਾਂਦਾ ਹੈ –

*ਨਾਨਕ ਹੁਕਮੈ ਜੇ ਬੁਝੈ ਤਾ ਹਉਮੈ ਕਹੈ ਨ ਕੋਇ॥*

*ਪੰਨਾ - 1*

ਮਨੁੱਖ 'ਹੁਕਮ' ਤੋਂ ਟੁੱਟ ਕੇ 'ਹਉਮੈ' ਦੇ ਸੰਸਾਰ ਵਿਚ ਸਾਰਾ ਜੀਵਨ ਵਿਅਰਥ ਗਵਾ ਲੈਂਦਾ ਹੈ। ਹਉਮੈ ਵਿਚ ਵਿਚਰਦਿਆਂ ਪ੍ਰਭੂ ਅਤੇ ਨਾਮ ਨਾਲ ਪ੍ਰੀਤ ਨਹੀਂ ਹੋ ਸਕਦੀ–

*ਹਉਮੈ ਨਾਵੈ ਨਾਲਿ ਵਿਰੋਧੁ ਹੈ*
*ਦੁਇ ਨ ਵਸਹਿ ਇਕ ਠਾਇ॥*
*ਹਉਮੈ ਵਿਚਿ ਸੇਵਾ ਨ ਹੋਵਈ*
*ਤਾ ਮਨੁ ਬਿਰਥਾ ਜਾਇ॥ ਪੰਨਾ - 560*

ਗੁਰਬਾਣੀ ਵਿਚ ਬੜਾ ਸਪਸ਼ਟ ਕਿਹਾ ਹੈ 'ਹੁਕਮ' ਨੂੰ ਸਮਝੇ ਬੁੱਝੇ ਬਿਨਾਂ ਪ੍ਰਭੂ ਦੇ ਦਰ ਦੀ ਪਛਾਣ ਨਹੀਂ ਹੋ ਸਕਦੀ–

*ਹੁਕਮੈ ਬੂਝੈ ਤਾ ਦਰ ਸੂਝੈ॥*
*ਗਿਆਨ ਵਿਹੂਣਾ ਕਥਿ ਕਥਿ ਲੂਝੈ॥ ਪੰਨਾ - 466*

ਇਸ ਲਈ 'ਹੁਕਮ' ਦੀ ਸੋਝੀ ਤੇ 'ਹਉਮੈ' ਵਿਚ ਵਿਚਰਨਾ ਦੋ ਵਿਰੋਧੀ ਭਾਵਨਾਵਾਂ ਹਨ।

ਜਪੁਜੀ ਦੀ ਤੀਜੀ ਪਉੜੀ ਵਿਚ ਦੱਸਿਆ ਹੈ ਕਿ ਸੰਸਾਰ ਆਪਣੇ ਵਿਤ ਅਨੁਸਾਰ ਪ੍ਰਭੂ ਦੀਆਂ ਦਾਤਾਂ ਨੂੰ ਚੇਤੇ

ਕਰਦਾ ਹੈ, ਕੋਈ ਉਸ ਦੇ ਬੇਅੰਤ ਤਾਣ ਦੀ ਸ਼ਲਾਘਾ ਕਰਦਾ ਹੈ, ਕੋਈ ਉਸ ਦੀਆਂ ਦਾਤਾਂ ਨੂੰ ਯਾਦ ਕਰਦਾ ਹੈ, ਕੋਈ ਉਸ ਦੇ ਮਹਾਨ ਗੁਣ ਤੇ ਵਡਿਆਈਆਂ ਦਾ ਵਰਣਨ ਕਰਦਾ ਹੈ, ਕੋਈ ਵਿਦਿਆ ਦੇ ਬਲ ਨਾਲ ਉਸ ਦੇ ਕਠਨ ਗਿਆਨ ਦਾ ਗਾਇਨ ਕਰਦਾ ਹੈ, ਕੋਈ ਇਉਂ ਗਾਇਨ ਕਰਦਾ ਹੈ ਕਿ ਅਕਾਲ ਪੁਰਖ ਸਰੀਰ ਬਣਾਉਂਦਾ ਵੀ ਹੈ ਤੇ ਪਲ ਵਿਚ ਖੇਹ ਵੀ ਕਰ ਦਿੰਦਾ ਹੈ ਜਾਂ ਫਿਰ ਇਕ ਸਰੀਰ ਵਿਚੋਂ ਜਿੰਦ ਕੱਢ ਕੇ ਦੂਜੇ ਸਰੀਰ ਵਿਚ ਪਾ ਦਿੰਦਾ ਹੈ। ਕਿਸੇ ਨੂੰ ਅਕਾਲ ਪੁਰਖ ਦੂਰ ਜਾਪਦਾ ਹੈ, ਕਿਸੇ ਨੂੰ ਬਹੁਤ ਨੇੜੇ, ਸਭ ਥਾਂਈ ਹਾਜ਼ਰ ਨਾਜ਼ਰ। ਇਹ ਸਭ ਉਸ ਦੇ ਹੁਕਮ ਦੀ ਖੇਡ ਹੈ ਜਿਸ ਨੂੰ ਕ੍ਰੋੜਾਂ ਹੀ ਜੀਵ ਅਨੇਕ ਢੰਗਾਂ ਨਾਲ ਵਰਨਣ ਕਰਦੇ ਹਨ ਪਰ ਹੁਕਮ ਨੂੰ ਪੂਰੇ ਤੌਰ ਤੇ ਵਰਨਣ ਨਹੀਂ ਕੀਤਾ ਜਾ ਸਕਦਾ ਕਿਉਂਕਿ ਪ੍ਰਭੂ ਬੇਅੰਤ ਹੈ, ਪ੍ਰਭੂ ਦਾ ਪਸਾਰਾ ਬੇਅੰਤ ਹੈ ਅਤੇ ਉਸ ਦਾ ਵਰਣਨ ਵੀ ਬੇਅੰਤ ਹੈ, ਹੁਕਮ ਦੀ ਖੇਡ ਦਾ ਪੂਰਾ ਵਰਨਣ ਹੋ ਸਕਣਾ ਅਸੰਭਵ ਹੈ, ਹੁਕਮ ਦਾ ਅੰਤ ਨਹੀਂ ਪਾਇਆ ਜਾ ਸਕਦਾ, ਉਸ ਦਾ ਸਹੀ ਸਰੂਪ ਨਹੀਂ ਦੱਸਿਆ ਜਾ ਸਕਦਾ। ਨਾ ਹੀ ਉਸ ਦੀਆਂ ਦਾਤਾਂ ਦਾ ਅੰਤ ਹੈ ਜਿਨ੍ਹਾਂ ਨੂੰ ਮਨੁੱਖ ਜੁਗਾਂ ਜੁਗਾਂਤਰਾਂ ਤੋਂ ਭੋਗਦਾ ਆ ਰਿਹਾ ਹੈ।

ਪ੍ਰਭੂ ਦੇ ਹੁਕਮ ਅਨੁਸਾਰ ਸਾਰੀ ਰਚਨਾ ਚਲ ਰਹੀ ਹੈ, ਦਾਤਾਂ ਪ੍ਰਾਪਤ ਹੋ ਰਹੀਆਂ ਹਨ ਪਰ ਇਹ ਹੁਕਮ ਦੀ ਕਿਰਿਆ ਸਹਿਜਮਈ ਹੈ, ਇਸ ਵਿਚ ਕੋਈ ਉਚੇਚ ਨਹੀਂ। ਹੁਕਮ ਦੀ ਕਾਰ ਚਲਾਂਦਾ ਪ੍ਰਭੂ ਸਦਾ ਅਨੰਦ, ਖੇੜੇ ਤੇ ਵਿਗਾਸ ਵਿਚ ਵਿਚਰਦਾ ਹੈ, 'ਸਦਾ ਸਚਿਦਾਨੰਦ' ਰਹਿੰਦਾ ਹੈ –

*ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ॥*
*ਗਾਵੈ ਕੋ ਦਾਤਿ ਜਾਣੈ ਨੀਸਾਣੁ॥*
*ਗਾਵੈ ਕੋ ਗੁਣ ਵਡਿਆਈਆ ਚਾਰ॥*
*ਗਾਵੈ ਕੋ ਵਿਦਿਆ ਵਿਖਮੁ ਵੀਚਾਰੁ॥*
*ਗਾਵੈ ਕੋ ਸਾਜਿ ਕਰੇ ਤਨੁ ਖੇਹ॥*
*ਗਾਵੈ ਕੋ ਜੀਅ ਲੈ ਫਿਰਿ ਦੇਹ॥*
*ਗਾਵੈ ਕੋ ਜਾਪੈ ਦਿਸੈ ਦੂਰਿ॥*
*ਗਾਵੈ ਕੋ ਵੇਖੈ ਹਾਦਰਾ ਹਦੂਰਿ॥*
*ਕਥਨਾ ਕਥੀ ਨ ਆਵੈ ਤੋਟਿ॥*
*ਕਥਿ ਕਥਿ ਕਥੀ ਕੋਟੀ ਕੋਟਿ ਕੋਟਿ॥*
*ਦੇਦਾ ਦੇ ਲੈਦੇ ਥਕਿ ਪਾਹਿ॥*
*ਜੁਗਾ ਜੁਗੰਤਰਿ ਖਾਹੀ ਖਾਹਿ॥*
*ਹੁਕਮੀ ਹੁਕਮੁ ਚਲਾਏ ਰਾਹੁ॥*
*ਨਾਨਕ ਵਿਗਸੈ ਵੇਪਰਵਾਹੁ॥* *ਪੰਨਾ - 2*

ਹੁਣ ਪ੍ਰਸ਼ਨ ਇਹ ਪੈਦਾ ਹੁੰਦਾ ਹੈ ਕਿ 'ਹੁਕਮ' ਦੀ ਸੋਝੀ ਕਿਵੇਂ ਹੋਵੇ? 'ਹੁਕਮ' ਵਿਚ ਪੂਰਨ ਵਿਸ਼ਵਾਸ਼ ਕਿਵੇਂ ਪੈਦਾ ਹੋਵੇ? ਪਉੜੀ ੪ ਵਿਚ ਇਸ ਦਾ ਸਮਾਧਾਨ ਕੀਤਾ ਹੈ ਕਿ ਵਾਹਿਗੁਰੂ ਸਥਿਰ ਹੈ, ਸੱਚਾ ਹੈ; ਉਸ ਦਾ ਨਿਆਂ ਵੀ ਸੱਚਾ ਹੈ, 'ਹੁਕਮ' ਵੀ ਸੱਚਾ ਹੈ। ਇਹ ਸਖਤੀ ਵਾਲਾ, ਜਾਬਰ ਵਾਲਾ ਹੁਕਮ ਨਹੀਂ, ਕਰੜੀਆਂ ਸਜ਼ਾਵਾਂ ਦੇਣ ਵਾਲਾ ਨਹੀਂ, ਸਗੋਂ ਨਦਰ ਵਾਲਾ ਹੈ, ਅਥਾਹ ਪ੍ਰੇਮ ਵਾਲਾ ਨਿਆਂ ਹੈ। ਹੁਕਮ ਦੀ ਖੇਡ ਵਿਚ ਹੀ ਪ੍ਰੇਮ ਅਤੇ ਨਦਰ ਦੇ ਅੰਸ਼ ਸੰਮਿਲਤ ਹਨ ਕਿਉਂਕਿ ਇਕ ਪਾਸੇ ਉਸ ਦਾ ਹੁਕਮ ਅਟੱਲ ਹੈ, ਤਾਂ ਦੂਜੇ ਬੰਨ੍ਹੇ ਉਹ ਸਦਾ ਸਦਾ ਸਦਾ ਦਇਆਲ ਵੀ ਹੈ, ਬਖਸ਼ਣਹਾਰ ਵੀ ਹੈ। ਉਸ ਨੂੰ ਪਿਆਰ ਦੀ ਭਾਸ਼ਾ ਚੰਗੀ ਲਗਦੀ ਹੈ, ਅੰਮ੍ਰਿਤ ਵੇਲੇ, ਪ੍ਰਭਾਤ ਵੇਲੇ, ਪੂਰਨ ਖਿੜਾਉ ਦੇ ਸਮੇਂ ਪਿਆਰ ਰਸ ਨਾਲ ਭਰਪੂਰ ਹੋ ਕੇ ਉਸ ਦਾ ਨਾਮ ਜਪੀਏ, ਵਡਿਆਈਆਂ ਦੀ ਵੀਚਾਰ ਕਰੀਏ ਤਾਂ ਹਰ ਥਾਂ ਭਰਪੂਰ ਪਿਆਰ ਸਰੂਪ ਪ੍ਰਮਾਤਮਾ ਦੀ ਨਦਰ ਦੇ ਪਾਤਰ ਬਣੀਦਾ ਹੈ। ਫੁਰਮਾਨ ਹੈ –

*ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ॥*
*ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ॥*
*ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ॥*
*ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ॥*
*ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥*
*ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ॥*
*ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ॥*
*ਪੰਨਾ - 2*

ਅਗਲੀ ਪੰਜਵੀਂ ਪਉੜੀ ਵਿਚ ਇਸੇ ਭਾਵ ਨੂੰ ਮੁੜ ਦ੍ਰਿੜ੍ਹ ਕੀਤਾ ਹੈ ਕਿ ਪ੍ਰਭਾਤ ਵੇਲੇ ਮਿਹਰਵਾਨ ਪ੍ਰਭੂ ਦੇ ਗੁਣਾਂ ਦਾ ਗਾਇਨ ਕਰੈ, ਸੁਰਤਿ ਟਿਕਾ ਕੇ ਸੁਣੋ ਅਤੇ ਹਿਰਦੇ ਵਿਚ ਉਸ ਦਾ ਪ੍ਰੇਮ ਟਿਕਾਈਏ। ਗੁਰੂ ਜੀ ਇਹ ਸੋਝੀ ਬਖਸ਼ਿਸ਼ ਕਰਦੇ ਹਨ ਕਿ ਉਹ ਵਾਹਿਗੁਰੂ ਨਿਰਲੇਪ ਹੈ ਅਤੇ ਸਭ ਥਾਂਈ ਭਰਪੂਰ ਹੈ। ਕਿਸੇ ਇਕ ਥਾਂ ਥਾਪਿਆ ਜਾਂ ਟਿਕਾਇਆ ਜਾਂ ਬਣਾਇਆ ਨਹੀਂ ਜਾ ਸਕਦਾ। ਪਿਆਰ ਭਾਵਨਾ ਵਿਚ ਗਾਇਨ ਕਰਨ ਅਤੇ ਸੁਣਨ ਦਾ ਇਹ ਲਾਭ ਹੈ ਕਿ ਸਾਰੇ ਦੁਖਾਂ ਦਾ ਵਿਨਾਸ਼ ਹੋ ਜਾਂਦਾ ਹੈ ਅਤੇ ਸੁਖਾਂ ਦੀ ਪ੍ਰਾਪਤੀ ਹੋ ਜਾਂਦੀ ਹੈ।

ਇਹ ਵਿਸ਼ਵਾਸ਼ ਦ੍ਰਿੜ੍ਹ ਹੋਣਾ ਜ਼ਰੂਰੀ ਹੈ ਕਿ ਗੁਰੂ ਹੀ ਗਿਆਨਦਾਤਾ ਹੈ, ਗੁਰੂ ਹੀ ਸ਼ਿਵ ਹੈ, ਗੁਰੂ ਹੀ ਗੋਰਖ, ਬ੍ਰਹਮਾ ਅਤੇ ਮਾਈ ਪਾਰਬਤੀ ਹੈ। ਗੁਰੂ ਤੋਂ ਬਿਨਾਂ ਹੋਰ ਕਿਸੇ ਦੀ ਅਰਾਧਨਾ ਦੀ ਲੋੜ ਨਹੀਂ ਰਹਿੰਦੀ। ਉਸ ਨੂੰ ਅੰਮ੍ਰਿਤ ਵੇਲੇ ਸਿਮਰਨਾ ਅਤੇ ਸਦਾ ਯਾਦ ਰਖਣਾ ਸਭ ਤੋਂ ਉਤਮ ਕਿਰਿਆ ਹੈ। ਫੁਰਮਾਨ ਹੈ –

*ਥਾਪਿਆ ਨ ਜਾਇ ਕੀਤਾ ਨ ਹੋਇ।*
*ਆਪੇ ਆਪਿ ਨਿਰੰਜਨੁ ਸੋਇ॥*
*ਜਿਨਿ ਸੇਵਿਆ ਤਿਨਿ ਪਾਇਆ ਮਾਨੁ॥*
*ਨਾਨਕ ਗਾਵੀਐ ਗੁਣੀ ਨਿਧਾਨੁ॥*
*ਗਾਵੀਐ ਸੁਣੀਐ ਮਨਿ ਰਖੀਐ ਭਾਉ॥*
*ਦੁਖੁ ਪਰਹਰਿ ਸੁਖੁ ਘਰਿ ਲੈ ਜਾਇ॥*
*ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ॥*
*ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ॥*
*ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ॥*
*ਗੁਰਾ ਇਕ ਦੇਹਿ ਬੁਝਾਈ॥*
*ਸਭਨਾ ਜੀਆ ਕਾ ਇਕੁ ਦਾਤਾ*
*ਸੋ ਮੈ ਵਿਸਰਿ ਨ ਜਾਈ॥* *ਪੰਨਾ - 2*

ਇਕ ਮਨ ਇਕ ਚਿਤ ਹੋ ਕੇ ਗੁਰੂ ਦੀ ਸਿਖਿਆ ਨੂੰ ਹੀ ਸੁਣਨਾ ਤੇ ਮੰਨਣਾ ਹੈ ਤੇ ਸੁਰਤਿ ਨੂੰ ਸ਼ਬਦ, ਨਾਮ ਵਿਚ ਜੋੜਨਾ ਹੈ। ਹੋਰ ਸਭ ਕਰਮ ਕਾਂਡ ਨਿਰਾਰਥਕ ਹਨ, ਤੀਰਥਾਂ ਦੇ ਇਸ਼ਨਾਨ ਉਸ ਨੂੰ ਭਾਉਂਦੇ ਨਹੀਂ, ਨਾ ਹੀ ਕੋਈ ਪ੍ਰਾਪਤੀ ਹੁੰਦੀ ਹੈ। ਸਭ ਕੁਝ ਸ਼ੁਭ ਕਰਮਾਂ ਅਤੇ ਉਸ ਦੀ

ਕ੍ਰਿਪਾ ਨਾਲ ਪ੍ਰਾਪਤ ਹੁੰਦਾ ਹੈ। ਕਰਮ ਕਾਂਡਾਂ ਵਿਚ ਵਿਅਰਥ ਸਮਾਂ ਤੇ ਸ਼ਕਤੀ ਨਸ਼ਟ ਕਰਨ ਦੀ ਥਾਂ ਗੁਰੂ ਦੀ ਸਿਖਿਆ ਸੁਣੀਏ ਤੇ ਮੰਨੀਏ, ਜਿਸ ਦੇ ਸੁਣਨ ਮੰਨਣ ਨਾਲ ਸ੍ਰੇਸ਼ਠ ਬੁੱਧੀ, ਉਤਮ ਮਤ ਪ੍ਰਕਾਸ਼ਮਾਨ ਹੁੰਦੀ ਹੈ ਰਤਨ, ਜਵਾਹਰ, ਮੋਤੀਆਂ ਵਰਗੇ ਕਿੰਨੇ ਕੀਮਤੀ ਗੁਣ ਪੈਦਾ ਹੁੰਦੇ ਹਨ। ਫੁਰਮਾਨ ਹੈ –

*ਤੀਰਥ ਨਾਵਾ ਜੇ ਤਿਸੁ ਭਾਵਾ*
*ਵਿਣੁ ਭਾਣੇ ਕਿ ਨਾਇ ਕਰੀ॥*
*ਜੇਤੀ ਸਿਰਠਿ ਉਪਾਈ ਵੇਖਾ*
*ਵਿਣੁ ਕਰਮਾ ਕਿ ਮਿਲੈ ਲਈ॥*
*ਮਤਿ ਵਿਚਿ ਰਤਨ ਜਵਾਹਰ ਮਾਣਿਕ*
*ਜੇ ਇਕ ਗੁਰ ਕੀ ਸਿਖ ਸੁਣੀ॥*
*ਗੁਰਾ ਇਕ ਦੇਹਿ ਬੁਝਾਈ॥*
*ਸਭਨਾ ਜੀਆ ਕਾ ਇਕੁ ਦਾਤਾ*
*ਸੋ ਮੈ ਵਿਸਰਿ ਨ ਜਾਈ॥* *ਪੰਨਾ - 2*

ਨਾ ਕਰਮਕਾਂਡਾ ਰਾਹੀਂ, ਨਾ ਹੀ ਯੋਗ ਅਭਿਆਸਾਂ ਰਾਹੀਂ, ਲੰਮੀ ਉਮਰਾ ਕਰ ਲੈਣੀ ਜਾਂ ਵੱਡੀ ਮਾਨਤਾ ਪ੍ਰਾਪਤ ਕਰ ਲੈਣੀ ਪ੍ਰਭੂ ਪ੍ਰਾਪਤੀ ਲਈ ਲਾਹੇਮੰਦ ਹੈ। ਉਸ ਦੀ ਨਦਰ ਦੇ ਪਾਤਰ ਬਣਨਾ ਅਸਲ ਪ੍ਰਾਪਤੀ ਹੈ ਜੋ ਨਾਮ-ਸਿਮਰਨ ਨਾਲ, ਹਉਮੈ ਰਹਿਤ ਹੋ ਕੇ ਹੁਕਮ ਵਿਚ ਚਲਣ ਨਾਲ ਪ੍ਰਾਪਤ ਹੁੰਦੀ ਹੈ –

*ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ॥*
*ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ॥*
*ਚੰਗਾ ਨਾਉ ਰਖਾਇ ਕੈ ਜਸੁ ਕੀਰਤਿ ਜਗਿ ਲੇਇ॥*
*ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ॥*
*ਕੀਟਾ ਅੰਦਰਿ ਕੀਟੁ ਕਰਿ ਦੋਸੀ ਦੋਸੁ ਧਰੇ॥*
*ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣੁ ਦੇ॥*
*ਤੇਹਾ ਕੋਇ ਨ ਸੁਝਈ ਜਿ ਤਿਸੁ ਗੁਣੁ ਕੋਇ ਕਰੇ॥*
*ਪੰਨਾ - 2*

ਇਸ ਦੇ ਅੱਗੇ ਨਾਮ ਦੇ 'ਸੁਣਨ' 'ਮੰਨਣ' ਅਤੇ 'ਨਿਧਿਆਸਣ' ਦਾ ਬਖਾਨ ਹੈ ਜੋ ਅਗਲੇ ਮਹੀਨੇ ਆਪ ਜੀ ਪਾਠਕਾਂ ਨਾਲ ਸਾਂਝਾਂ ਕਰਨ ਦੀ ਖੁਸ਼ੀ ਲਵਾਂਗੇ।

'ਆਤਮ ਮਾਰਗ' ਰਾਹੀਂ ਆਪ ਜੀ ਦੀ ਸੇਵਾ ਵਿਚ ਮਹਾਂਪੁਰਸ਼ਾਂ ਦੇ ਪ੍ਰਵਚਨ ਨਿਰੰਤਰ ਛਪ ਰਹੇ ਹਨ, ਐਸੇ ਪ੍ਰਵਚਨ ਜੋ ਜੀਵਨ ਨੂੰ ਨਵੀਂ ਦਿਸ਼ਾ ਬਖਸ਼ਦੇ ਹਨ, ਜੀਵਨ ਬਦਲ ਦੇਣ ਦੀ ਸਮਰੱਥਾ ਰਖਦੇ ਹਨ। ਭਾਈ ਸਾਹਿਬ ਵੀਰ ਸਿੰਘ ਜੀ, ਭਾਈ ਸਾਹਿਬ ਰਘਬੀਰ ਸਿੰਘ 'ਬੀਰ' ਅਤੇ ਸਵਾਮੀ ਰਾਮ ਜੀ ਦੇ ਮਹਾਨ ਵੀਚਾਰ ਹਾਜ਼ਰ ਹਨ, ਜਿਨ੍ਹਾਂ ਨੇ ਜ਼ਿੰਦਗੀ ਦੇ ਸਹੀ ਲਕਸ਼ ਨੂੰ ਪਛਾਣਿਆ ਹੈ, ਪ੍ਰਭੂ ਦੀ ਨਿਕਟਤਾ ਮਾਣੀ ਹੈ ਅਤੇ ਆਪਣੇ ਅਨੁਭਵ ਵਿਚੋਂ ਅਨਮੋਲ ਮੋਤੀ ਆਪ ਜੀ ਲਈ ਹਾਜ਼ਰ ਕੀਤੇ ਹਨ। ਆਸ ਹੈ ਆਪ ਜੀ ਨੂੰ ਆਤਮ ਮਾਰਗ ਦਾ ਹਰ ਪੰਨਾ, ਹਰ ਸਤੱਰ, ਹਰ ਸ਼ਬਦ ਟੁੰਬੇਗਾ ਤੇ ਜੀਵਨ ਨੂੰ ਸੁਹਿਰਦ, ਮਿੱਠਾ, ਅਨੰਦਮਈ ਬਣਾਉਣ ਵਿਚ ਸਹਾਇਕ ਸਿੱਧ ਹੋਵੇਗਾ। ਦੋਸਤਾਂ ਮਿੱਤਰਾਂ ਸਨਬੰਧੀਆਂ ਨੂੰ ਵੀ ਇਸ ਅਨਮੋਲ ਖਜ਼ਾਨੇ ਨਾਲ ਜੋੜ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੀਏ।

(ਪੰਨਾ 4 ਦੀ ਬਾਕੀ)

*ਕੂੜ ਗਏ ਦੁਬਿਧਾ ਨਸੀ ਪੂਰਨ ਸਚਿ ਭਰੇ॥*
*ਪਾਰਬ੍ਰਹਮੁ ਪ੍ਰਭੁ ਸੇਵਦੇ ਮਨ ਅੰਦਰਿ ਏਕੁ ਧਰੇ॥*
*ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ॥*
*ਨਾਨਕੁ ਮੰਗੈ ਦਰਸ ਦਾਨੁ ਕਿਰਪਾ ਕਰਹੁ ਹਰੇ॥*
*ਪੰਨਾ - 136*

ਅਰਥਾਤ ਸਾਰਾ ਸਮਾਂ, ਸਾਰੇ ਮਹੀਨੇ, ਸਾਰੇ ਦਿਨ ਤੇ ਰਾਤਾਂ, ਸਭ ਰੁੱਤਾਂ, ਸਭ ਘੜੀਆਂ ਤੇ ਪਲ ਪ੍ਰਭੂ ਦੀ ਸਿਫਤਿ ਸਾਲਾਹ ਕਰਨ ਲਈ, ਬਖਸ਼ਿਸ਼ ਹੋਏ ਹਨ, ਸਭ ਪਵਿੱਤਰ ਤੇ ਸ਼ੁਭ ਹਨ, ਨਾਮ ਜਪਣ ਲਈ ਹਨ। ਗੁਰੂ ਜੀ ਦਾ ਉਪਦੇਸ਼ ਹੈ –

*ਚਲਤ ਬੈਸਤ ਸੋਵਤ ਜਾਗਤ ਗੁਰਮੰਤ੍ਰੁ ਰਿਦੈ ਚਿਤਾਰਿ॥*
*ਪੰਨਾ-1006*

ਅਰਥਾਤ ਹਰ ਸਮੇਂ ਤੁਰਦਿਆਂ ਫਿਰਦਿਆਂ, ਉਠਦਿਆਂ ਬੈਠਦਿਆਂ, ਸੌਂਦਿਆਂ ਜਾਗਦਿਆਂ ਗੁਰੂ ਦਾ ਨਾਮ ਹਿਰਦੇ ਵਿਚ ਹੋਣਾ ਚਾਹੀਦਾ ਹੈ। ਇਸ ਬੰਦ ਵਿਚ ਨਿਰਣੇ ਵਜੋਂ ਦੱਸਿਆ ਹੈ ਕਿ ਜਿਸ ਜਿਸ ਮਨੁੱਖ ਨੇ ਪ੍ਰਮਾਤਮਾ ਦਾ ਨਾਮ ਜਪਿਆ ਹੈ, ਉਨ੍ਹਾਂ ਦੇ ਸਾਰੇ ਕਾਰਜ ਸਫਲ ਹੋ ਜਾਂਦੇ ਹਨ ***(ਜਿਨਿ ਜਿਨਿ ਨਾਮੁ ਧਿਆਇਆ ਤਿਨ ਕੇ ਕਾਜ ਸਰੇ)*** ਜਿਨ੍ਹਾਂ ਜਿਨ੍ਹਾਂ ਨੇ ਪ੍ਰਭੂ ਨੂੰ, ਪੂਰੇ ਗੁਰੂ ਨੂੰ ਆਰਾਧਿਆ ਹੈ, ਉਹ ਪ੍ਰਭੂ ਦੀ ਸੱਚੀ ਦਰਗਾਹ ਵਿਚ, ਹਜ਼ੂਰੀ ਵਿਚ ਸੁਰਖਰੂ ਹੁੰਦੇ ਹਨ। ਪ੍ਰਭੂ ਦੇ ਚਰਨ ਹੀ ਸਾਰੇ ਸੁਖਾਂ ਦਾ ਖਜ਼ਾਨਾ ਹਨ। ਜਿਹੜੇ ਜੀਵ ਪ੍ਰਭੂ ਦੇ ਚਰਨਾਂ ਨਾਲ ਜੁੜ ਜਾਂਦੇ ਹਨ, ਉਹ ਬਿਖੜੇ ਸੰਸਾਰ ਸਮੁੰਦਰ ਤੋਂ ਸਹੀ ਸਲਾਮਤ ਪਾਰ ਲੰਘ ਜਾਂਦੇ ਹਨ, ਉਨ੍ਹਾਂ ਨੂੰ ਪ੍ਰਭੂ ਦਾ ਪਿਆਰ, ਪ੍ਰਭੂ ਦੀ ਭਗਤੀ ਪ੍ਰਾਪਤ ਹੁੰਦੀ ਹੈ ਅਤੇ ਉਹ ਕਦੀ ਵੀ ਮਾਇਆ ਦੀ ਤ੍ਰਿਸ਼ਨਾ-ਅਗਨੀ ਵਿਚ ਨਹੀਂ ਜਲਦੇ। ਨਾਮ ਜਪਣ ਵਾਲਿਆਂ ਦੇ ਵਿਅਰਥ ਝੂਠੇ ਲਾਲਚ ਖਤਮ ਹੋ ਜਾਂਦੇ ਹਨ, ਉਨ੍ਹਾਂ ਦੇ ਮਨ ਦੀ ਭਟਕਣਾ ਦੂਰ ਹੋ ਜਾਂਦੀ ਹੈ, ਉਹ ਪੂਰਨ ਤੌਰ ਤੇ ਇਕ ਪ੍ਰਭੂ ਦੀ ਟੇਕ ਵਿਚ ਟਿਕ ਜਾਂਦੇ ਹਨ ਅਤੇ ਆਪਣੇ ਮਨ ਵਿਚ ਇਕੋ ਪਰਮ ਜੋਤਿ ਪ੍ਰਮਾਤਮਾ ਨੂੰ ਵਸਾ ਕੇ ਸਦਾ ਉਸ ਨੂੰ ਸਿਮਰਦੇ ਰਹਿੰਦੇ ਹਨ। ਬੰਦ ਦੇ ਅੰਤ ਵਿਚ ਮਹਾਰਾਜ ਜੀ ਦਸਦੇ ਹਨ ਕਿ ਉਨ੍ਹਾਂ ਜੀਵ-ਇਸਤ੍ਰੀਆਂ ਲਈ ਸਾਰਾ ਸਮਾਂ, ਸਾਰੇ ਮਹੀਨੇ, ਸਭ ਦਿਨ, ਸਾਰੇ ਹੀ ਮਹੂਰਤ ਸ਼ੁਭ ਤੇ ਸੁਲੱਖਣੇ ਹਨ ਜਿਨ੍ਹਾਂ ਉਤੇ ਪ੍ਰਭੂ ਦੀ ਮਿਹਰ ਦ੍ਰਿਸ਼ਟੀ ਹੁੰਦੀ ਹੈ। ਗੁਰੂ ਜੀ ਵੀ ਪ੍ਰਭੂ ਅੱਗੇ ਬੇਨਤੀ ਕਰਦੇ ਹਨ ਕਿ ਹੇ ਪ੍ਰਭੂ! ਮੇਰੇ ਤੇ ਵੀ ਮਿਹਰ ਕਰ, ਮੈਂ ਵੀ ਤੇਰੇ ਦਰ ਤੋਂ ਤੇਰੇ ਦਰਸ਼ਨਾਂ ਦੀ ਦਾਤਿ ਮੰਗਦਾ ਹਾਂ। ਇਹੋ ਸਾਡੀ ਸਭ ਜਗਿਆਸੂਆਂ ਦੀ ਅਰਦਾਸ ਹੋਣੀ ਚਾਹੀਦੀ ਹੈ।

# ਆਵੈ ਅੰਤੁ ਨ ਭਜਿਆ ਜਾਈ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ।*

ਸ਼ਾਨ ......................................।

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਪੰਨਾ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਪੰਨਾ - 289*

*ਭਾਵ ਅਰਥ - ਲੇਖੇ ਵਿਚ ਲਾ ਲਓ ਜੀ,*
*ਜਨਮ ਤੁਮਾਰੇ ਲੇਖੇ।*

*ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ*
*ਅਬ ਪਤੀਆਰੁ ਕਿਆ ਕੀਜੈ॥*
*ਬਚਨੀ ਤੋਰ ਮੋਰ ਮਨੁ ਮਾਨੈ ਜਨ ਕਉ ਪੂਰਨੁ ਦੀਜੈ॥*
*ਹਉ ਬਲਿ ਬਲਿ ਜਾਉ ਰਮਈਆ ਕਾਰਨੇ॥*
*ਕਾਰਨ ਕਵਨ ਅਬੋਲ॥ ਪੰਨਾ - 386*

*ਹਉ ਅਪਰਾਧੀ ਗੁਨਹਗਾਰੁ ਹਉ ਬੇਮੁਖ ਮੰਦਾ।*
*ਚੋਰੁ ਯਾਰੁ ਜੁਆਰਿ ਹਉ ਪਰ ਘਰਿ ਜੋਹੰਦਾ।*
*ਨਿੰਦਕੁ ਦੁਸਟੁ ਹਰਾਮਖੋਰੁ ਠਗੁ ਦੇਸ ਠਗੰਦਾ।*
*ਕਾਮ ਕ੍ਰੋਧ ਮਦੁ ਲੋਭੁ ਮੋਹੁ ਅਹੰਕਾਰ ਕਰੰਦਾ।*
*ਬਿਸਾਸਘਾਤੀ ਅਕਿਰਤਘਨ ਮੈ ਕੋ ਨ ਰਖੰਦਾ।*
*ਸਿਮਰਿ ਮੁਰੀਦਾ ਢਾਢੀਆ ਸਤਿਗੁਰੁ ਬਖਸੰਦਾ॥*
*ਭਾਈ ਗੁਰਦਾਸ ਜੀ ਦੀ ਵਾਰ 38/21*

*ਹਉ ਬਲਿ ਬਲਿ ਜਾਉ ਰਮਈਆ ਕਾਰਨੇ।।*
*ਕਾਰਨ ਕਵਨ ਅਬੋਲ॥*
*ਬਹੁਤ ਜਨਮ ਬਿਛੁਰੇ ਥੇ ਮਾਥਉ*
*ਇਹੁ ਜਨਮੁ ਤੁਮ੍ਾਰੇ ਲੇਖੇ॥*
*ਕਹਿ ਰਵਿਦਾਸ ਆਸ ਲਗਿ ਜੀਵਉ*
*ਚਿਰ ਭਇਓ ਦਰਸਨੁ ਦੇਖੇ॥ ਪੰਨਾ - 694*

*ਕਈ ਜਨਮ ਭਏ ਕੀਟ ਪਤੰਗਾ॥*
*ਕਈ ਜਨਮ ਗਜ ਮੀਨ ਕੁਰੰਗਾ॥*
*ਕਈ ਜਨਮ ਪੰਖੀ ਸਰਪ ਹੋਇਓ॥*
*ਕਈ ਜਨਮ ਹੈਵਰ ਬ੍ਰਿਖ ਜੋਇਓ॥ ਪੰਨਾ - 176*

*ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ॥*
*ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ॥*
*ਪੰਨਾ - 156*

ਸਾਧ ਸੰਗਤ ਜੀ! ਗਜ ਕੇ ਬੋਲੋ ਸਤਿਨਾਮ ਸ੍ਰੀ ਵਾਹਿਗੁਰੂ, ਚਿਤ ਬਿਰਤੀਆਂ ਇਕਾਗਰ ਕਰੋ, ਗੁਰੂ ਦੇ ਦਰਬਾਰ 'ਚ ਪਹੁੰਚੇ ਹਾਂ, ਬੜਾ ਲੰਬਾ ਸਫਰ ਕੱਟਿਆ ਸਭ ਨੇ, ਇਕਨਾ ਦੇ ਯਾਦ ਹੈ, ਇਕਨਾ ਦੇ ਯਾਦ ਨਹੀਂ ਹੈ। ਇਕਨਾ ਨੂੰ ਦੂਸਰਿਆਂ ਨਾਲ ਬੀਤਦੀ ਦੇਖ ਕੇ ਯਾਦ ਆ ਜਾਂਦੈ ਕਿ ਇਹ ਹਾਲ ਮੇਰੇ ਨਾਲ ਵੀ ਹੋਵੇਗਾ।

*ਕਹਤ ਕਬੀਰ ਸੁਨਹੁ ਮਨ ਮੇਰੇ॥*
*ਇਹੀ ਹਵਾਲ ਹੋਹਿਗੇ ਤੇਰੇ॥ ਪੰਨਾ - 330*

ਜਿਹੜੇ ਤੂੰ ਦੁਨੀਆਂ ਦੇ ਅੰਦਰ ਦੇਖ ਰਿਹਾ ਜੀਵ ਜੰਤੂਆਂ ਨਾਲ, ਛੋਟੀਆਂ ਨਖਿੱਧ ਜੂਨੀਆਂ, ਸੱਪ ਨੇ, ਠੂੰਏ ਨੇ, ਚੂਹੇ ਵਗੈਰਾ ਨੇ ਧਰਤੀ ਖੁੱਡਾਂ 'ਚ ਰਹਿਣ ਵਾਲੇ, ਕੀੜੇ ਮਕੋੜੇ ਇਹਨਾਂ ਵਰਗਾ ਤੂੰ ਹੋ ਜਾਏਂਗਾ। ਜੇ ਨਾ ਸੰਭਲਿਆ ਤੂੰ, ਵਾਰੀ ਆ ਗਈ ਹੈ।

*ਮਿਲੁ ਜਗਦੀਸ ਮਿਲਨ ਕੀ ਬਰੀਆ॥*
*ਚਿਰੰਕਾਲ ਇਹ ਦੇਹ ਸੰਜਰੀਆ॥ ਪੰਨਾ - 176*

ਪਰ ਪਤਾ ਨਹੀਂ ਇਸ ਮਨੁੱਖ ਨੂੰ ਕੀ ਹੋਇਆ। ਖਾਨਾ ਜਿਹੜਾ ਸੋਚ ਦਾ ਤੇ ਮਹਿਸੂਸ ਕਰਨ ਵਾਲਾ ਉਹ ਇਕ ਤਰ੍ਹਾਂ ਨਾਲ ਬੰਦ ਹੋਇਆ ਪਿਐ ਬੋਲਾ ਹੋਇਆ ਪਿਐ, ਅੰਨਾ ਹੋਇਆ ਪਿਐ, ਦੋਵੇਂ ਚੀਜ਼ਾਂ ਹੋਣ ਤਾਂ ਬੋਲੇ ਨੂੰ ਸੁਣਦਾ ਨਹੀਂ, ਅੰਨੇ ਨੂੰ ਦਿਸਦਾ ਕੁਝ ਨਹੀਂ।

ਮਹਾਰਾਜ ਕਹਿੰਦੇ ਮਾਇਆ ਨਾਲ ਪਿਆਰ, ਬਾਲ ਬੱਚਿਆਂ ਜ਼ਮੀਨਾਂ, ਜਾਇਦਾਦਾਂ, ਬੇਅੰਤ ਚੀਜ਼ਾਂ ਵਾਹਿਗੁਰੂ ਤੋਂ ਬਗੈਰ ਜਿੰਨੀਆਂ ਚੀਜ਼ਾਂ ਉਹਨਾਂ ਸਭਨਾਂ ਨੂੰ ਮਾਇਆ ਕਹਿੰਦੇ ਨੇ। ਉਹਦੇ ਨਾਲ ਪਿਆਰ ਪਾ ਕੇ ਅੰਨ੍ਹਾ ਤੇ ਬੋਲਾ ਹੋ ਗਿਆ, ਕਿਉਂਕਿ ਉਹਦਾ ਕੰਮ ਹੀ ਇਹੀ ਹੈ ਕਿ ਜੀਵ ਨੂੰ ਅੰਨ੍ਹਾ ਕਰ ਦੇਣਾ ਤੇ ਬੋਲਾ ਕਰ ਦੇਣਾ। ਕਰਨਾ ਕਿੰਨਾ, ਡਿਗਰੀ ਨਹੀਂ ਕੋਈ ਹੁੰਦੀ। ਆਹ ਮੇਰੇ ਕੰਨ ਦੁਖਣ ਲੱਗੇ ਸੀ, ਡਾਕਟਰ ਪਾਸ ਗਿਆ, ਉਹਦੇ ਕੋਲ ਇਕ ਮਸ਼ੀਨ ਸੀ, ਉਸ ਮਸ਼ੀਨ ਤੇ ਨੰਬਰ ਆਈ ਜਾਂਦੇ ਸੀ ਆਪੇ, ਮੈਨੂੰ ਉਸਨੇ ਕਿਹਾ ਕਿ ਜਦ ਤੁਹਾਨੂੰ ਸੁਣੇਗਾ, ਤੁਸੀਂ ਦੱਸ ਦਿਓ। ਮੈਂ ਦੱਸੀਂ ਜਾਂਦਾ ਸੀ ਕਿ ਹੁਣ ਸੁਣਦਾ ਹੈ, ਉਹਨੇ ਇਕ ਗ੍ਰਾਫ ਬਣਾ ਦਿੱਤਾ। ਸਾਰੇ ਕੰਨ ਦੇ ਸਰਕਲ ਦਾ ਗ੍ਰਾਫ ਬਣਾ ਕੇ ਕਹਿਣ ਲੱਗਿਆ ਕਿ ਇਸ ਤੋਂ ਤਾਂ 60% ਸੁਣਦਾ ਹੈ, ਇਥੋਂ 40% ਸੁਣਦਾ ਹੈ, ਇਸ ਪਾਸਿਓ 20% ਸੁਣਦਾ, ਹੇਠਲੇ ਪਾਸੇ ਜਾ ਕੇ ਉਹਨੇ ਕਿਹਾ ਕਿ ਇਥੇ ਜ਼ੀਰੋ ਹੈ, ਇਥੋਂ ਨਹੀਂ ਸੁਣਦਾ ਕੁਝ, ਇਥੋਂ ਬੰਦ ਹੋ ਗਿਆ। ਉਹਨੂੰ ਅਤੀ ਕਹਿੰਦੇ ਨੇ ਜਦ ਸੁਣਨ ਤੋਂ ਹੱਟ ਜਾਏ, ਕਿਸੇ ਨੂੰ ਥੋੜ੍ਹਾ ਜਿਹਾ ਸੁਣਦਾ, ਕਿਸੇ ਨੂੰ ਉਸ ਤੋਂ ਜਿਆਦਾ ਸੁਣਦਾ ਹੈ, ਕੋਈ ਐਸਾ ਜਿਸਨੂੰ ਬਹੁਤ ਜ਼ਿਆਦਾ ਸੁਣਦਾ। ਜਦੋਂ ਸੁਣਦਾ ਤਾਂ ਉਹ ਗੱਲ ਹਿਰਦੇ 'ਚ ਜਾਂਦੀ ਹੈ। ਹਿਰਦੇ 'ਚ ਜਾਂਦੀ ਹੈ ਤਾਂ ਵਿਚਾਰਵਾਨ ਪੁਰਸ਼ ਉਸਨੂੰ ਮੰਨ ਜਾਇਆ ਕਰਦੇ ਨੇ। ਜਦ ਤੱਕ ਮਨ ਨਹੀਂ ਸਕਦਾ ਓਨੀ ਦੇਰ ਤੱਕ ਕੰਮ ਨਹੀਂ ਸ਼ੁੱਧ ਹੋਇਆ ਕਰਦਾ। ਪਹਿਲਾਂ ਮੰਨ ਨੂੰ ਨਾਲ ਲੈਣਾ ਪੈਂਦਾ ਹੈ।

*ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ॥*
*ਮਨ ਹੀ ਮਨ ਸਿਉ ਕਹੈ ਕਬੀਰਾ ਮਨ ਸਾ ਮਿਲਿਆ ਨ ਕੋਇ॥*
*ਪੰਨਾ - 342*

ਸਾਡਾ ਜਿੰਨਾ ਵਾਹ ਹੈ ਸਾਰਾ ਉਹ ਮਨ ਨਾਲ ਹੈ, ਜੇ ਮਨ ਹੀ ਅੰਨ੍ਹਾ ਬੋਲਾ ਹੋਇਆ ਪਿਆ ਹੋਵੇ –

*ਮਾਇਆਧਾਰੀ ਅਤਿ ਅੰਨਾ ਬੋਲਾ॥*
*ਸਬਦੁ ਨ ਸੁਣਈ ਬਹੁ ਰੋਲ ਘਚੋਲਾ॥ ਪੰਨਾ - 313*

ਜੇ ਅੰਦਰ ਰੌਲਾ-ਘਚੋਲਾ ਮਚਿਆ ਹੋਇਆ ਹੋਵੇ ਤਾਂ ਉਸ ਨੂੰ ਸ਼ਬਦ ਨਹੀਂ ਸੁਣਦਾ, ਕਹਿੰਦੇ ਕਿੰਨਾ ਉੱਚਾ, ਕਹਿੰਦੇ ਕਿੰਨਾ ਹੀ ਭਾਵੇਂ ਉਚਾ ਕਰ ਲੈ –

*ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ॥*
*ਪੰਨਾ - 1379*

ਕੂਕ ਮਾਰੇ ਕੋਈ, ਫਰਲਾਂਗਾ ਤੱਕ ਸੁਣ ਜਾਂਦੀ ਹੈ, ਚੀਕ ਮਾਰੇ ਕੋਈ ਫਰਲਾਂਗਾ ਤੱਕ ਸੁਣ ਜਾਂਦੀ ਹੈ। ਕਹਿੰਦੇ ਇੰਨਾ ਉਚਾ ਬੋਲ ਬੋਲ ਕੇ ਸੰਤ ਤੁਹਾਨੂੰ ਦੱਸਦੇ ਨੇ, ਫਿਰ ਨਾਲ ਕੁਮੱਤ ਨਹੀਂ ਦਿੰਦੇ, ਇਹ ਨਹੀਂ ਕਹਿੰਦੇ ਕਿ ਸ਼ਰਾਬ ਪੀ ਲੈ, ਜੂਆ ਖੇਲ ਲੈ, ਧੋਖਾ ਦੇ ਦੇ, ਗ਼ਬਨ ਕਰ ਲੈ, ਕਦੇ ਨਹੀਂ ਸੰਤ ਗਲਤ ਸਿਖਿਆ ਦਿੰਦੇ। ਨਿੱਤ ਮੱਤਾਂ ਦੇਂਦੇ ਨੇ, ਚਾਰੇ ਵੇਦ, ਛੇ ਸਾਸ਼ਤਰ, 27 ਸਿਮਰਤੀਆਂ, ਉਪਨਿਸ਼ਦਾਂ ਸਾਰੇ ਧਰਮ ਗ੍ਰੰਥ, ਕੁਰਾਨ ਸ਼ਰੀਫ, ਅੰਜੀਲ, ਬਾਈਬਲ ਹੋਰ ਅਨੇਕਾਂ ਮਹਾਤਮਾਂ ਦੀਆਂ ਲਿਖੀਆਂ ਹੋਈਆਂ ਪੁਸਤਕਾਂ ਤੇ ਉਹਨਾਂ ਦੇ ਬਚਨ ਗੁਰੂ ਗ੍ਰੰਥ ਸਾਹਿਬ ਮਹਾਰਾਜ। ਪਰ ਕਰਿਆ ਕੀ ਜਾਵੇ?

*ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ॥*
*ਪੰਨਾ - 1379*

ਜਿਹੜਾ ਅੰਨਾ ਬੋਲਾ ਹੋ ਗਿਆ, ਉਹ ਚਿਤ ਨਹੀਂ ਫੇਰਦਾ, ਉਹਨੂੰ ਸੁਣਦਾ ਨਹੀਂ ਹੈ, ਉਹਦੇ ਅੰਦਰ ਕੋਈ ਐਸੀ ਚੀਜ਼ ਲੱਗੀ ਹੋਈ ਹੈ, ਸਤਿਸੰਗ ਜਿਥੇ ਹੁੰਦਾ ਹੋਵੇ ਉਹਦੇ ਨੇੜੇ ਦੀ ਲੰਘਣਾ ਵੀ ਉਹਨੂੰ ਇਉਂ ਲੱਗਦੈ ਜਿਵੇਂ ਬਿਛੂ ਡੰਗ ਮਾਰਦਾ। ਉਹ ਪਰਮੇਸ਼ਰ ਦਾ ਭੁਲਾਇਆ ਹੋਇਆ ਬੰਦਾ ਹੁੰਦੈ। ਉਹ ਸੰਤਾਂ ਦੀ ਨਿੰਦਿਆ ਕਰਦਾ, ਭਲੇ ਪੁਰਸ਼ਾਂ ਦੀ ਨਿੰਦਿਆ ਕਰਦਾ, ਤੇ ਵਿਕਾਰਾਂ ਦੀ ਸਲਾਹਣਾ ਕਰਦਾ ਤੇ ਕੁੰਭੀ ਨਰਕ ਵਿਚ ਵੱਸਣ ਵਾਸਤੇ ਤਿਆਰੀ ਕਰਦੈ ਕਿਉਂਕਿ ਇਹ ਸਿਖਿਆ ਨਹੀਂ ਦਿੰਦੇ। ਕਿਆ ਕਰਿਆ ਜਾਵੇ ਕਹਿੰਦੇ।

ਅਖੀਰ ਸੋਝੀਵਾਨ ਜੋ ਜਗਿਆਸੂ ਹੈ ਉਹਦੇ ਮਨ ਵਿਚ ਅਰਦਾਸ ਹੈ ਹੇ ਪ੍ਰਭੂ! ਹੁਣ ਤਾਂ ਲੇਖੇ 'ਚ ਲਾ ਲਓ, ਹੁਣ ਚੁੱਪ ਕਿਉਂ ਹੋ ਤੁਸੀਂ।

*ਹਉ ਬਲਿ ਬਲਿ ਜਾਉ ਰਮਈਆ ਕਾਰਨੇ॥*
*ਕਾਰਨ ਕਵਨ ਅਬੋਲ॥ ਪੰਨਾ - 694*

ਕਹਿੰਦੇ ਤੈਨੂੰ ਬਲਾਉਣ ਦੀ ਜਾਂਚ ਨਹੀਂ ਤਾਂ ਮੈਂ ਨਹੀਂ ਬੋਲਦਾ, ਤੂੰ ਬੁਲਾਉਂਦਾ ਹੀ ਨਹੀਂ ਤੇ ਮੈਂ ਕੀ ਬੋਲਣੈ, ਮੈਂ ਤੇਰੇ ਕੋਲ ਹਾਂ, ਨਾਲ ਰਹਿੰਦਾ ਹਾਂ। ਕਿੰਨਾ ਕੁ ਨਾਲ ਰਹਿੰਦੇ ਹੋ? ਕਹਿੰਦੇ ਮੰਜੇ ਤੇ ਪੈਂਦਾ ਹੈਂ ਨਾ? ਕਹਿੰਦੇ, ਹਾਂ! ਮੈਂ ਤੇਰੇ ਨਾਲ ਹੀ ਪਿਆ ਹੁੰਦਾ। ਇਸ ਤੋਂ ਜਿਆਦਾ ਮੈਂ ਕੀ ਦੱਸਾਂ, ਮੈਂ ਤੇਰੇ ਅੰਦਰ ਨਾਲ ਹੀ ਹੁੰਦਾ, ਰੋਟੀ ਖਾਂਦਾ ਹਾਂ। ਕਹਿੰਦਾ ਇਹ ਬੜੀ ਅੱਛੀ ਹੈ, ਉਹ ਮੇਰੀ ਤਾਕਤ ਨਾਲ ਹੀ ਕਹਿੰਦਾ ਹੈ, ਅੱਖਾਂ ਨਾਲ ਕੋਈ ਚੀਜ਼ ਦੇਖਦੈ, ਕਹਿੰਦਾ, ਏ ਬਹੁਤ ਸੁੰਦਰ ਚੀਜ਼ਾਂ ਨੇ। ਉਹ ਮੈਂ ਹੀ ਦਿਖਾਉਂਦਾ ਹਾਂ, ਮੇਰੀ ਹੀ ਤਾਕਤ ਹੁੰਦੀ ਹੈ, ਕਹਿੰਦਾ ਮੇਰੇ ਵਿਚ ਕੋਈ ਤਾਕਤ ਨਹੀਂ? ਨਹੀਂ, ਤੇਰੇ ਵਿਚ ਕੋਈ ਤਾਕਤ ਨਹੀਂ। ਕੁਝ ਵੀ ਨਹੀਂ ਹੈ –

*ਇਸ ਕਾ ਬਲੁ ਨਾਹੀ ਇਸੁ ਹਾਥ॥*
*ਕਰਨ ਕਰਾਵਨ ਸਰਬ ਕੋ ਨਾਥ॥ ਪੰਨਾ - 277*

ਤੂੰ ਤਾਂ ਪੈਰ ਵੀ ਨਹੀਂ ਪੱਟ ਸਕਦਾ, ਜੇ ਮੇਰੀ ਕਿਰਪਾ ਨਾ ਹੋਵੇ। ਇਕ ਇਕ ਚੀਜ਼ ਧਰਤੀ ਤੋਂ ਚੁੱਕ ਨਹੀਂ ਸਕਦਾ ਜੇ ਮੇਰੀ ਕਿਰਪਾ ਨਾ ਹੋਵੇ। ਇਹ ਤਾਂ ਸਾਰੀ ਮੇਰੀ ਜੋਤੀ ਕੰਮ ਕਰ ਰਹੀ ਹੈ, ਜਦੋਂ ਮੈਂ ਜੋਤੀ ਖਿਚ ਲੈਂਦਾ ਹਾਂ, ਆਹ ਹੀ ਸਰੀਰ ਪਿਆ ਰਹਿੰਦੈ, ਤੂੰ ਤਾਂ ਹੈ ਹੀ ਨਹੀਂ ਕੁਝ। ਕਹਿੰਦਾ ਇੰਨਾ ਨੇੜੇ ਹਾਂ।

*ਧਨ ਪਿਰ ਕਾ ਇਕ ਹੀ ਸੰਗਿ ਵਾਸਾ*
*ਵਿਚਿ ਹਉਮੈ ਭੀਤਿ ਕਰਾਰੀ॥ ਪੰਨਾ - 1263*

ਕਹਿੰਦਾ ਫਿਰ ਪਤਾ ਨਹੀਂ ਲੱਗਦਾ। ਕਹਿੰਦੇ ਤੂੰ ਕਹਿੰਦਾ ਹੈਂ ਮੈਂ ਹਾਂ ਕਦੇ ਮਹਿਸੂਸ ਕਰਿਆ ਮੈਨੂੰ, ਆਪਣੇ ਆਪ ਨੂੰ ਮਹਿਸੂਸ ਕਰਦੈਂ। ਇਹ ਵਿਚ ਕੰਧ ਬਣ ਗਈ ਹਉਮੈ ਦੀ। ਹਉਮੈ ਦੀ ਕੰਧ ਬਣੀ ਹੋਈ ਹੈ। ਮੈਂ ਤੇਰੇ ਇੰਨਾ ਨਾਲ ਰਹਿੰਦਾ ਹਾਂ, ਲੇਕਿਨ ਤੂੰ ਮੈਨੂੰ ਸਦਾ ਹੀ ਭੁਲਿਆ ਰਹਿੰਦਾ ਹੈਂ, ਕਦੇ ਵੀ ਯਾਦ ਨਹੀਂ ਕਰਦਾ, ਲੇਕਿਨ ਜੇ ਯਾਦ ਕਰਨ ਵੀ ਲੱਗੇਂ ਵਾਹਿਗੁਰੂ, ਵਾਹਿਗੁਰੂ ਵਾਹਿਗੁਰੂ, ਰਾਮ-ਰਾਮ, ਰਾਮ-ਰਾਮ, ਅੱਲਾ-ਅੱਲਾ, ਅੱਲਾ-ਅੱਲਾ, ਗੋਬਿੰਦ-ਗੋਬਿੰਦ-ਗੋਬਿੰਦ ਕਰੀ ਜਾ। ਕਹਿੰਦੇ ਮੇਰੇ ਤਾਂਈ ਨਹੀਂ ਪਹੁੰਚਦੀ ਇਹ ਆਵਾਜ਼ ਕਿਉਂਕਿ ਮੇਰੇ ਨਾਲ ਤੇਰੀ ਸੁਰਤ ਨਹੀਂ ਜੁੜਦੀ। ਜਦ ਤੱਕ ਸੁਰਤ ਨਹੀਂ ਜੋੜਦਾ, ਉਨਾ ਚਿਰ ਮੇਰੇ ਕੋਲ ਨਹੀਂ ਗੱਲ ਪਹੁੰਚਦੀ। ਕਹਿੰਦੇ, ਜੇ ਮੇਰੇ ਨਾਲ ਸੁਰਤ ਜੁੜ ਜਾਵੇ ਤਾਂ ਇਕ ਵਾਰੀ ਹੀ ਕਿਹਾ ਬਹੁਤ ਹੈ, ਮੈਂ ਬੇਅੰਤ ਫਲ ਦਿੰਦਾ ਹਾਂ। ਜੀਭ ਨਾਲ ਤਾਂ ਤੂੰ 100 ਵਾਰੀ ਕਹਿ ਲੈ, 10 ਵਾਰੀ ਕਹਿ। ਕੰਠ ਨਾਲ 1 ਵਾਰੀ ਕਹੇਂਗਾ ਚਿੱਤ ਇਕਾਗਰ ਕਰਕੇ, 10 ਗੁਣਾ ਫਲ ਦਿੰਦਾ ਹਾਂ। ਹਿਰਦੇ 'ਚ ਭਾਵਨਾ ਲਿਆ ਕੇ ਜੇ ਤੂੰ ਇਕ ਵਾਰੀ ਕਹੇਂਗਾ ਜੀਭ ਦੇ 100 ਗੁਣਾ ਕਹਿਣ ਜਿੰਨਾ ਮੈਂ ਤੈਨੂੰ ਫਲ ਦਿੰਦਾ। ਅੰਤਰ ਮੁਖ ਹੋ ਕੇ ਮੈਨੂੰ ਸਨਮੁਖ ਜਾਣ ਕੇ ਇਕ ਵਾਰੀ ਵਾਹਿਗੁਰੂ ਕਹੇਗਾ ਤਾਂ 1000 ਗੁਣਾ ਕਹਿਣ ਜਿੰਨਾ ਫਲ ਮੈਂ ਤੈਨੂੰ ਦਿਆਂਗਾ। ਇਹਤੋਂ ਅੱਗੇ ਜੇ ਤੂੰ ਅਨਹਦ ਸ਼ਬਦ ਦੀ ਮੱਦਦ ਨਾਲ ਮੈਨੂੰ ਜਾਣ ਕੇ ਪਛਾਣ ਕੇ ਕਹੇਂਗਾ ਮੈਂ ਲੱਖ ਗੁਣਾ, ਕਰੋੜ ਗੁਣਾ, ਅਰਬਾਂ ਖਰਬਾਂ ਜਿੰਨਾ ਮੈਂ ਫਲ ਦਿੰਦਾ ਹਾਂ।

ਰਾਜਾ ਜਨਕ ਨੇ ਸਿਰਫ ਇਕ ਵਾਰੀ ਇਕ ਨਾਮ ਗਹਿਣੇ ਧਰ ਦਿੱਤਾ। ਬਈ ਮੈਂ ਇਕ ਵਾਰੀ ਬੋਲਾਂਗਾ, ਉਹਦਾ ਫਲ ਗਹਿਣੇ ਧਰ ਲਈਂ। ਇਕ ਵਾਰੀ ਉਸਨੇ ਪ੍ਰਮੇਸ਼ਰ ਦਾ ਨਾਮ ਲਿਆ ਤੇ ਸਾਰੇ ਨਰਕਾਂ ਦੇ ਜੀਵ ਜੰਤ ਸਾਰੇ ਜੀਵ ਜੰਤੂ ਛੁੱਟ ਗਏ, ਨਰਕ ਖਾਲੀ ਹੋ ਗਏ। ਕਹਿੰਦੇ ਇੰਨਾ ਫਲ ਦਿੰਦਾ ਤੈਨੂੰ ਤਾਂ ਨਹੀਂ ਨਾ ਪਤਾ ਇਹਨਾਂ ਗੱਲਾਂ ਦਾ। ਜੇ ਤੈਨੂੰ ਸੰਤ ਦੱਸਦੇ ਨੇ ਤਾਂ ਤੈਨੂੰ ਜਾਗ ਨਹੀਂ ਆਉਂਦੀ ਪਿਆਰਿਆ। ਸੁਰਤ ਤੇਰੀ ਸੁੱਤੀ ਪਈ ਹੈ। ਮੈਂ ਮਾਇਆ ਦਾ ਪਸਾਰਾ ਕੀਤਾ ਹੋਇਆ ਹੈ। ਆਪ ਇਥੇ ਹੋਰ ਕੋਈ ਨਹੀਂ, ਨਾ ਤੂੰ ਹੈਂ ਨਾ ਕੋਈ ਹੋਰ ਹੈ। ਇਹ ਸਾਰੇ ਰੂਪ ਮੈਂ ਹੀ ਧਾਰੇ ਹੋਏ ਨੇ। ਤੇ ਮੈਂ ਸਾਰੇ ਜੀਵਾਂ ਨੂੰ ਅਗਿਆਨ ਦਾ ਨਸ਼ਾ ਦੇ ਕੇ ਠਗਮੂਰੀ ਦੇ ਕੇ ਸੁਲਾ ਦਿੱਤਾ।

ਇਹ ਇਕ ਖੇਡ ਹੈ ਜੋ ਮੈਂ ਆਪਣੇ ਆਪ ਵਿਚ ਆਪੇ ਹੀ ਖੇਲਦਾ ਹਾਂ। ਕਿਸੇ ਨੂੰ ਤਾਂ ਮੈਂ ਤੰਗ ਨਹੀਂ ਕਰਦਾ। ਆਪਣੀ ਖੇਡ ਆਪ ਕਰਦਾ ਹਾਂ।

*ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ॥*
*ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ॥*
*ਪੰਨਾ - 537*

ਨਿਆਰਾ ਹੋ ਕੇ ਵੀ ਮੈਂ ਦੇਖਦਾ ਹਾਂ ਤੇ ਦੂਜਾ ਪਾਸਾ ਵੀ ਮੇਰਾ ਹੀ ਹੈ। ਦੋਹਾਂ ਪਾਸਿਆਂ ਦਾ ਮੈਂ ਹੀ ਮਾਲਕ ਹਾਂ, ਪਰ ਇਹ ਮਾਇਆ ਦੇ ਵਿਚ ਮੈਂ ਤਿੰਨ ਗੁਣ ਪਾ ਦਿੱਤੇ। ਰਜੋ ਗੁਣ, ਤਮੋ ਗੁਣ, ਸਤੋ ਗੁਣ, ਨਹੀਂ ਤਾਂ ਖੇਲ ਨਹੀਂ ਸੀ ਬਣਦੀ। ਤੈਨੂੰ ਮੈਂ ਦੱਸਿਆ ਤੂੰ ਮੇਰੇ ਨਾਲ ਹੈਂ, ਕਿਤੇ ਭੁੱਲ ਨਾ ਜਾਈਂ। ਮੇਰੇ ਨਾਲ ਰਹਿ ਕੇ ਜਿਹੜੇ ਤੈਨੂੰ ਸੁਖ ਮਿਲਦੇ ਨੇ, ਉਹਨਾਂ ਨੂੰ ਨਾ ਭੁੱਲ ਜਾਈਂ। ਪਰ ਹੋਇਆ ਕੀ ਜਦ ਤੂੰ ਮਾਇਆ ਦੇ ਚਿਤਰਾ ਵਚਿਤਰਾਂ 'ਚ ਗਿਆ। ਪਹਿਲਾ ਕੰਮ ਤੈਂ ਕਰਿਆ ਕਿ ਮੈਨੂੰ ਭੁਲਿਆ, ਫਿਰ ਤੈਨੂੰ ਪ੍ਰਤੱਖ ਦਿਖਾਇਆ ਜਦ ਤੂੰ ਮਾਤਾ ਦੇ ਪੇਟ ਵਿਚ ਸੀ, ਤੇਰੀ ਐਸੀ ਹਾਲਤ ਸੀ, ਸਿਰ ਥੱਲੇ ਸੀ ਤੇ ਪੈਰ ਉਪਰ ਸੀ, ਹੁਣ ਕਰਕੇ ਦਿਖਾ ਸਿਰ ਥੱਲੇ ਤੇ ਪੈਰ ਉਪਰ। ਲਟਕਦੇ ਨੇ ਸੰਤ, 20-20 ਘੰਟੇ ਲਟਕਦੇ ਨੇ, ਪਰ ਉਹਨਾਂ ਨੂੰ ਮਾਲਸ਼ ਕਰਨ ਵਾਲਿਆਂ ਦੇ ਦੋ-ਦੋ, ਤਿੰਨ-ਤਿੰਨ ਲੱਗ ਜਾਂਦੇ ਨੇ। ਦਿਮਾਗ਼ ਵਿਚ ਖੂਨ ਜਮ੍ਹਾਂ ਹੋ ਜਾਂਦਾ ਹੈ। ਮੱਥੇ ਵਿਚ ਹੋ ਜਾਂਦਾ ਹੈਂ। ਸਾਰਾ ਖੂਨ ਮਾਲਸ਼ਾ ਕਰ ਕਰ ਕੇ ਪੈਰਾਂ ਵੱਲ ਨੂੰ ਤੋਰਦੇ ਨੇ। ਉਸ ਵੇਲੇ ਤਾਂ ਤੇਰੀ ਮਾਲਸ਼ ਕਰਨ ਵਾਲਾ ਕੋਈ ਨਹੀਂ ਸੀ, ਮੇਰੀ ਸ਼ਕਤੀ ਕੰਮ ਕਰ ਰਹੀ ਸੀ, ਉਸ ਵੇਲੇ ਤੂੰ ਨਾਮ ਨਾਲ ਜੁੜਿਆ ਹੋਇਆ ਸੀ, ਤੈਨੂੰ ਮੈਂ ਨਾਮ ਦੀ ਮਹਿਮਾ ਦਿਖਾਈ ਸੀ। ਨਾਮ ਦੀ ਮਹਿਮਾ ਕਰਕੇ ਤੂੰ ਇਸ ਵਿਚ ਜਲ ਨਾ ਸਕਿਆ, ਮਰ ਨਾ ਸਕਿਆ, ਉਥੇ ਕੋਈ ਹਵਾ ਨਹੀਂ ਸੀ ਜਿਹਦੇ ਨਾਲ ਤੂੰ ਸਾਹ ਲੈ ਲੈਂਦਾ। ਕੋਈ ਉਥੇ ਚਾਨਣਾ ਨਹੀਂ ਸੀ, ਕੁਝ ਵੀ ਨਹੀਂ ਸੀ, ਹੁਣ ਇਹੋ ਜਿਹੀ ਥਾਂ ਬੰਦੇ ਨੂੰ ਰੱਖ ਕੇ ਦੇਖ ਲਓ, ਜਦੇ ਹੀ ਮਰ ਜਾਏਗਾ, ਉਹ ਤਾਂ ਮੇਰੀ ਸ਼ਕਤੀ ਸੀ -

*ਗਰਭ ਕੁੰਟ ਮਹਿ ਉਰਧ ਤਪ ਕਰਤੇ॥*
*ਸਾਸਿ ਸਾਸਿ ਸਿਮਰਤ ਪ੍ਰਭੁ ਰਹਤੇ॥ ਪੰਨਾ - 251*

ਨਾਮ ਦੀ ਮਹਿਮਾ ਨੂੰ ਤੂੰ ਪੈਦਾ ਹੁੰਦਾ ਹੀ ਭੁੱਲ ਗਿਆ। ਤੇਰੇ ਯਾਦ ਨਾ ਰਿਹਾ, ਨਾ ਤੇਰੇ ਹੁਣ ਤਕਲੀਫ ਦੱਸੇ ਤੇ ਯਾਦ ਆਉਂਦੀ ਹੈ। ਮਹਾਰਾਜ ਜੀ ਇਸ ਤਰ੍ਹਾਂ ਨਾਲ ਫੁਰਮਾਨ ਕਰ ਰਹੇ ਹਨ।

*ਭਾਵਅਰਥ - ਜਦੋਂ ਪੁਠਾ ਲਟਕਦਾ ਸੀ,*
*ਉਹ ਦਿਨ ਭੁੱਲ ਗਿਆ।*

ਤੇਰੀ ਯਾਦ ਵਿਚੋਂ ਨਿਕਲ ਗਿਆ ਉਹ।

*ਮੁਖੁ ਤਲੈ ਪੈਰ ਉਪਰੇ ਵਸੰਦੋ ਕੁਹਥੜੈ ਥਾਇ॥*
*ਪੰਨਾ - 706*

ਕਹੁੱਥੜ ਕਹਿੰਦੇ ਨੇ ਬਹੁਤ ਗੰਦੇ ਥਾਂ ਤੇ ਬੈਠਣ ਨੂੰ। ਹਨ੍ਹੇਰ ਘੁੱਪ ਥਾਂ ਤੇ ਬੈਠਣਾ।

*ਨਾਨਕ ਸੋ ਧਣੀ ਕਿਉ ਵਿਸਾਰਿਓ*
*ਉਧਰਹਿ ਜਿਸ ਦੈ ਨਾਇ॥ ਪੰਨਾ - 706*

ਉਥੇ ਐਵੇਂ ਤਾਂ ਨਹੀਂ ਪਲਿਆ, ਉਥੇ ਨਾਮ ਦੀ ਸ਼ਕਤੀ ਤੇਰੇ ਅੰਗ ਸੰਗ ਰਮੀ ਹੋਈ ਸੀ। ਇਕ ਨਹੀਂ ਹੈ, ਤੇਰੇ ਕਿ ਬੂੰਦ ਤੋਂ ਜਿਹੜਾ ਦਿਸਦਾ ਹੀ ਨਹੀਂ, ਖੁਰਦਬੀਨ ਨਾਲ ਦਿਸਦੈ, ਉਹਦੇ ਵਿਚ ਮੈਂ ਇਹੋ ਜਿਹੀ ਵਚਿੱਤਰਤਾ ਦੇ ਨਾਲ ਰਚਿਆ ਸੀ ਕਿ ਉਹਦੇ ਵਿਚੋਂ ਹੀ, ਉਸੇ ਵੇਲੇ ਵੀ 2 ਖਰਬ ਸੈਲ ਸੀ, ਦੋ ਖਰਬ 15 ਅਰਬ ਸੈਲ ਕਿੰਨੇ ਛੋਟੇ ਹੋਣੇ ਨੇ, ਉਹ ਮੈਂ ਉਥੇ ਪੂਰੇ ਕੀਤੇ, ਤੇਰਾ ਰੂਪ ਰੰਗ ਘੜਿਆ। ਮੇਰੀ ਉਥੇ ਮਿਹਰ ਸੀ, ਮੇਰੇ ਨਾਮ ਦੀ ਧੁਨ ਤੇਰੇ ਅੰਦਰ ਚਲ ਰਹੀ ਸੀ ਦਿਨ ਰਾਤ। ਉਹ ਨਾਮ ਦੇ ਆਸਰੇ ਹੀ ਤੂੰ ਉਥੇ ਰਹਿ ਰਿਹਾ ਸੀ।

ਇਕ ਤਰ੍ਹਾਂ ਦਾ ਤੂੰ ਤੱਪ ਕਰ ਰਿਹਾ ਸੀ, ਪੁੱਠਾ ਲਟਕ ਕੇ ਤੇ ਹੁਣ ਕਹਿੰਦੇ ਤੂੰ ਭੁੱਲ ਗਿਆ ਉਸ ਨੂੰ ਪਿਆਰਿਆ। ਮਹਾਰਾਜ ਕਹਿੰਦੇ ਨੇ ਭੁੱਲ ਗਏ ਤੁਸੀਂ ਸਾਰੇ, ਹੁਣ ਕਿਉਂ ਭੁੱਲ ਕੇ ਉਸ ਨੂੰ ਵਿਸਾਰ ਦਿੱਤਾ, ਉਹ ਧਿਆਨ ਦੇ। ਬੱਚਾ ਪੈਦਾ ਹੁੰਦੇ ਤੇ ਕਹਿੰਦੇ ਨੇ ਰੋਂਦੈ, ਫਿਰ ਕਹਿਣਗੇ ਚੰਗਾ ਹੈ ਸ਼ਗਨ ਹੈ, ਹਰ ਬੱਚਾ ਹੀ ਰੋਂਦੈ। ਕਹਿੰਦੇ ਜੀ ਬੱਚਾ ਮੁਸਕਰਾਉਂਦਾ ਸੀ, ਹੱਸਦਾ ਸੀ, ਫਰਕ ਕੀ ਹੈ ਦੋਹਾਂ ਦੇ ਅੰਦਰ। ਜਿਹੜਾ ਤਾਂ ਰੋ ਰਿਹਾ ਹੈ ਬੱਚਾ, ਉਹਦੀ ਕਿਸਮਤ ਵਿਚ ਨਾਮ ਦੀ ਜੋ ਦਾਤ ਸੀ, ਉਨਾ ਚਿਰ ਸੀ ਜਦ ਤੱਕ ਉਹ ਮਾਤਾ ਦੇ ਪੇਟ ਵਿਚ ਸੀ, ਉਹਤੋਂ ਬਾਅਦ ਜੇ ਸੰਤ ਮਹਾਰਾਜ, ਗੁਰੂ ਦੀ ਕਿਰਪਾ ਹੋ ਜਾਵੇ, ਫਿਰ ਉਥੇ ਉਹ ਲਗਾ ਸਕਦੇ ਨੇ, ਨਹੀਂ ਤਾਂ ਉਹ ਆਪ ਨਹੀਂ ਲੱਗ ਸਕਦਾ। ਪਾਪਾਂ ਦਾ ਬਲ ਬਹੁਤਾ ਹੋਣ ਕਰਕੇ ਭੁੱਲ ਜਾਂਦੈ। ਉਹ ਤਦ ਰੋਂਦਾ ਹੈ ਜਦ ਨਾਮ ਧੁਨ ਤੋਂ ਟੁੱਟਦਾ ਹੈ। ਹੱਸਦਾ ਕੌਣ ਹੈ? ਜਿਹਨੇ ਦੁਨੀਆਂ ਵੀ ਦੇਖ ਲਈ ਤੇ ਨਾਮ ਵੀ ਚੱਲ ਰਿਹਾ

ਉਹਦਾ। ਨਾਮ ਧੁਨ ਵਿਚ ਨਹੀਂ ਫਰਕ ਪਿਆ।

ਮਹਾਰਾਜ ਕਹਿੰਦੇ ਜਿਹੜੀ ਲਿਵ ਲੱਗੀ ਹੋਈ ਸੀ –

*ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ॥*

*ਪੰਨਾ - 921*

ਉਹ ਲਿਵ ਭੁੱਲ ਗਿਆ। ਸਾਰੇ ਹੀ ਭੁੱਲ ਗਏ, ਕਿਹੜਾ ਹੈ ਜਿਹਦੇ ਬਚਨ ਯਾਦ ਹੈ ਜਾਂ ਅਨੁਭਵ ਕਰਨ ਦੀ ਕੋਸ਼ਿਸ਼ ਕਰਦਾ ਹੈ, ਬਈ ਉਹ ਲਿਵ ਟੁੱਟ ਚੁੱਕੀ ਹੈ, ਇਸ ਨੂੰ ਪਤਾ ਨਹੀਂ ਲੱਗਦਾ।

*ਭਾਵਅਰਥ - ਲਿਵ ਟੁੱਟ ਗਈ*
*ਮਾਇਆ ਦਾ ਜਾਲ ਪੈ ਗਿਆ*
*ਰਾਮ ਪਿਆਰਾ ਭੁੱਲਿਆ।*

*ਪਹਿਲੈ ਪਿਆਰਿ ਲਗਾ ਥਣ ਦੁਧਿ॥*
*ਦੂਜੈ ਮਾਇ ਬਾਪ ਕੀ ਸੁਧਿ॥*
*ਤੀਜੈ ਭਯਾ ਭਾਭੀ ਬੇਬ॥*
*ਚਉਥੈ ਪਿਆਰਿ ਉਪੰਨੀ ਖੇਡ॥*
*ਪੰਜਵੈ ਖਾਣ ਪੀਅਣ ਕੀ ਧਾਤੁ॥*
*ਛਿਵੈ ਕਾਮੁ ਨ ਪੁਛੈ ਜਾਤਿ॥*
*ਸਤਵੈ ਸੰਜਿ ਕੀਆ ਘਰ ਵਾਸੁ॥*
*ਅਠਵੈ ਕ੍ਰੋਧੁ ਹੋਆ ਤਨ ਨਾਸੁ॥*
*ਨਾਵੈ ਧਉਲੇ ਉਭੇ ਸਾਹ॥*
*ਦਸਵੈ ਦਧਾ ਹੋਆ ਸੁਆਹ॥ ਪੰਨਾ - 137*

ਆਹ ਗੱਲ ਸਾਡੇ ਸਾਰਿਆਂ ਨਾਲ ਹੋਈ ਹੈ। ਉਹ ਪ੍ਰਮੇਸ਼ਰ ਜੋ ਸਾਡੇ ਅੰਗ-ਸੰਗ ਵਸਦਾ ਸੀ, ਗੁਰੂਆਂ ਦੇ ਰਾਂਹੀ ਦਸਦੇ ਨੇ ਕਿ ਆਪਿਆ ਤੂੰ ਭੁਲਿਆ ਉਸਨੂੰ।

*ਲਿਵ ਛੁੜਕੀ ਲਗੀ ਤ੍ਰਿਸਨਾ ਮਾਇਆ ਅਮਰੁ ਵਰਤਾਇਆ॥*

*ਪੰਨਾ - 921*

ਮਾਇਆ ਦਾ ਅਸਰ ਹੋ ਗਿਆ। ਮਾਇਆ ਕਹਿੰਦੇ ਹੀ ਇਸਨੂੰ ਨੇ –

*ਏਹ ਮਾਇਆ ਜਿਤੁ ਹਰਿ ਵਿਸਰੈ*
*ਮੋਹੁ ਉਪਜੈ ਭਾਉ ਦੂਜਾ ਲਾਇਆ॥ ਪੰਨਾ - 921*

ਜੇ ਨਹੀਂ ਵਿਸਰਦਾ ਵਾਹਿਗੁਰੂ, ਦੂਜਾ ਨਹੀਂ ਲੱਗਦਾ, ਫਿਰ ਮਾਇਆ 'ਚ ਖੇਲ ਜਿੰਨਾ ਖੇਲ ਸਕਦੈ। ਕੁਝ ਵੀ ਨਹੀਂ ਹੁੰਦਾ। ਮਾਇਆ ਪ੍ਰਮੇਸ਼ਰ ਦਾ ਰੂਪ ਹੋ ਕੇ ਨਜ਼ਰ ਆਉਂਦੀ ਹੈ, ਜੇ ਭੁਲਦੈਂ ਫਿਰ ਇਹ ਡੈਣ ਹੈ, ਇਹਦੇ ਦੰਦ ਬੜੇ ਖਤਰਨਾਕ ਨੇ। ਬਗੈਰ ਦੰਦਾਂ ਤੋਂ ਇਹ ਸਾਰੇ ਸੰਸਾਰ ਨੂੰ ਖਾ ਗਈ ਹੈ।

*ਮਾਇਆ ਮਮਤਾ ਮੋਹਣੀ*
*ਜਿਨਿ ਵਿਣੁ ਦੰਤਾ ਜਗੁ ਖਾਇਆ॥*
*ਮਨਮੁਖ ਖਾਧੇ ਗੁਰਮੁਖਿ ਉਬਰੇ*
*ਜਿਨੀ ਸਚਿ ਨਾਮਿ ਚਿਤੁ ਲਾਇਆ॥*
*ਬਿਨੁ ਨਾਵੈ ਜਗੁ ਕਮਲਾ ਫਿਰੈ*
*ਗੁਰਮੁਖਿ ਨਦਰੀ ਆਇਆ॥*
*ਧੰਧਾ ਕਰਤਿਆ ਨਿਹਫਲੁ ਜਨਮੁ ਗਵਾਇਆ*
*ਸੁਖਦਾਤਾ ਮਨਿ ਨ ਵਸਾਇਆ॥ ਪੰਨਾ - 644*

ਸਾਫ ਦੱਸੀ ਜਾਂਦੇ ਨੇ ਗੁਰੂ ਮਹਾਰਾਜ ਬਈ ਪਿਆਰਿਆ ਭੁੱਲ ਗਿਆ ਤੂੰ ਪ੍ਰਮੇਸ਼ਰ ਨੂੰ ਤਾਂ ਤੈਨੂੰ ਦੁਖ ਪ੍ਰਾਪਤ ਹੋ ਰਹੇ ਨੇ –

*ਪਰਮੇਸਰ ਤੇ ਭੁਲਿਆਂ ਵਿਆਪਨਿ ਸਭੇ ਰੋਗ॥*

*ਪੰਨਾ - 135*

ਸਾਰੇ ਦੁਖ, ਸੰਤਾਪ, ਵਿਘਨ ਵੀ ਸਭ ਕੁਝ ਲੱਗ ਜਾਂਦੇ ਨੇ, ਜੇ ਵਾਹਿਗੁਰੂ ਨੂੰ ਭੁੱਲ ਗਿਆ।

ਮਹਾਰਾਜ ਸਾਨੂੰ ਬਾਰ-ਬਾਰ ਇਹਨਾਂ ਬਚਨਾਂ ਤੇ ਸਮਝਾਉਂਦੇ ਨੇ ਕਿ ਮਨ ਨੂੰ ਤਾਂ ਮਨਾ ਲਓ, ਫੈਸਲਾ ਕਰ ਲਓ ਕਿ ਇਹ ਠੀਕ ਹੈ, ਕਿ ਉਹ ਠੀਕ ਹੈ। ਦੂਜੇ ਤੇਰੇ ਸਰੀਰ ਨੂੰ ਗਾਲ ਦੇਣਗੇ, ਖਤਮ ਕਰ ਦੇਣਗੇ, ਉਹ ਤੇਰੇ ਵੈਰੀ ਨੇ, ਮਿੱਤਰਾਂ ਦੀ ਸ਼ਕਲ ਵਿਚ ਤੇਰੇ ਕੋਲ ਆਉਂਦੇ ਨੇ। ਨਾਮ ਤੇਰੇ ਕੋਲ ਮਿੱਤਰ ਦੀ ਸ਼ਕਲ ਵਿਚ ਆਉਂਦਾ, ਕ੍ਰੋਧ ਤੇਰੇ ਕੋਲ, ਲੋਭ, ਮੋਹ, ਅਹੰਕਾਰ, ਇਹ ਸਾਰੀਆਂ ਚੀਜ਼ਾਂ ਮਿੱਤਰ ਬਣ ਬਣ ਕੇ ਆਉਂਦੀਆਂ ਨੇ। ਦਰਅਸਲ ਇਹ ਮਿੱਤਰ ਨਹੀਂ ਹੈਗੇ। ਇਹ ਵੈਰੀ ਨੇ ਤੇ ਇਹਨਾਂ ਵੈਰੀਆਂ ਦੇ ਨਾਲ ਪ੍ਰੀਤ ਕਰਕੇ ਤੇਰਾ ਜਨਮ ਬਿਰਥਾ ਜਾ ਰਿਹਾ ਹੈ।

*ਭਾਵਅਰਥ - ਪੰਜਾ ਚੋਰਾਂ ਨੂੰ ਬਣਾ ਕੇ ਮਿੱਤਰ ਆਪਣਾ,*
*ਜੂਏ ਵਿਚ ਜਨਮ ਹਾਰਤਾ।*

*ਸੰਗਿ ਸਹਾਈ ਸੁ ਆਵੈ ਨ ਚੀਤਿ॥*
*ਜੋ ਬੈਰਾਈ ਤਾ ਸਿਉ ਪ੍ਰੀਤਿ॥ ਪੰਨਾ - 267*

ਮਹਾਰਾਜ ਕਹਿੰਦੇ ਜਿਹੜਾ ਵਾਹਿਗੁਰੂ ਤੈਨੂੰ ਹਰ ਵਕਤ ਸੁਖ ਦੇਣ ਵਾਲਾ ਹੈ, ਤੇਰੇ ਨਾਲ ਰਹਿੰਦਾ ਹੈ, ਜਿਸਦੇ ਨਾਲ ਮਿਲਿਆ ਇੰਨਾ ਅਨੰਦ ਹੈ ਕਿ ਜਿਸ ਅਨੰਦ ਨੂੰ ਤੂੰ ਮਾਨਣਾ ਚਾਹੁੰਦੈਂ, ਭੁੱਲ ਜਾਣੈ ਛਿੰਨ ਭੰਗਰ ਹੈ। ਇਹ ਐਵੇਂ ਹੀ ਹੈ, ਕੋਈ ਅਨੰਦ ਨਹੀਂ ਹੈ ਤੇ ਉਹਦੇ ਨਾਲ ਤੂੰ ਛੱਡ ਦਿੱਤਾ ਤੇ ਪੰਜ ਜਿਹੜੇ ਚੋਰ ਸੀ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਤੇ ਦੋ ਡੈਣਾ ਸੀ ਆਸਾ ਤੇ ਤ੍ਰਿਸ਼ਨਾ, ਚਾਰ ਅੱਗਾਂ ਸੀ, ਹੰਸ, ਹੇਤ, ਕੋਪ, ਲੋਭ। ਚਾਰੇ ਨਦੀਆਂ ਅੱਗ, ਈਰਖਾ ਨਿੰਦਿਆ ਵਰਗੀਆਂ ਭੈੜੀਆਂ ਚੀਜ਼ਾਂ ਸੀ, ਉਹਨਾਂ ਨਾਲ ਤਾਂ ਤੇਰੀ ਲੱਗ ਗਈ ਪ੍ਰੀਤ ਤੇ ਜਿਹੜਾ ਹਰ ਵਕਤ ਸੰਗ ਸੀ, ਇਥੇ ਵੀ ਸੰਗ ਤੇ ਜਿਥੇ ਤੈਨੂੰ ਔਖ ਆਉਣੀ ਸੀ, ਉਥੇ ਵੀ ਸੰਗ, ਉਹਨੂੰ ਤਾਂ ਗਿਆ ਪਿਆਰਿਆ ਭੁੱਲ ਤੇ ਮਿੱਤਰ ਬਣਾ ਲਿਆ ਪੰਜਾਂ ਚੋਰਾਂ ਨੂੰ, ਭੁੱਲ ਗਿਆ ਅਗਾਂਹ ਜਾਣ ਵਾਲਾ, ਬਈ ਅਗਾਂਹ ਵੀ ਜਾਣੈ। ਕਹਿੰਦਾ ਨਾ ਮੈਂ ਨਹੀਂ ਜਾਣਾ ਲੋਕ ਜਾਣਗੇ।

ਮਹਾਰਾਜ ਕਹਿੰਦੇ ਉਥੇ ਤਾਂ ਹਰੇਕ ਨੂੰ ਜਾਣਾ ਪੈਣੈ, ਸੰਸਾਰ ਰਹਿਣ ਦਾ ਥਾਂ ਨਹੀਂ, ਇਥੇ ਤਾਂ ਵੱਡੇ ਵੱਡੇ ਆਏ, ਨਿਗਾਹ ਮਾਰ ਕੇ ਦੇਖ, ਕੋਈ ਨਜ਼ਰ ਆਏ, ਧਿਆਨ ਨਾਲ ਦੇਖੋ, ਜਿਹਨਾਂ ਵੱਡਿਆਂ ਵੱਡਿਆਂ ਦੇ ਨਾਉਂ ਲੈਂਦੇ ਹਾਂ, ਕਦੇ ਕੋਈ ਮੁੜਕੇ ਆਣ ਕੇ ਖੜਾ ਵੀ ਹੋਇਆ ਕਿ ਮੈਂ ਆ ਗਿਆ। ਇਹ ਤਾਂ ਮਿਟਾਉਂਦੀ ਹੀ ਜਾਂਦੀ ਹੈ, ਸਮੁੰਦਰ ਦੀਆਂ ਲਹਿਰਾਂ ਨੇ, ਸਮੁੰਦਰ ਦੀ ਲਹਿਰ ਕਦੇ ਮੁੜ ਕੇ ਆਉਂਦੀ ਹੈ। ਉਹ ਲਹਿਰ ਨਹੀਂ ਆਇਆ ਕਰਦੀ, ਇਸ ਤਰ੍ਹਾਂ ਪੜ੍ਹ ਲਓ –

*ਭਾਵਅਰਥ - ਕਿਥੇ ਗਏ ਨੇ ਪੈਗੰਬਰ ਪੀਰ ਔਲੀਏ,*
*ਦਿਸਦਾ ਨਾ ਕੋਈ ਜੱਗ ਤੇ।*

*ਏਕ ਸ਼ਿਵ ਭਏ ਏਕ ਗਏ, ਏਕ ਫੇਰ ਭਏ,*
*ਰਾਮ ਚੰਦ੍ਰ ਕ੍ਰਿਸ਼ਨ ਕੇ, ਅਵਤਾਰ ਭੀ ਅਨੇਕ ਹੈਂ।।*
*ਬ੍ਰਹਮਾ ਅਰੁ ਬਿਸ਼ਨ ਕੇਤੇ ਬੇਦ ਔ ਪੁਰਾਨ ਕੇਤੇ,*
*ਸਿੰਮ੍ਰਿਤਿ ਸਮੂਹਨ ਕੈ ਹੁਇ ਹੁਇ ਬਿਤਾਏ ਹੈਂ॥*
*ਮੋਨਦੀ ਮਦਾਰ ਕੇਤੇ, ਅਸੁਨੀ ਕੁਮਾਰ ਕੇਤੇ,*
*ਅੰਸਾ ਅਵਤਾਰ ਕੇਤੇ, ਕਾਲ ਬਸ ਭਏ ਹੈਂ॥*
*ਪੀਰ ਔ ਪਿਕਾਂਬਰ ਕੇਤੇ ਗਨੇ ਨ ਪਰਤ ਏਤੇ,*
*ਭੂਮ ਹੀ ਤੇ ਹੁਇਕੈ, ਫੇਰੇ ਭੂਮ ਹੀ ਮਿਲਏ ਹੈਂ॥*
*(ਅਕਾਲ ਉਸਤਤਿ)*

*ਜਿਮੀ ਪੁਛੈ ਅਸਮਾਨ ਫਰੀਦਾ ਖੇਵਟ ਕਿੰਨਿ ਗਏ॥*
*ਪੰਨਾ - 488*

ਅਸਮਾਨ ਨਾਲ ਬਾਤ ਕਰਦੀ ਹੈ ਧਰਤੀ ਕਿ ਐ ਅਸਮਾਨ! ਐ ਆਕਾਸ਼! ਤੂੰ ਵੀ ਨਿਰਾਕਾਰ ਹੈ, ਜਿਥੇ ਤੱਕ ਪ੍ਰਮੇਸ਼ਰ ਹੈ, ਉਥੇ ਤੱਕ ਤੇਰਾ ਵਜੂਦ ਸੁਣੀਦਾ ਹੈ। ਕੀ ਤੂੰ ਮੈਨੂੰ ਦੱਸ ਸਕਦੈਂ ਕਿ ਮੇਰੇ ਉੱਤੇ ਵੱਡੇ ਵੱਡੇ ਰਾਜੇ ਵੱਡੇ ਵੱਡੇ ਅਵਤਾਰ, ਵੱਡੇ ਵੱਡੇ ਮਹਾਂਪੁਰਸ਼, ਐਸੇ ਮਹਾਂਪੁਰਸ਼ ਆਏ, ਜੇ ਇਕ ਵਾਰੀ ਇਕ ਫੁਰਨਾ ਕਰ ਦੇਣ ਤਾਂ ਸੂਰਜ ਦੇ ਟੁਕੜੇ ਕਰ ਦੇਣ, ਚੰਦਰਮਾ ਦੇ ਟੁਕੜੇ ਕਰ ਦੇਣ, ਧਰਤੀ ਨੂੰ ਖਤਮ ਕਰ ਦੇਣ, ਬ੍ਰਹਿਮੰਡ ਨੂੰ ਖਤਮ ਕਰ ਦੇਣ, ਸਾਰੀ ਖੇਲ ਖਤਮ ਕਰ ਦੇਣ। ਉਹ ਇੰਨੀਆਂ ਸਮਰੱਥਾ ਵਾਲੇ ਆ ਕੇ ਗਏ ਕਿਥੇ? ਵੱਡੇ ਵੱਡੇ ਅਵਤਾਰ ਆਏ, ਜਿੰਨਾ ਨੇ ਕਾਲ ਨੂੰ ਫਤਿਹ ਕਰਿਆ ਹੋਇਆ ਸੀ, ਉਹ ਵੀ ਆਏ, ਪਰ ਚਲੇ ਕਿਥੇ ਗਏ? ਸੰਸਾਰ ਕੇ ਕੋਈ ਨਜ਼ਰ ਨਹੀਂ ਆ ਰਿਹਾ। ਇਕ ਅਜੀਬ ਬਾਤ ਇਹ ਹੈ ਕਿ ਜਿਹੜਾ ਇਕ ਵਾਰੀ ਮੇਰੇ ਕੋਲੋਂ ਚਲਿਆ ਗਿਆ, ਮੁੜ ਨਾ ਆਇਆ, ਰੋਂਦੇ ਨੇ ਲੋਕ ਉਹਨੂੰ ਮਿਲਣ ਵਾਸਤੇ, ਯਾਦ ਕਰਦੇ ਨੇ, ਉਹਦੀ ਮੱਦਦ ਭਾਲਦੇ ਨੇ, ਉਹ ਚਲਿਆ ਗਿਆ ਕਿਥੇ?

ਅਸਮਾਨ ਕਹਿਣ ਲੱਗਿਆ ਔ ਧਰਤੀ! ਜੋ ਵੀ ਤੇਰੇ ਕੋਲ ਆਉਂਦਾ ਉਹਦੇ ਦੋ ਹਿੱਸੇ ਹੁੰਦੇ ਨੇ। ਇਕ ਤਾਂ ਤੈਥੋਂ ਹੀ ਲੈਂਦੈ, ਜਿਹਦੇ ਵਿਚ ਮੇਰਾ ਵੀ ਥੋੜਾ ਜਿਹਾ ਹਿੱਸਾ ਹੁੰਦਾ ਹੈ। ਪਉਣ ਹੈ, ਪਾਣੀ ਹੈ, ਬੈਸੰਤਰ ਹੈ, ਜਲ ਤੇ ਮੇਰਾ ਹਿੱਸਾ ਆਕਾਸ਼ ਹੈ, ਇਹਨਾਂ ਨੂੰ ਰਲਾ ਕੇ ਪੰਜ ਤੱਤ ਕਹਿੰਦੇ ਨੇ, ਪੰਜ ਤੱਤਾਂ ਨਾਲ –

*ਪਾਂਚ ਤਤ ਕੋ ਤਨੁ ਰਚਿਓ ਜਾਨਹੁ ਚਤੁਰ ਸੁਜਾਨ॥*
*ਪੰਨਾ - 1428*

ਇਹਦੇ ਨਾਲ ਆਹ ਜਿਹੜੀ ਮਸ਼ੀਨ ਬੋਲਦੀ ਚਾਲਦੀ ਹੈ, ਇਹ ਬੜੇ ਢੰਗ ਨਾਲ ਰਚੀ ਹੋਈ ਹੈ। ਪੰਚ ਤੱਤ ਜਿਵੇਂ ਆਟਾ ਗੁੰਨੀ ਦਾ ਹੈ, ਮਿੱਟੀ ਗੁੰਨੀ ਹੋਈ ਹੈ, ਇਕ ਦੂਜੇ ਦੇ ਵਿਰੋਧੀ ਤੱਤ ਨੇ, ਅੱਗ ਪਾਣੀ ਦੇ ਨਾਲ ਰੱਲ ਕੇ ਕਦੇ ਜਲਦੀ ਨਹੀਂ ਰਹਿੰਦੀ। ਪਰ ਇਹ ਸਰੀਰ ਵਿਚ ਪਾਣੀ ਵਿਚ ਹੀ ਅੱਗ ਹੈ, ਤੇ ਮਿੱਟੀ ਪਾਣੀ ਨੂੰ ਰੱਖ ਸਕਦੀ ਹੈ, ਪਾਣੀ ਖੁਸ਼ਕ ਹੋ ਜਾਂਦੈ, ਪਾਣੀ ਦੇ ਨਾਲ ਮਿੱਟੀ ਹੈ ਤੇ ਹਵਾ ਇਹਦੇ ਵਿਚ ਹੈ ਤੇ ਮੈਂ ਵੀ ਇਹਦੇ ਵਿਚ ਹਾਂ। ਇਹ ਬਹੁਤ ਅਜੀਬ ਬਾਤ ਹੋਈ ਹੈ, ਇਹ ਸਰੀਰ ਰਚਿਆ 2 ਖਰਬ 15 ਅਰਬ ਸੈਲ, ਜਿਵੇਂ ਇੱਟਾਂ ਲੱਗਦੀਆਂ ਮਕਾਨ ਨੂੰ, ਇਸ ਤਰ੍ਹਾਂ ਦੇ ਨਾਲ ਇੰਨੇ ਸੈਲਾਂ ਦਾ ਸਰੀਰ ਬਣਿਆ, ਫਿਰ ਇਹਦੇ 'ਚ 25 ਪ੍ਰੀਕਿਰਤੀਆਂ ਬਣਾ ਕੇ, ਵੇਖ ਕਿੰਨੀ ਸੋਹਣੀ ਰਚਨਾ ਹੋਈ ਹੈ, ਅੱਖਾਂ ਦਾ ਡੇਲਾ ਵੇਖ, ਅੱਖ ਦੀ ਬਣਤਰ ਦੇਖ, ਡੇਲਾ ਘੁੰਮਦਾ ਕਿੰਨਾ ਸੁਹਣਾ ਲੱਗਦੈ, ਕਦੇ ਉਹਨੂੰ ਤਰਾਵਟ ਦੀ ਲੋੜ ਨਹੀਂ ਹੈ, ਅੰਦਰੇ ਐਸੀ ਚੀਜ਼ ਪਾ ਦਿੱਤੀ ਕਿ ਖੁਸ਼ਕ ਨਹੀਂ ਹੁੰਦਾ। ਕੰਨ ਜਿਹੜੇ ਨੇ ਕਿੰਨੇ ਸੁਹਣੇ ਬਣਾ ਦਿੱਤੇ, ਆਵਾਜ਼ਾਂ ਨੂੰ ਪੜ੍ਹਦੇ ਨੇ, ਅੱਖ ਆਵਾਜ਼ ਨੂੰ ਨਹੀਂ ਫੜਦੀ, ਕੰਨ ਫੜਦੇ ਹਨ। ਉਹ ਕਿਹੋ ਜਿਹਾ ਔਜ਼ਾਰ, ਪੁਰਜ਼ਾ ਬਣਾ ਦਿੱਤਾ ਹੈ ਛੋਟਾ ਜਿਹਾ, ਪਰ ਉਹਦੇ ਵਿਚ ਲੱਗਿਆ ਬਹੁਤ ਕੁਝ ਹੈ। ਡਾਕਟਰ ਦੱਸ ਦਿੰਦੇ ਨੇ ਬਈ ਇਹ ਚੀਜ਼ ਘੱਟ ਗਈ, ਇਹ ਰੁੱਖ ਤੇ ਇਹ ਚੀਜ਼ ਨਹੀਂ ਹੈ ਵਿਚ ਤੇ ਨਾਸਕਾ ਕਿੰਨੀ ਹੈ, ਹਰ ਚੀਜ਼ ਦੀ ਸੁਗੰਧੀ ਲੈਂਦੀ ਹੈ। ਸੁਗੰਧੀ ਤੋਂ ਹੀ ਪਤਾ ਲੱਗ ਜਾਂਦਾ ਹੈ ਕਿ ਇਹ ਬੁਰੀ ਚੀਜ਼ ਹੈ ਇਹਨੂੰ ਨਹੀਂ ਖਾਣਾ ਮੈਂ। ਇਹਦੇ 'ਚੋਂ ਬੁਰੀ ਦੁਰਗੰਧ ਆ ਰਹੀ ਹੈ।

ਇਸੇ ਤਰ੍ਹਾਂ ਦੇ ਨਾਲ ਜੋ ਸਪਰਸ਼ ਸ਼ਕਤੀ ਹੈ, ਮਾੜਾ ਜਿਹਾ ਘਾਹ ਦਾ ਤਿਣਕਾ ਲੱਗ ਜਾਵੇ, ਇਕ ਦਮ ਖਬਰ ਹੋ ਜਾਂਦੀ ਹੈ ਕਿ ਮੇਰੇ ਨਾਲ ਕੁਝ ਲੱਗਿਆ ਹੈ। ਕਿੰਨੀ ਤਰੰਗਮਈ ਹੈ, ਅੱਖਾਂ ਨਹੀਂ ਦੱਸ ਸਕਦੀਆਂ, ਕੰਨ ਨਹੀਂ ਦੱਸ ਸਕਦੇ, ਨਾਸਕਾ ਨਹੀਂ ਦੱਸ ਸਕਦੇ। ਰਸਨਾ ਕਿੰਨਾ ਵਧੀਆ ਸੁਆਦ ਲੈਂਦੀ ਹੈ।

ਸੋ ਇਹ ਸਾਰੀਆਂ ਚੀਜ਼ਾਂ 25 ਪ੍ਰਕਿਰਤੀਆਂ ਦੀਆਂ ਬਣੀਆਂ ਹੋਈਆਂ ਸਰੀਰ ਦੇ ਅੰਦਰ ਨੇ, ਫਿਰ ਇਹਦੇ ਵਿਚ ਪੰਜ ਮੋਟਰਾਂ ਰੱਖ ਦਿੱਤੀਆਂ ਜਿਹੜੀਆਂ ਆਪੇ ਹੀ ਚਲਦੀਆਂ ਨੇ, ਜਿਨ੍ਹਾਂ ਨੂੰ ਕਦੇ ਚਾਰਜ ਕਰਨ, ਬਿਜਲੀ ਦੇਣ ਦੀ ਲੋੜ ਹੀ ਨਹੀਂ। ਸਾਰੀ ਜਿੰਦਗੀ ਚੱਲੀ ਜਾਂਦੀਆਂ ਨੇ। ਇਕ ਸਕਿੰਟ ਵਾਸਤੇ ਵੀ ਨਿਠਲੀਆਂ ਹੋ ਕੇ ਨਹੀਂ ਬਹਿੰਦੀਆਂ। ਪ੍ਰਾਣ, ਉਪਾਨ, ਉਦਾਨ, ਬਿਆਨ, ਸਮਾਨ।

ਪ੍ਰਾਣਾਂ ਦੇ ਨਾਲ ਸਾਹ ਆਉਂਦਾ ਰਹਿੰਦਾ। ਦੂਸਰੇ ਉਪਾਨ ਦੇ ਨਾਲ ਮਲ-ਮੂਤਰ ਜਿੰਨੀ ਸਰੀਰ ਦੇ ਵਿਚ ਜ਼ਹਿਰੀ ਮਾਦਾ ਹੈ ਉਹਦਾ ਕੰਮ ਇਹੀ ਹੈ ਜੋ ਅਸੀਂ ਖਾਂਦੇ ਹਾਂ ਉਹਦੇ ਵਿਚੋਂ ਡਾਟੇ-ਡਾਂਟ ਕੇ ਜ਼ਹਿਰ ਬਾਹਰ ਕੱਢਦਾ ਹੈ। ਸਾਢੇ ਤਿੰਨ ਕਰੋੜ ਰੋਮ ਹੈ, ਹਰ ਰੋਮ ਦੇ ਵਿਚੋਂ ਉਹ ਪ੍ਰਾਣ ਨੇ, ਉਥੋਂ ਹੀ ਚੀਜ਼ ਕੱਢਦੇ ਨੇ, ਘੁੰਮਾ ਕੇ ਨਹੀਂ ਲਿਆਉਣਾ ਬਈ ਮਿਹਦੇ 'ਚ ਲਿਆ ਕੇ ਕੱਢੇ, ਉਥੋਂ ਹੀ ਬਾਹਰ ਕੱਢ ਦਿੰਦੇ ਨੇ। ਹਰ ਥਾਂ ਤੇ ਜਹਿਰ ਵਗੈਰਾ, ਮਾੜੀਆਂ ਚੀਜ਼ਾਂ ਬਾਹਰ ਕੱਢਦਾ ਰਹਿੰਦਾ ਹੈ, ਉਹਦਾ ਕੰਮ ਹੀ ਇਹੀ ਹੈ ਸਾਫ ਕਰਨਾ, ਬਈ ਸਫਾਈ ਕਰਦੇ ਹੀ ਰਹਿਣਾ, ਕਰਦੇ ਹੀ ਰਹਿਣਾ, ਨਾ ਦਿਨੇ ਟਿਕਦਾ ਹੈ, ਨਾ ਰਾਤ ਨੂੰ ਟਿਕਦਾ ਹੈ।

ਤੀਸਰਾ ਹੈ ਜਿਹੜਾ ਕੁਝ ਖਾਂਦੇ ਹਾਂ, ਉਹਨੂੰ ਥਾਂ ਥਾਂ ਤੇ ਭੇਜਣਾ, ਜੇ ਅੱਖਾਂ ਵਾਲੀ ਕੋਈ ਗੋਲੀ ਖਾ ਲਈ ਤਾਂ ਅੱਖਾਂ 'ਚ ਭੇਜਦੈ, ਕੰਨ ਵਾਲੀ ਖਾ ਲਈ ਤਾਂ ਕੰਨ ਵਿਚ ਭੇਜੂਗਾ, ਦਿਮਾਗ ਵਾਲੀ ਖਾ ਲਈ ਦਿਮਾਗ 'ਚ ਭੇਜੂ, ਬੁਖਾਰ ਚੜ੍ਹਿਆ ਹੋਵੇ ਬੁਖਾਰ ਵਾਲੇ ਥਾਂ ਭੇਜੂ, ਉਹਦਾ ਕੰਮ ਹੀ ਇਹੀ ਹੈ ਕਿ ਉਥੋਂ ਵਸਤੂ ਚੁੱਕਦਾ ਹੈ, ਚੁੱਕ ਕੇ ਖੂਨ ਵਿਚ ਰਲਾ ਕੇ ਉਥੇ ਜਾ ਕੇ ਸੁੱਟ ਦਿੰਦਾ ਹੈ, ਜਿਥੇ ਉਹ ਚੀਜ਼ ਚਾਹੀਦੀ ਹੈ। ਵਹੀਕਲ ਹੈ ਉਹ ਪ੍ਰਾਣ, ਹਰ ਵਕਤ ਦਿਨ ਰਾਤ ਕੰਮ ਕਰਦਾ ਹੈ। ਚੌਥਾ ਹੈ ਜਿਹੜਾ ਉਹ ਹਰ ਵਕਤ ਦਿਲ, ਦਿਮਾਗ ਨੂੰ ਚਲਾਉਂਦਾ ਰਹਿੰਦਾ ਹੈ। ਹਰ ਵਕਤ ਦਿਲ ਚਲਦਾ ਦਿਨ ਨੂੰ ਵੀ, ਰਾਤ ਨੂੰ ਵੀ, ਐਸੀ ਮੋਟਰ ਹੈ ਕਿ ਕਦੇ ਬੰਦ ਨਹੀਂ ਹੁੰਦੀ। ਜਦ ਬੰਦ ਹੋ ਜਾਂਦੀ ਹੈ ਤਾਂ ਉਸ ਵੇਲੇ ਫਤਹਿ ਬੁਲਾ ਦਿੰਦਾ ਹੈ ਜੀਵ।

ਪੰਜਵਾ ਉਹ ਹੈ ਜਿਹੜਾ ਇਹਦੇ ਅੰਦਰ ਤਾਪਮਾਨ ਨੂੰ ਸਹੀ ਰੱਖਦੈ। ਅੱਜ ਕੱਲ ਤਾਂ ਇਹ ਗੱਲ ਸਮਝਣੀ ਸੁਖਾਲੀ ਹੈ। ਬਾਹਰਲੇ ਵਿਚ ਘਰਾਂ ਵਿਚ ਇਕ ਘੜੀ ਲੱਗੀ ਹੁੰਦੀ ਹੈ, ਉਹ ਜਿੰਨੀ ਗਰਮੀ ਚਾਹੀਦੀ ਹੈ, ਉਥੇ ਲਾ ਦਿਓ। ਜਿਆਦਾਤਰ 70 ਨੰਬਰ ਤੇ ਲਾ ਕੇ ਰੱਖਦੇ ਨੇ। 70 ਫਾਰਨਹਾਈਟ ਤੇ। ਉਨੀ ਹੀ ਗਰਮੀ ਹੁੰਦੀ ਹੈ। ਹਲਕਾ ਜਿਹਾ ਕੱਪੜਾ ਲੈ ਕੇ ਪਏ ਰਹੋ, ਗਰਮੀ ਹੋਵੇ ਚਾਹੇ ਸਰਦੀ ਹੋਵੇ, ਨਾ ਗਰਮੀ ਲੱਗਦੀ ਹੈ ਨਾ ਸਰਦੀ ਲੱਗਦੀ ਹੈ। ਉਹ ਬਿਲਕੁਲ ਟਿਕਾਣੇ ਰੱਖਦੀ ਹੈ।

ਇਸੇ ਤਰ੍ਹਾਂ ਸਾਡੇ ਸਰੀਰ ਦੇ ਅੰਦਰ, ਜਿਹੜਾ ਪ੍ਰਾਣ ਹੈ, ਉਹ ਠੀਕ ਰੱਖਦੈ। 98,1/2 ਦਰਜੇ ਤੋਂ ਨਾ ਥੱਲੇ ਆਉਣ ਦਿੰਦਾ ਨਾ ਵੱਧ ਹੋਣ ਦਿੰਦਾ। ਜੇ ਵੱਧ ਹੋ ਗਏ ਤਾਂ ਡਾਕਟਰਾਂ ਦੇ ਮਗਰ ਭੱਜੇ ਫਿਰਾਂਗੇ, ਬਈ ਖੂਨ ਦਾ ਦਬਾਉ ਵੱਧ ਗਿਆ, ਬੁਖਾਰ ਹੋ ਗਿਆ, ਹੇਠਾਂ ਨੂੰ ਹੋ ਗਿਆ ਤਾਂ ਕਹਿਣਗੇ ਜੀ ਘੱਟ ਹੋ ਗਿਆ ਮੇਰੀ ਸਿਹਤ ਤਾਂ ਗਈ। ਉਹ ਪ੍ਰਾਣ ਨੇ।

ਕਹਿੰਦੇ ਨੇ ਕਿਹੋ ਜਿਹੀ, ਵਚਿੱਤਰ ਚੀਜ਼ ਹੈ। ਫਿਰ ਇਹਦੇ ਵਿਚ ਫੁਰਨੇ ਕਰਨ ਵਾਲੀ ਚੀਜ਼ ਆ ਗਈ, ਇਹਨਾਂ 'ਚੋਂ ਹੀ ਇਹ ਨਿਕਲੀ ਹੈ ਮਾਦਾ ਹੈ ਇਹ। ਰੱਬ ਵਲੋਂ ਨਹੀਂ ਆਈ ਇਹ, ਉਹਦੇ ਨਾਲ ਕੋਈ ਤਾਲੁਕ ਨਹੀਂ ਮਨ ਦਾ। ਇਹ ਮਨ ਸਾਰੀਆਂ ਚੀਜ਼ਾਂ ਦਾ ਨਿਚੋੜ ਹੈ, ਜਿਹੋ ਜਿਹੇ ਖਿਆਲ ਕਰਦੈ, ਪੜ੍ਹਦਾ-ਲਿਖਦੈ, ਜਿਹੋ ਜਿਹਾ ਖਾਣਾ-ਪੀਣਾ, ਜਿਹੋ ਜਿਹੀ ਸੁਸਾਇਟੀ ਵਿਚ ਰਹਿੰਦਾ, ਉਹੋ ਜਿਹੀ ਬੁੱਧੀ ਪ੍ਰਾਪਤ ਹੋ ਜਾਂਦੀ ਹੈ। ਉਹਦੇ ਨਾਲ ਤੂੰ ਆਪਣੇ ਕੰਮ ਚਲਾਉਂਦਾ ਹੈਂ; ਬਈ ਆਹ ਠੀਕ ਹੈ, ਬੁੱਧੀਹੀਣ ਪੁਰਸ਼ ਨੂੰ ਤਾਂ ਪਤਾ ਹੀ ਨਹੀਂ ਹੁੰਦਾ। ਕੋਈ ਬੁੱਧੀਹੀਣ ਬੈਠਾ ਸੀ, ਦਰਖਤ ਵੱਢ ਰਿਹਾ ਸੀ, ਦਰਖਤ ਵੱਢਦਾ ਕਿਸੇ ਨੇ ਕਿਹਾ ਓਏ ਪ੍ਰੇਮੀਆ! ਤੂੰ ਗਿਰ ਜਾਏਗਾ। ਕਹਿੰਦਾ ਤੈਂ ਕੀ ਲੈਣਾ ਗਿਰੂਗਾ ਮੈਂ। ਉਹ ਜਿਹੜੇ ਟਾਹਣੇ ਤੇ ਬੈਠਾ ਸੀ, ਉਹੀ ਵੱਢਦਾ ਸੀ। ਉਹ ਜਦ ਥੋੜੀ ਦੂਰ ਚਲਿਆ ਗਿਆ, ਇਹਨੇ ਅਖੀਰਲਾ ਟੱਕ ਮਾਰਿਆ, ਗਿਰਨਾ ਹੀ ਸੀ, ਕਹਿੰਦਾ ਉਹ ਬੜਾ ਅਕਲਮੰਦ ਸੀ ਪਹਿਲਾ ਹੀ ਦੱਸ ਗਿਆ ਕਿ ਮੈਂ ਗਿਰਨਾ ਹੈ।

ਉਹ ਬੁੱਧੀ ਹੈ, ਇਕ ਬੁੱਧੀਹੀਣ ਪੁਰਸ਼ ਹੁੰਦੇ ਨੇ, ਉਹ ਹਰ ਥਾਂ ਗਲਤੀ ਕਰਦੇ ਨੇ, ਜੀਵਨ ਨੂੰ ਨਰਕ ਬਣਾ ਲੈਂਦੇ ਨੇ। ਕਿਸੇ ਨਾਲ ਲੜਦੇ, ਕਿਸੇ ਨੂੰ ਵਿਸ਼ਵਾਸ 'ਚ ਨਹੀਂ ਲੈਂਦੇ, ਹਰ ਵਕਤ ਆਪਣੇ ਪੰਜਾਂ ਜਜ਼ਬਿਆਂ ਦੇ ਹੇਠ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਵਰਤਦੇ ਨੇ, ਇਕ ਉਹ ਨੇ ਜਿਹੜੇ ਦੂਸਰਿਆਂ ਦਾ ਵੀ ਬੁੱਧੀ ਨਾਲ ਕੰਮ ਸੰਵਾਰ ਦਿੰਦੇ ਨੇ। ਕਹਿੰਦੇ ਇਹ ਦੋ ਚੀਜ਼ਾਂ ਨੇ, ਤੀਸਰਾ ਇਹਦੇ ਵਿਚ ਚਿੱਤ ਹੈ। ਅਹਿਸਾਸ ਕਰਨ ਵਾਲਾ। ਮਹਿਸੂਸ ਕਰਨ ਵਾਲਾ, ਬਈ ਅੱਜ ਬੜਾ ਪ੍ਰਸੰਨ ਹੋਇਆ, ਬੁੱਧੀ ਨਹੀਂ ਕਹਿੰਦੀ ਕਿ ਮੈਂ ਪ੍ਰਸੰਨ ਹੋਈ ਹਾਂ, ਉਹ ਚਿੱਤ ਕਹਿੰਦਾ। ਕਹਿੰਦਾ ਐਂ ਜ਼ਮੀਨ ਜਿਹੜਾ ਤੇਰੇ ਤੇ ਆਉਂਦਾ ਹੈ ਨਾ, ਇਕ ਤਾਂ ਹਿੱਸਾ ਇਹ ਹੈ, ਇਕ ਉਹਦੇ ਵਿਚ ਪ੍ਰਮੇਸ਼ਰ ਦੀ ਜੋਤ ਹੁੰਦੀ ਹੈ। ਵਿਚ ਵਿਚਾਲੇ ਇਕ ਪਰਛਾਵਾਂ ਹੁੰਦਾ ਹੈ, ਦੋਹਾਂ ਦੇ ਵਿਚਾਲੇ ਇਧਰਲੇ ਪਾਸੇ ਤੇ ਉਧਰਲੇ ਪਾਸੇ, ਉਹ ਪਰਛਾਵਾ ਜਿਹੜਾ ਮੈਂ ਬਣ ਜਾਂਦਾ ਹੈ, ਖਾਹ-ਮਖਾਹ ਮੈਂ ਬਣਦਾ ਹੈ।

ਕਹਿੰਦੇ ਜਿਹੜਾ ਤਾਂ ਮੈਂ ਬਣਦਾ ਹੈ, ਉਹ ਮੈਂ ਦੱਸ ਦਿੰਦਾ ਹੈ ਕਿ ਉਹ ਕਿੱਥੇ ਫਿਰਦੇ ਨੇ, ਦੋਹੇ ਨੇ ਇਕ ਤਾਂ ਮੈਂ ਬਣਦੇ ਨੇ ਇਕ ਬਣਦੇ ਨਹੀਂ ਹਨ। ਇਕ ਤਾਂ ਕਹਿੰਦੇ ਨੇ ਪ੍ਰਮੇਸ਼ਰ ਦੀ ਜੋਤ ਹੈ, ਇਕ ਮਾਦਾ ਹੈ, ਇਹਦੇ ਵਿਚ 'ਮੈਂ' ਕਿਉਂ ਬਣਾ ਜਿਹੜਾ 'ਮੈਂ' ਬਣਦਾ ਹੈ ਉਹਦੇ ਬਾਰੇ ਮੈਂ ਤੈਨੂੰ ਦੱਸ ਦਿੰਦਾ ਹਾਂ।

***ਭਾਵਅਰਥ - ਜੰਮਦਾ ਤੇ ਮਰਦਾ ਹੈ,***
***ਹਉਮੈ ਦਾ ਬੰਨਿਆ ਹੋਇਆ।***

ਆਸਮਾਨ ਕਹਿਣ ਲੱਗਿਆ ਐ ਜ਼ਮੀਨ! ਇਕ ਤਾਂ ਇਹ ਚੀਜ਼ ਹੈ, ਜਿਹੜੀ ਮੈਂ ਤੈਨੂੰ ਦੱਸੀ ਹੈ, ਇਕ ਤਾਂ 5

ਤੱਤ ਨੇ, 25 ਪ੍ਰਕਿਰਤੀਆਂ ਨੇ, 5 ਗਿਆਨ ਇੰਦਰੇ ਨੇ, 5 ਕਰਮ ਇੰਦਰੇ ਨੇ, 5 ਪ੍ਰਾਣ ਨੇ, ਤੇ ਇਹਦੇ ਵਿਚ ਮਨ ਹੈ ਤੇ ਬੁੱਧੀ ਹੈ, ਤੇ ਇਕ ਚਿੱਤ ਹੈ। ਦੂਜੇ ਪਾਸੇ ਪ੍ਰਮੇਸ਼ਰ ਦੀ ਜੋਤ ਹੈ। ਜਦੋਂ ਜੋਤ ਦਾ ਪ੍ਰਕਾਸ਼ ਪੈਂਦਾ ਤਾਂ ਇਕ ਚੀਜ਼ ਵਿਚ ਅਣਹੋਂਈ ਹੋ ਜਾਂਦੀ ਹੈ। ਪਰਦਾ ਪੈ ਜਾਂਦੈ। ਉਸ ਪਰਦੇ ਨੂੰ ਹਉਮੈ ਦਾ ਪਰਦਾ ਕਹਿੰਦੇ ਨੇ, ਉਹ ਖਾਹ-ਮਖਾਹ ਦੀ ਚੀਜ਼ ਹੈ, ਉਹ ਹੈ ਨਹੀਂ ਪਰ ਉਹ ਹੈ ਵੀ, ਪੱਕੀ ਹੋ ਜਾਂਦੀ ਹੈ। ਉਹਦਾ ਕੰਮ ਕੀ ਹੈ?

ਕਹਿੰਦੇ ਜਿੰਨੇ ਕਰਮ ਜੀਵ ਨੇ ਕਰਨੇ ਨੇ, ਉਹ ਕਰਮ ਉਹਦੇ ਨਾਲ ਚਿੰਬੜੀ ਜਾਂਦੇ ਨੇ ਕਿਉਂਕਿ ਮੈਂ ਬਣ ਗਈ। ਅਗਰ ਮੈਂ ਨਾ ਬਣੇ ਫਿਰ ਕੋਈ ਚਿੰਬੜਦਾ ਨਹੀਂ ਹੈ। ਜਦੋਂ ਮੈਂ ਬਣ ਗਿਆ –

***ਜਬ ਧਾਰੈ ਕੋਊ ਬੈਰੀ ਮੀਤੁ॥***
***ਤਬ ਲਗੁ ਨਿਹਚਲੁ ਨਾਹੀ ਚੀਤੁ॥*** ***ਪੰਨਾ - 278***
***ਜਬ ਇਹ ਜਾਨੈ ਮੈ ਕਿਛੁ ਕਰਤਾ॥***
***ਤਬ ਲਗੁ ਗਰਭ ਜੋਨਿ ਮਹਿ ਫਿਰਤਾ॥*** ***ਪੰਨਾ - 278***

ਜਿੰਨਾ ਚਿਰ ਕਹਿੰਦਾ ਮੈਂ ਨੇਕ ਕੰਮ ਕਰਿਆ, ਬਦ ਕੰਮ ਕਰਿਆ ਉਨਾਂ ਚਿਰ ਇਹ ਗਰਬ ਵਿਚੋਂ ਨਿਕਲ ਨਹੀਂ ਸਕਦਾ, ਜੰਮੇਗਾ, ਮਰੇਗਾ ਜੀਵਨ ਬਤੀਤ ਕਰੇਗਾ, ਫਿਰ ਕਰਮਾਂ ਦਾ ਲੇਖਾ ਦੇਵੇਗਾ, ਇਸ ਤਰ੍ਹਾਂ ਉਹਦੇ ਗੱਲ ਵਿਚ ਚੱਕਰ ਪੈ ਜਾਂਦੈ, ਇਥੇ ਸੰਸਾਰ ਤੇ ਆ ਕੇ ਕਰਮ ਕਰਦਾ ਤੇ ਜਦੋਂ ਸਰੀਰ ਨੂੰ ਛੱਡ ਜਾਂਦਾ ਉਹ ਸਰੀਰ, ਉਹ ਫਿਰ ਉਲਾਂਭੇ ਪੈਂਦੇ ਨੇ ਅੱਗੇ ਜਾ ਕੇ –

***ਜਾਲਣ ਗੋਰਾਂ ਨਾਲਿ ਉਲਾਮੇ ਜੀਅ ਸਹੇ॥***

***ਪੰਨਾ - 488***

ਜਿਹੜੀਆਂ ਪਹਿਲੀਆਂ ਚੀਜ਼ਾਂ ਤੈਨੂੰ ਦੱਸੀਆਂ ਉਹ ਤਾਂ ਇਥੇ ਕੋਈ ਦੱਬ ਦਿੰਦਾ, ਕੋਈ ਪਾਣੀ ਵਿਚ ਸੁੱਟ ਦਿੰਦਾ, ਕੋਈ ਅੱਗ ਲਾ ਕੇ ਜਾਲ ਦਿੰਦਾ। ਉਹ ਤਾਂ ਖਤਮ ਹੁੰਦੀ ਹੈ, ਤੇਰੇ ਕੋਲ ਹੀ ਪਿਆ ਸਭ ਕੁਝ। ਜਾਂਦਾ ਉਹ ਵੀ ਕਿਤੇ ਨਹੀਂ, ਪੰਚ ਤੱਤ ਨਾ ਕਦੇ ਘਟੇ ਨੇ, ਨਾ ਕਦੇ ਵਧੇ ਨੇ। ਰਹਿੰਦੇ ਉਨੇ ਹੀ ਨੇ, ਲੇਕਿਨ ਸ਼ਕਲ ਬਦਲ ਜਾਂਦੀ ਹੈ। ਇਕ ਚੀਜ਼ ਨੂੰ ਦੂਜੀ ਚੀਜ਼ ਖਾ ਲੈਂਦੀ ਹੈ ਤਾਂ ਉਹ ਭਾਰੀ ਹੋ ਜਾਂਦੀ ਹੈ। ਉਹਦੇ ਵਿਚ ਚਲੀ ਜਾਂਦੀ ਹੈ ਉਹ ਚੀਜ਼।

ਸੋ ਇਸ ਤਰ੍ਹਾਂ ਦੇ ਨਾਲ ਉਹ ਤਾਂ ਇਥੇ ਜਾਲ ਦਿੰਦੇ ਨੇ ਜਾਂ ਗੋਰਾਂ ਵਿਚ ਪਈ ਰਹਿੰਦੀ ਹੈ, ਪੰਜ ਤੱਤ, ਪੰਜ ਤੱਤਾਂ 'ਚ ਰਲੇ ਰਹਿੰਦੇ ਨੇ ਤੇ ਜਿਹੜਾ ਜੀਵ ਹੈ, ਇਹ ਫਿਰ ਇਥੋਂ ਚਲਦਾ ਹੈ, ਇਥੋਂ ਕਰਮ ਕੀਤੇ ਹੁੰਦੇ ਨੇ, ਕੁਝ ਚੰਗੇ, ਕੁਝ ਮੰਦੇ, ਜਿਹੜੇ ਮੰਦੇ ਕਰਮ ਨੇ, ਉਹ ਕਰਨ ਵਾਲਾ ਜਿਹੜਾ ਬੰਦਾ ਸੰਸਾਰ ਤੋਂ ਜਾਂਦੈ, ਜਦੋਂ ਉਹਨੂੰ ਸੱਚ ਦੀ ਕਚਹਿਰੀ ਵਿਚ ਖੜਨਾ ਪੈਂਦੈ, ਉਸ ਵੇਲੇ ਉਹਦੇ ਤੇ ਦਫਾ ਲੱਗਦੀ ਹੈ। ਬਈ ਆਹ ਕਰਮ ਕਰਿਆ, ਇਹਦੀ ਇਹ ਸਜਾ। ਆਹ ਕਰਿਆ ਤਾਂ ਇਹਦੀ ਆਹ ਸਦਾ। ਆਹ ਨੇਕ ਕਰਮ ਕਰਿਆ, ਇਹਦਾ ਇਹ ਫਲ ਮਿਲਦੈ, ਬੁਰਾ ਤੇ ਭਲਾ ਉਥੇ ਪਰਖਿਆ ਜਾਂਦਾ ਹੈ। ਇਥੇ ਆਦਮੀ ਖ਼ੂਨ ਕਰਦਾ ਬੇਫਿਕਰ ਹੋ ਕੇ, ਲੇਕਿਨ ਉਸ ਨੂੰ ਇਸ ਗੱਲ ਦਾ ਗਿਆਨ ਨਹੀਂ ਹੈ।

***ਭਾਵਅਰਥ - ਲੇਖਾ ਤੇਰੀ ਜ਼ਿੰਦੜੀ ਨੇ ਦੇਣਾ,***
***ਪਾਪ ਕਮਾਉਂਦੈ ਗਾਫਲਾ।***

***ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ॥***
***ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ॥***
***ਸੰਨ੍ਹੀ ਦੇਨਿ੍ ਵਿਖੰਮ ਥਾਇ ਮਿਠਾ ਮਦੁ ਮਾਣੀ॥***
***ਕਰਮੀ ਆਪੋ ਆਪਣੀ ਆਪੇ ਪਛੁਤਾਣੀ॥***
***ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ॥***

***ਪੰਨਾ - 315***

***ਬਹੁ ਪਰਪੰਚ ਕਰਿ ਪਰ ਧਨੁ ਲਿਆਵੈ॥***
***ਸੁਤ ਦਾਰਾ ਪਹਿ ਆਨਿ ਲੁਟਾਵੈ॥***
***ਮਨ ਮੇਰੇ ਭੂਲੇ ਕਪਟੁ ਨ ਕੀਜੈ॥***
***ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ॥***
***ਛਿਨੁ ਛਿਨੁ ਤਨੁ ਛੀਜੈ ਜਰਾ ਜਨਾਵੈ॥***
***ਤਬ ਤੇਰੀ ਓਕ ਕੋਈ ਪਾਨੀਓ ਨ ਪਾਵੈ॥***
***ਕਹਤੁ ਕਬੀਰੁ ਕੋਈ ਨਹੀ ਤੇਰਾ॥***
***ਹਿਰਦੈ ਰਾਮੁ ਕੀ ਨ ਜਪਹਿ ਸਵੇਰਾ॥*** ***ਪੰਨਾ - 656***

***ਜਿਮੀ ਪੁਛੈ ਅਸਮਾਨ ਫਰੀਦਾ ਖੇਵਟ ਕਿੰਨਿ ਗਏ॥***

***ਪੰਨਾ - 488***

ਕਿਥੇ ਚਲੇ ਗਏ, ਬੜੇ-ਬੜੇ ਤਾਰਨ ਵਾਲੇ ਆਏ, ਵੱਡੇ ਵੱਡੇ ਰਾਜੇ ਆਏ, ਮੈਨੂੰ ਦੱਸ ਤਾਂ ਸਹੀ ਚਲੇ ਕਿਥੇ ਜਾਂਦੇ ਨੇ, ਮੁੜ ਕੇ ਕੋਈ ਨਹੀਂ ਆਉਂਦਾ।

ਕਹਿਣ ਲੱਗਾ, ਐ ਜ਼ਮੀਨ ਸਰੀਰ ਤਾਂ ਰਹਿ ਜਾਂਦੇ ਨੇ ਤੇਰੇ ਕੋਲ –

***ਜਾਲਣ ਗੋਰਾਂ ਨਾਲਿ ............॥*** ***ਪੰਨਾ - 488***

ਕੁਝ ਜਾਲ ਦਿੰਦੇ ਨੇ, ਕੁਝ ਕਬਰਾਂ 'ਚ ਦੱਬ ਦਿੰਦੇ ਨੇ ਤੇ ਜਿਹੜਾ ਜੀਵ ਹੈ ਇਹਨੂੰ ਫਿਰ ਉਲਾਂਭੇ ਮਿਲਦੇ ਨੇ ਉਥੇ ਜਾ ਕੇ ਦੁਖੀ ਹੁੰਦੈ, ਜਦ ਲੇਖਾ ਦਿੰਦੈ।

***ਕਬੀਰ ਲੇਖਾ ਦੇਨਾ ਸੁਹੇਲਾ ਜਉ ਦਿਲ ਸੂਚੀ ਹੋਇ॥***

***ਪੰਨਾ - 1376***

ਸੁੱਚਾ ਦਿਲ ਹੋਵੇ –

***ਰੇ ਰੇ ਦਰਗਹ ਕਹੈ ਨ ਕੋਊ॥***
***ਆਉ ਬੈਠੁ ਆਦਰੁ ਸੁਭ ਦੇਊ॥*** ***ਪੰਨਾ - 252***

ਪਾਪ ਕਰੇ ਹੋਏ ਨੇ ਲੁਕ ਲੁਕ ਕੇ, ਛੁਪ-ਛੁਪ ਕੇ, ਫਿਰ ਤਾਂ ਉਥੇ ਜਾ ਕੇ ਬੜਾ ਔਖਾ ਹੋ ਜਾਣਾ, ਬਹੁਤ ਮੁਸ਼ਕਲ ਹੋ ਜਾਂਦਾ ਉਸ ਥਾਂ ਤੇ ਜਾ ਕੇ ਲੇਖਾ ਦੇਣਾ।

ਕਹਿੰਦੇ ਛੇਤੀ ਕਰ ਲੈ –

*ਹਿਰਦੈ ਰਾਮੁ ਕੀ ਨ ਜਪਹਿ ਸਵੇਰਾ॥ ਪੰਨਾ - 656*

ਹੁਣ ਨਾ ਤੂੰ ਘੌਲ ਕਰ ਕਿ ਵੱਡਾ ਹੋ ਕੇ ਕਰੂੰਗਾ -

*ਆਵੈ ਅੰਤੁ ਨ ਭਜਿਆ ਜਾਈ॥ ਪੰਨਾ - 1159*

ਫਿਰ ਨਹੀਂ ਇਹ ਹੋ ਸਕਣਾ। ਇਕ ਸੇਠ ਸੀ, ਸਤਸੰਗ ਵਿਚ ਜਾਇਆ ਕਰਦਾ ਸੀ, ਪਰ ਉਹਦੀ ਬਿਰਤੀ ਮਾਇਆਧਾਰੀ ਸੀ, ਥੋੜਾ ਬਹੁਤ ਦਾਨ ਪੁੰਨ ਵੀ ਕਰ ਲੈਂਦਾ ਸੀ, ਪਰ ਦਿਖਾ ਕੇ ਕਰਦਾ ਸੀ ਕਿ ਮੇਰੀ ਅਰਦਾਸ ਕਰੋ। ਦੁਨੀਆਂ ਨੂੰ ਪਤਾ ਲਗ ਜਾਵੇ ਕਿ ਮੈਂ ਸੇਠ ਹਾਂ ਤੇ ਮੈਂ ਕੁਝ ਦਿੱਤਾ। ਜੇ ਅਰਬ ਦੀ ਆਮਦਨ ਵਾਲਾ ਲੱਖ ਰੁਪਈਆ ਦੇ ਦੇਵੇ ਤੇ ਇਕ ਗਰੀਬ ਹੈ ਨੌਕਰੀ ਕਰਨ ਵਾਲਾ ਉਹ। ਇਕ ਰੁਪਈਆ ਦੇ ਦੇਵੇ। ਇਕ ਦੇਣ ਵਾਲੇ ਦਾ ਵੱਧ ਹੋਇਆ ਕਰਦੈ, ਉਹ ਲੱਖ ਵਾਲਾ ਦਿਖਾਉਂਦਾ ਹੈ ਕਿ ਮੇਰਾ ਪਤਾ ਲੱਗ ਜਾਵੇ, ਬਈ ਮੈਂ ਵੀ ਹੈਗਾ ਕੁਝ, ਉਹ ਦਾਨ ਲੱਗਿਆ ਨਹੀਂ ਕਰਦਾ, ਜਮ੍ਹਾਂ ਨਹੀਂ ਹੁੰਦਾ ਅਗਾਂਹ ਜਾ ਕੇ, ਉਹ ਇਥੇ ਨਾਮ ਕਮਾਉਣ 'ਚ ਖਰਚ ਹੋ ਜਾਂਦਾ ਹੈ ਬਈ ਨਾਮ ਨਾਲ ਮਿਲਦੈ।

ਸੋ ਐਸਾ ਸੇਠ ਉਹਨੇ ਮਹਾਂਪੁਰਸ਼ਾਂ ਤੋਂ, ਤੱਤ-ਬੇਤਿਆਂ ਤੋਂ ਇਹ ਸੁਣਿਆ ਕਿ ਜੇ ਕੋਈ ਪ੍ਰਮੇਸ਼ਰ ਦਾ ਨਾਮ ਅੰਤ ਸਮੇਂ ਲੈ ਲਵੇ, ਉਹਦਾ ਛੁਟਕਾਰਾ ਹੋ ਜਾਂਦੈ। ਉਹ ਵੀ ਵਿਉਂਤਾ ਬਣਾਉਂਦੈ, ਨੌਜਵਾਨ ਹੈ ਉਸ ਵੇਲੇ, ਬਈ ਕਿਸ ਤਰ੍ਹਾਂ ਮੈਂ ਅੰਤ ਵੇਲੇ ਰਾਮ ਕਹਿ ਲਵਾਂਗਾ, ਜੇ ਸਾਰੀ ਜਿੰਦਗੀ ਨਹੀਂ ਹੁੰਦਾ ਤਾਂ ਕੋਈ ਗੱਲ ਨਹੀਂ ਹੈ।

ਮਹਾਂਪੁਰਸ਼ਾਂ ਨੇ ਅਜਾਮਲ ਦੀ ਸਾਖੀ ਸੁਣਾ ਕੇ ਦੱਸਿਆ ਕਿ -

*ਅਜਾਮਲੁ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ॥*
*ਪੰਨਾ - 632*

ਉਹਦਾ ਅੱਖ ਦੇ ਚਮਕੇ ਜਿੰਨਾ ਨਿਸਤਾਰਾ ਹੋ ਗਿਆ ਸੀ, ਅਜਾਮਲ -

*ਅਜਾਮਲ ਕਉ ਅੰਤ ਕਾਲ ਮਹਿ ਨਾਰਾਇਨ ਸੁਧਿ ਆਈ॥*
*ਜਾਂ ਗਤਿ ਕਉ ਜੋਗੀਸੁਰ ਬਾਛਤ ਸੋ ਗਤਿ ਛਿਨ ਮਹਿ ਪਾਈ॥*
*ਪੰਨਾ - 902*

ਮਹਾਂ ਪਾਪੀ ਗਿਣਿਆ ਗਿਆ ਸੀ ਤੇ ਅੰਤ ਵੇਲੇ ਪ੍ਰਮੇਸ਼ਰ ਦਾ ਨਾਮ ਉਹਦੀ ਜ਼ੁਬਾਨ ਤੇ ਆ ਗਿਆ ਕਿਉਂਕਿ ਮਹਾਤਮਾ ਨੇ ਉਹਦਾ ਮੰਦਾ ਹਾਲ ਦੇਖ ਕੇ ਉਹਦੇ ਪੁੱਤਰ ਦਾ ਨਾਮ ਨਾਰਾਇਣ ਰੱਖ ਦਿੱਤਾ ਸੀ। ਨਾਲੇ ਕਹਿ ਦਿੱਤਾ ਕਿ ਨਾਰਾਇਣ, ਨਾਰਾਇਣ ਕਹੀ ਜਾਈਂ ਤੇ ਖਿਆਲ ਸੀ ਉਹਨਾਂ ਦਾ ਬਈ ਇਹਨੂੰ ਅੰਤ ਸਮੇਂ ਪ੍ਰਮੇਸ਼ਰ ਦਾ ਨਾਮ ਚਿੱਤ ਆ ਜਾਵੇਗਾ।

*ਅੰਤਕਾਲ ਜਮਦੂਤ ਵੇਖਿ ਪੁਤ ਨਰਾਇਣੁ ਬੋਲੈ ਛਹਿਆ।*
*ਭਾਈ ਗੁਰਦਾਸ ਜੀ ਦੀ ਵਾਰ 10/20*

ਜਦੋਂ ਜਮਦੂਤਾਂ ਨੇ ਆ ਕੇ ਹੱਥ ਪਾ ਲਿਆ ਤਕੜਾ -

*ਇਕ ਰਤੀ ਬਿਲਮ ਨ ਦੇਵਨੀ ਵਣਜਾਰਿਆ ਮਿਤ੍ਰਾ*
*ਓਨੀ ਤਕੜੇ ਪਾਏ ਹਾਥ॥ ਪੰਨਾ - 78*

ਡਾਕਟਰ ਦਾ ਟੀਕਾ ਹੱਥ 'ਚ ਹੀ ਫੜਿਆ ਰਹਿ ਜਾਂਦੈ ਕਿਉਂਕਿ ਉਹ ਇਕ ਸਕਿੰਟ ਵੀ ਨਹੀਂ ਦਿੰਦੇ ਅਗਾਂਹ, ਹੱਥ ਇੰਨੇ ਕਰੜੇ ਨੇ ਕਿ ਛੁਡਾ ਨਹੀਂ ਸਕਦਾ ਕੋਈ।

ਕਹਿਣ ਲੱਗੇ ਉਸ ਵੇਲੇ ਅਜਾਮਲ ਨੇ ਡਰ ਕੇ, ਹਰ ਵਕਤ ਨਰਾਇਣ ਨਰਾਇਣ ਕਰਦਾ ਸੀ, ਪੁੱਤਰ ਨੂੰ ਆਵਾਜ਼ ਮਾਰੀ। ਆਵਾਜ਼ ਮਾਰੀ ਪੁੱਤਰ ਨੂੰ, ਧਿਆਨ ਚਲਿਆ ਗਿਆ ਪ੍ਰਮੇਸ਼ਰ ਵੱਲ।

*ਅਜਾਮਲ ਪ੍ਰੀਤਿ ਪੁਤ੍ਰ ਪ੍ਰਤਿ ਕੀਨੀ ਕਰਿ ਨਾਰਾਇਣ ਬੋਲਾਰੇ॥*
*ਮੇਰੇ ਠਾਕੁਰ ਕੈ ਮਨਿ ਭਾਇ ਭਾਵਨੀ ਜਮਕੰਕਰ ਮਾਰਿ ਬਿਦਾਰੇ॥*
*ਪੰਨਾ - 981*

ਉਹਦੀ ਜਿਹੜੀ ਭਾਵਨੀ ਸੀ, ਵਾਹਿਗੁਰੂ ਨੂੰ ਭਾਅ ਗਈ ਤੇ ਜਿਹੜੇ ਜਮਦੂਤ ਆਏ ਸੀ, ਉਸ ਪ੍ਰਮੇਸ਼ਰ ਨੇ ਮਾਰ ਦਿੱਤੇ, ਇਹਦੇ ਮਨ ਵਿਚ ਨਿਹਚਾ ਹੋ ਗਿਆ ਬਈ ਚਲੋ ਜੇ ਭਜਨ ਬੰਦਗੀ ਨਹੀਂ ਹੋਵੇਗੀ ਤਾਂ ਇਹ ਕੰਮ ਤਾਂ ਕਰ ਲਊਂ ਮੈਂ। ਉਹਨੇ ਇਕ ਪੁੱਤਰ ਦਾ ਨਾਮ ਰਾਮ ਚੰਦਰ ਰੱਖ ਦਿੱਤਾ, ਦੂਜੇ ਦਾ ਕ੍ਰਿਸ਼ਨ, ਤੀਸਰੇ ਦਾ ਨਾਰਾਇਣ, ਚੌਥੇ ਦਾ ਗੋਬਿੰਦ ਰੱਖ ਦਿੱਤਾ। ਅੰਤਮ ਕਾਲ ਆ ਗਿਆ। ਗੱਲਾਂ ਕਰਨ ਲੱਗ ਪਿਆ, ਜਿਹੜੀਆਂ ਜਿੰਦਗੀ ਭਰ ਕਰਦਾ ਸੀ, ਉਹਨੇ ਸਾਡੇ ਨਾਲ ਐਸਾ ਕਰਿਆ, ਓਹਦਾ ਵਿਸਾਹ ਨਾ ਕਰਿਓ, ਉਹਤੋਂ ਮੈਂ ਇੰਨੇ ਪੈਸੇ ਲੈਣੇ ਨੇ, ਲੈ ਲੈਣਾ, ਸਾਰਾ ਚਿੱਠਾ ਖੋਲ੍ਹ ਲਿਆ।

ਸਿਆਣਿਆ ਨੇ ਸੋਚਿਆ ਕਿ ਇਹਦੀ ਜ਼ੁਬਾਨ ਥਥਲਾਉਣ ਲੱਗ ਪਈ ਹੈ ਤੇ ਨਬਜ਼ ਦੀ ਚਾਲ ਮੱਧਮ ਪੈ ਗਈ ਹੈ, ਇਸ ਤੋਂ ਇਹ ਗੱਲਾਂ ਛਡਵਾਓ ਤੇ ਰੱਬ ਦਾ ਨਾਮ ਲੈ ਲਵੇ। ਜਿਹੜੇ ਪੰਚਾਇਤ ਵਿਚ ਸਿਆਣੇ ਬੰਦੇ ਬੈਠੇ ਸੀ ਕਹਿਣ ਲੱਗੇ, ਸੇਠ ਜੀ! ਇਹਨਾਂ ਗੱਲਾਂ ਦਾ ਹੁਣ ਕੋਈ ਫਾਇਦਾ ਨਹੀਂ, ਤੁਸੀਂ ਸੰਸਾਰ ਤੋਂ ਚਲੇ ਜਾਣਾ ਹੈ, ਮੁੜ ਕੇ ਇਸ ਘਰ ਵਿਚ ਨਹੀਂ ਆਉਣਾ, ਕੀ ਪਤਾ ਉਹਦੇ ਘਰ ਹੀ ਪੈਦਾ ਹੋ ਜਾਓ, ਜਿਸ ਨੂੰ ਗਾਲਾਂ ਕੱਢਦੇ ਹੋ, ਖੌਰੇ ਉਹਦੇ ਘਰ ਕੋਈ ਬੈਲ, ਵੱਛਾ ਬਣ ਕੇ ਆ ਜਾਓ, ਤੁਸੀਂ ਪ੍ਰਮੇਸ਼ਰ ਦਾ ਨਾਮ ਲਵੋ ਇਸ ਵੇਲੇ।

ਕਹਿੰਦਾ, ਮੈਂ ਤਾਂ ਇਹਨਾਂ ਨੂੰ ਗੱਲਾਂ ਦੱਸਣੀਆਂ ਹੀ ਹਨ ਛੇਤੀ ਛੇਤੀ, ਉਹਨਾਂ ਨੇ ਚਾਰੇ ਪੁੱਤਰ ਪੈਰਾਂ ਵੱਲ ਖੜੇ ਕਰ ਦਿੱਤੇ। ਪਛਾਨਣ ਤੋਂ ਹੱਟ ਗਿਆ, ਥੋੜਾ ਥੋੜਾ ਪਹਿਚਾਣਦਾ ਹੈ।

ਉਹ ਕਹਿਣ ਲੱਗੇ, "ਸੇਠ ਜੀ! ਇਹਨਾਂ ਨੂੰ ਪਹਿਚਾਣੋ ਕੌਣ ਖੜੇ ਨੇ, ਨਾਓ ਲਓ ਇਹਨਾਂ ਦੇ। ਸਾਰਿਆਂ ਵੱਲ ਦੇਖੀ ਗਿਆ, ਦੇਖੀ ਗਿਆ।

ਕਹਿਣ ਲਗਿਆ, ਓਏ! ਤੁਸੀਂ ਚਾਰੇ ਹੀ ਦੁਕਾਨ ਬੰਦ ਕਰਕੇ ਆ ਗਏ, ਕੋਈ ਤਾਂ ਉਥੇ ਰਹਿੰਦਾ, ਇੰਨਾ ਹੀ ਕਹਿਣ ਤੇ ਪ੍ਰਾਣ ਨਿਕਲ ਗਏ। ਕਹਿੰਦੇ ਲਓ ਦੇਖੋ! ਸਾਰੀ ਜ਼ਿੰਦਗੀ ਵੀ ਕਹਿ ਨਹੀਂ ਸਕਿਆ ਤੇ ਹੁਣ ਅੰਤ ਵੇਲੇ ਵੀ ਨਾਉ ਨਹੀਂ ਲਿਆ, ਬਈ ਰਾਮ ਚੰਦਰ ਕ੍ਰਿਸ਼ਨ ਤੂੰ ਦੁਕਾਨ ਤੇ ਰਹਿਣਾ ਸੀ, ਸ਼ਾਇਦ ਇੰਨਾ ਕਹਿਣ ਤੇ ਇਹਦਾ ਧਿਆਨ ਪ੍ਰਮੇਸ਼ਰ ਵੱਲ ਚਲਾ ਜਾਂਦਾ। ਪ੍ਰਮੇਸ਼ਰ ਵਲ ਧਿਆਨ ਨਹੀਂ ਜਾਂਦਾ, ਕਿਉਂਕਿ ਪਹਿਲਾਂ ਨਾਮ ਨਹੀਂ ਜਪਿਆ ਹੋਇਆ, ਬੰਦਗੀ ਨਹੀਂ ਕੀਤੀ ਹੋਈ, ਧਿਆਨ ਉਹਦਾ ਹੀ ਆਏਗਾ, ਜਿਹੜਾ ਪ੍ਰਮੇਸ਼ਰ ਦਾ ਨਾਮ ਜਪੇਗਾ। ਜੇ ਕੋਈ ਕਹੇ ਕਿ ਅਜਾਮਲ ਦਾ ਕਿਵੇਂ ਆ ਗਿਆ, ਅਜਾਮਲ ਦੇ ਉਤੇ ਤਗੜੇ ਮਹਾਤਮਾ ਦਾ ਹੱਥ ਸੀ. ਉਹਨਾਂ ਦੀ ਆਤਮ ਬਲ ਸੀ ਉਹਨੂੰ ਉਧਾਰਨ ਦੀ। ਮਹਾਤਮਾ ਦੀ ਮਿਹਰ ਸੀ ਕਿ ਇਹਨੂੰ ਨਰਕ ਵਿਚ ਨਹੀਂ ਜਾਣ ਦੇਣਾ, ਉਹਦੇ ਮੁਖ ਤੋਂ ਰਾਮ ਕਹਾ ਲਿਆ।

***ਅਜਾਮਲ ਕਉ ਅੰਤ ਕਾਲ ਮਹਿ ਨਾਰਾਇਨ ਸੁਧਿ ਆਈ॥***
***ਜਾਂ ਗਤਿ ਕਉ ਜੋਗੀਸੁਰ ਬਾਛਤ ਸੋ ਗਤਿ ਛਿਨ ਮਹਿ ਪਾਈ॥***

*ਪੰਨਾ - 902*

ਕਬੀਰ ਸਾਹਿਬ ਕਹਿੰਦੇ ਤੂੰ ਐਸਾ ਨਾਮ ਹੁਣ ਤੋਂ ਹੀ ਜੱਪਣ ਲੱਗ ਜਾ ਜਦ ਤੋਂ ਤੈਨੂੰ ਸੁਰਤ ਆਈ ਹੈ, ਛੋਟੀ ਉਮਰ ਤੋਂ। ਅਗਾਂਹ ਫਿਰ ਕੋਈ ਪਤਾ ਨਹੀਂ ਲੱਗਦਾ। ਇਕ ਤਾਂ ਕਾਲ ਦਾ ਕੋਈ ਭਰੋਸਾ ਨਹੀਂ ਹੈ ਕਿ ਕਿਹੜੇ ਵੇਲੇ ਆ ਜਾਵੇ। ਜੇ ਕੋਈ ਕਹੇ ਕਿ ਮੈਂ ਮੁੰਡਾ ਵਿਆਹ ਕੇ ਫਿਰ ਨਾਮ ਜਪੂੰ, ਆਹ ਤਾਂ ਗੱਲ ਚਲਦੀ ਨਹੀਂ ਹੈ। ਇਹ ਤਾਂ ਉਡ਼ਾਂਦੇ ਹੀ ਊਠ ਲੱਦ ਹੁੰਦੇ ਨੇ, ਰੌਲੇ ਗੌਲੇ ਵਿਚ ਜਬਰਦਸਤੀ ਹੀ ਨਾਮ ਜਪ ਹੋਇਆ ਕਰਦੈ। ਇਉਂ ਨਹੀਂ ਹੁੰਦਾ ਕਿਉਂਕਿ ਕਾਲ ਦਾ ਨਹੀਂ ਪਤਾ, ਉਹਦਾ ਕੋਈ ਸਮਾਂ ਨਹੀਂ ਹੈ। ਇਸ ਤਰ੍ਹਾਂ ਮਹਾਰਾਜ ਜੀ ਦੱਸਦੇ ਹਨ –

***ਭਾਵਅਰਥ - ਪੈ ਜੁ ਅਚਿੰਤਾ ਜਾਲ,***
***ਇਕ ਦਿਨ ਪੈ ਜਾਣਾ।***

ਮੱਛੀਆਂ ਪਾਣੀ ਵਿਚ ਕਲੋਲ ਕਰ ਰਹੀਆਂ ਹਨ, ਗੁਰੂ ਮਹਾਰਾਜ ਜੀ ਸਮਾਧੀ ਤੋਂ ਉਥਾਨ ਹੋਣ ਤੋਂ ਬਾਅਦ, ਅਚਾਨਕ ਆਪਦੀ ਨਿਗਾਹ, ਮੱਛੀਆਂ ਤੇ ਪੈ ਰਹੀ ਹੈ। ਬੇ-ਮਤਲਬੀ ਨਹੀਂ, ਜਿਸ ਜਿਸ ਮੱਛੀ ਤੇ ਨਿਗਾਹ ਪੈ ਰਹੀ ਹੈ, ਉਹਦਾ ਹੀ ਕਲਿਆਣ ਹੁੰਦਾ ਜਾ ਰਿਹਾ ਹੈ। ਮਹਾਰਾਜ ਜੀ ਨੇ ਕੀ ਦੇਖਿਆ ਕਿ ਇਕ ਸ਼ਿਕਾਰੀ ਆਇਆ, ਇਕ ਮੱਛੀ ਬਹੁਤ ਕਲੋਲਾਂ ਕਰਦੀ ਫਿਰਦੀ ਹੈ ਪਾਣੀ ਵਿਚ। ਬਹੁਤ ਸੁਹਣੀ ਹੈ, ਤੇ ਉਹਨੇ ਆ ਕੇ ਜਾਲ ਪਾ ਲਿਆ, ਜਾਲ ਵਿਚ ਓਹੀ ਮੱਛੀ ਪਹਿਲਾਂ ਫਸੀ।

ਮਹਾਰਾਜ ਕਹਿੰਦੇ ਐ ਮੱਛਲੀ ਤੈਨੂੰ ਪਤਾ ਨਹੀਂ ਸੀ ਕਿ ਜਾਲ ਪੈ ਗਿਆ।

***ਮਛੁਲੀ ਜਾਲੁ ਨ ਜਾਣਿਆ ਸਰੁ ਖਾਰਾ ਅਸਗਾਹੁ॥***
***ਅਤਿ ਸਿਆਣੀ ਸੋਹਣੀ ਕਿਉ ਕੀਤੋ ਵੇਸਾਹੁ॥***

*ਪੰਨਾ - 55*

ਕਿਉਂ ਵਿਸਾਹ ਕਰਿਆ ਇਹਦਾ, ਤੂੰ ਇੰਨੀ ਸਿਆਣੀ ਸੀ, ਇੰਨੀ ਸੁੰਦਰਤਾ ਤੈਨੂੰ ਵਾਹਿਗੁਰੂ ਜੀ ਨੇ ਬਖਸ਼ੀ ਹੈ, ਕਿੰਨੀਆਂ ਸੁਹਣੀਆਂ ਤੇਰੀਆਂ ਅੱਖਾ, ਕਿੰਨੇ ਤੇਰੇ ਸਰੀਰ ਦੇ ਉਤੇ ਸੁਹਣੀ ਸਜਾਵਟ ਲੱਗੀ ਹੋਈ ਹੈ, ਤੇ ਵਿਸਾਹ ਕਿਉਂ ਕਰਿਆ ਜਾਲ ਦਾ। ਉਹਨੇ ਤਾਂ ਫੜਨਾ ਹੀ ਸੀ –

***ਕੀਤੇ ਕਾਰਣਿ ਪਾਕੜੀ ਕਾਲੁ ਨ ਟਲੈ ਸਿਰਾਹੁ॥***

*ਪੰਨਾ - 55*

ਕਾਲ ਟਲਿਆ ਨਾ ਸਿਰ ਤੋਂ –

***ਭਾਈ ਰੇ ਇਉ ਸਿਰਿ ਜਾਣਹੁ ਕਾਲੁ॥***
***ਜਿਉ ਮਛੀ ਤਿਉ ਮਾਣਸਾ ਪਵੈ ਅਚਿੰਤਾ ਜਾਲੁ॥***

*ਪੰਨਾ - 55*

ਕਿਹੜੇ ਵੇਲੇ ਜਾਲ ਪੈ ਜਾਣੈ, ਦੁਨੀਆਂ 'ਚ ਕਿਸੇ ਨੂੰ ਪਤਾ ਹੀ ਨਹੀਂ, ਰੋਜ਼ ਦੁਨੀਆਂ 'ਚ ਦੇਖਦੇ ਹਾਂ। ਚੰਗਾ ਭਲਾ ਬੰਦਾ ਹੁੰਦੈ। ਕਹਿਣਗੇ ਜੀ ਤੁਰ ਗਿਆ। ਪਹਿਲਾਂ ਤਾਂ ਉਹਨੂੰ ਚਿੱਤ ਚੇਤੇ ਵੀ ਨਹੀਂ ਹੁੰਦਾ।

***ਫਰੀਦਾ ਦਰੀਆਵੈ ਕੰਨ੍ਹੈ ਬਗੁਲਾ ਬੈਠਾ ਕੇਲ ਕਰੇ॥***
***ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ॥***
***ਬਾਜ ਪਏ ਤਿਸੁ ਰਬ ਦੇ ਕੇਲਾਂ ਵਿਸਰੀਆਂ॥***
***ਜੋ ਮਨਿ ਚਿਤਿ ਨ ਚੇਤੇ ਸਨਿ ਸੋ ਗਾਲੀ ਰਬ ਕੀਆ॥***

*ਪੰਨਾ - 1384*

ਕੋਈ ਪਤਾ ਨਹੀਂ ਹੈ –

***ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ॥***
***ਓਹ ਬੇਰਾ ਨਹ ਬੂਝੀਐ ਜਉ ਆਇ ਪਰੈ ਜਮ ਫੰਧੁ॥***

*ਪੰਨਾ - 254*

ਸੋ ਇਸ ਕਰਕੇ ਕਹਿੰਦੇ ਸਵੇਰੇ ਉਠ ਕੇ ਜਲਦੀ ਨਾਮ ਜਪ ਲੈ।

***ਹਿਰਦੈ ਰਾਮੁ ਕੀ ਨ ਜਪਹਿ ਸਵੇਰਾ॥*** *ਪੰਨਾ - 656*

ਕਿਉਂ ਨਹੀਂ ਜਪਦਾ ਨਾਮ? ਇਕ ਕੋਈ ਬੀਬੀ ਸੀ, ਸਿਹਤ ਤੋਂ ਸੀਗੇ ਚੰਗੇ ਵਧੀਆ, ਪੁੰਨ ਦਾਨ ਤੋਂ ਖਾਲੀ ਸੀ, ਰੂਹਾਨੀਅਤ ਦੀ ਸੋਝੀ ਨਹੀਂ ਸੀ, ਬੜੇ ਹੈਂਕੜਵਾਲੇ ਸੀਗੇ ਤੇ ਉਹਦੇ ਦਰਵਾਜੇ ਤੇ ਜਾ ਕੇ ਕਿਸੇ ਬੱਚੇ ਨੇ ਜੋ ਸਾਧੂ ਲਿਬਾਸ ਦੇ ਵਿਚ ਸੀ ਬ੍ਰਹਮਚਾਰੀ, ਉਸ ਨੇ ਆਵਾਜ਼ ਦਿੱਤੀ 'ਸਤਿ ਕਰਤਾਰ', ਸਾਧੂਆਂ ਵਾਸਤੇ ਭੋਜਨ ਲਿਆਓ ਭਾਈ। ਬੀਬੀ ਲੈ ਕੇ ਚਲੀ ਗਈ। ਪ੍ਰਸ਼ਾਦਾ ਤਿਆਰ ਸੀ, ਜਦੋਂ ਜਾ ਕੇ ਦਿੱਤਾ, ਤਾਂ ਉਸ ਨੇ ਬੱਚੇ ਨੂੰ ਰਮਜ਼ ਮਾਰੀ ਜੋ ਕਿ ਨੌ ਕੁ ਸਾਲ ਦਾ ਸੀ।

ਕਹਿਣ ਲੱਗੀ, "ਬਾਲੇ ਅਜੇ ਤਾ ਤੂੰ ਛੋਟਾ ਹੈ, ਤੈਨੂੰ

ਭਜਨ ਬੰਦਗੀ ਦੀ ਲਗਨ ਕਿਥੋਂ ਲਗਨ ਲੱਗ ਗਈ। ਹੱਥ ਵਿਚ ਤੇਰੇ ਮਾਲਾ ਹੈ, ਤੇ ਤੇਰਾ ਚੇਹਰਾ ਵੈਰਾਗੀਆਂ ਵਾਲਾ ਹੈ, ਚੰਗੇ ਨਾਮ ਜੱਪਣ ਵਾਲਾ ਹੈ, ਇਹ ਤੈਨੂੰ ਲਗਨ ਕਿਵੇਂ ਲੱਗ ਗਈ।

ਕਹਿਣ ਲੱਗੇ, ਮੈਨੂੰ ਡਰ ਹੈ ਕਾਲ ਦਾ, ਪਤਾ ਨਹੀਂ ਕਿਹੜੇ ਵੇਲੇ ਗੁਲੇਲਾ ਮਾਰ ਦੇਵੇ।

ਗੁਰੂ ਨਾਨਕ ਪਾਤਸ਼ਾਹ ਦੇ ਪਾਸ ਇਕ ਬੱਚਾ ਆਉਂਦਾ ਹੈ, "ਸੱਚੇ ਪਾਤਿਸ਼ਾਹ! ਕਿਰਪਾ ਕਰੋ ਮੈਨੂੰ ਕਾਲ ਤੋਂ ਬਚਾਓ।"

ਮਹਾਰਾਜ ਕਹਿਣ ਲੱਗੇ, "ਪ੍ਰੇਮੀਆ! ਤੂੰ ਤਾਂ ਅਜੇ ਬੱਚਾ ਹੈਂ, ਡੰਗਰ ਚਾਰਦਾ ਫਿਰਦੈਂ, ਅਜੇ ਤਾਂ ਤੈਨੂੰ ਇਹਨਾਂ ਗੱਲਾਂ ਦੀ ਸੋਝੀ ਨਹੀਂ ਆਉਣੀ।"

ਕਹਿੰਦਾ, "ਮਹਾਰਾਜ! ਮੈਨੂੰ ਕਾਲ ਤੋਂ ਡਰ ਲੱਗ ਰਿਹੈ।"

ਕਹਿਣ ਲੱਗੇ, "ਕੀ ਗੱਲ?"

ਕਹਿਣ ਲੱਗਾ, "ਮਹਾਰਾਜ ਮੇਰੀ ਮਾਤਾ ਨੇ ਮੈਨੂੰ ਕਿਹਾ ਕਿ ਜਾ, ਜਾ ਕੇ ਅੱਗ ਮਚਾ। ਮੈਂ ਲੱਕੜੀਆਂ ਲਾ ਲਈਆਂ, ਫੂਕਾਂ ਮਾਰ ਮਾਰ ਕੇ ਕਮਲਾ ਹੋ ਗਿਆ, ਲੱਕੜੀਆਂ ਨੂੰ ਅੱਗ ਨਾ ਲੱਗੀ, ਮੇਰੀ ਮਾਤਾ ਕਹਿੰਦੀ, ਬੇਟਾ ਇਉਂ ਨਹੀਂ ਅੱਗ ਲੱਗਿਆ ਕਰਦੀ, ਪਹਿਲਾਂ ਨਿੱਕੇ ਨਿੱਕੇ ਡੱਕੇ ਲਿਆ, ਛੋਟੀਆਂ ਲੱਕੜੀਆਂ ਲਿਆ, ਪਹਿਲਾਂ ਉਹਨਾਂ ਨੂੰ ਲੱਗੂ ਤਾਂ ਵੱਡੀਆਂ ਨੂੰ ਲੱਗੂ। ਮਹਾਰਾਜ ਮੈਂ ਸੋਚਦਾ ਰਿਹਾ, ਬਈ ਛੋਟੀਆਂ ਜਿਹੜੀਆਂ ਲੱਕੜੀਆਂ ਨੇ ਇਹਨਾਂ ਨੂੰ ਪਹਿਲਾਂ ਅੱਗ ਲੱਗ ਜਾਂਦੀ ਹੈ, ਬੜੀਆਂ ਨੂੰ ਤਾਂ ਦੇਰ ਨਾਲ ਲੱਗਦੀ ਹੈ, ਸੱਚੇ ਪਾਤਸ਼ਾਹ! ਸਾਡੇ ਪਿੰਡ ਤੇ ਦੁਸ਼ਮਣਾਂ ਨੇ ਹਮਲਾ ਕਰ ਦਿੱਤਾ, ਜਿਹੜੇ ਵੱਡੇ ਸੀ, ਉਹ ਆਪਣੇ ਬਲ ਨਾਲ ਬਚ ਗਏ, ਪਰ ਬੱਚੇ ਬਹੁਤ ਮਰ ਗਏ। ਮੈਨੂੰ ਕਾਲ ਦਾ ਡਰ ਹੈ ਮਹਾਰਾਜ। ਕਿਰਪਾ ਕਰੋ।"

ਮਹਾਰਾਜ ਕਹਿਣ ਲੱਗੇ, "ਬੇਟਾ! ਤੂੰ ਬੱਚਾ ਨਹੀਂ ਹੈ, ਤੂੰ ਤਾਂ ਬੁੱਢਾ ਹੈ, ਬੁਢਿਆਂ ਵਾਲੀਆਂ ਗੱਲਾਂ ਕਰਦਾ ਹੈਂ।"

ਬੱਚਾ ਕਹਿਣ ਲੱਗਿਆ, "ਮਹਾਰਾਜ! ਮੈਨੂੰ ਤਾਂ ਕਾਲ ਦਾ ਡਰ ਲੱਗਿਆ ਹੋਇਆ ਹੈ ਕਿਉਂਕਿ ਕਾਲ ਦਾ ਕੋਈ ਭਰੋਸਾ ਨਹੀਂ ਹੈ। ਕਿਹੜੇ ਵੇਲੇ ਆ ਕੇ ਗੁਲੇਲਾ ਮਾਰੇ ਤੇ ਮੈਨੂੰ ਤਾਂ ਇੰਨਾ ਵਿਸ਼ਵਾਸ ਹੈ ਜਿਵੇਂ ਬਿੱਲਾ ਚਿੜੀਆਂ ਨੂੰ ਫੜਨ ਵਾਸਤੇ ਸ਼ਹਿ ਲਾਈ ਬੈਠਾ ਹੁੰਦਾ ਹੈ ਇਉਂ ਕਾਲ ਹਰ ਵਕਤ ਬੰਦੇ ਦੇ ਸਿਰ ਤੇ ਘੁੰਮ ਰਿਹੈ। ਕੋਈ ਪਤਾ ਨਹੀਂ ਕਿਹੜੇ ਵੇਲੇ ਆ ਕੇ ਝਪਟਾ ਮਾਰ ਦੇਵੇ।"

ਸੋ ਇਸ ਤਰ੍ਹਾਂ ਦਾ ਸਾਡਾ ਹਾਲ ਹੋਣ ਦੇ ਬਾਵਜੂਦ ਵੀ ਅਸੀਂ ਪ੍ਰਮੇਸ਼ਰ ਵੱਲ ਧਿਆਨ ਨਹੀਂ ਦਿੰਦੇ।

ਅਸਮਾਨ ਕਹਿਣ ਲੱਗਾ, "ਐ ਜ਼ਮੀਨ! ਇਹ ਬੰਦਾ ਜਦ ਗਾਫਲ ਹੁੰਦੈ, ਫਿਰ ਉਹਨੂੰ ਲੇਖੇ ਦੇਣੇ ਪੈਂਦੇ ਨੇ, ਇਥੇ ਤਾਂ ਠੱਗੀ ਕਰ ਜਾਂਦੈ, ਭਾਵੇਂ ਇਥੇ ਗੁਰੂ ਮਹਾਂਪੁਰਸ਼ ਸਭ ਨੂੰ ਆਵਾਜਾਂ ਦਿੰਦੇ ਨੇ, ਬਈ ਉਹ ਕੰਮ ਨਾ ਕਰੋ, ਜਿਹੜੇ ਕਰਕੇ ਵਾਹਿਗੁਰੂ ਭੁੱਲ ਜਾਵੇ।

***ਫਰੀਦਾ ਜਨ੍ਹੀ ਕੰਮੀ ਨਾਹਿ ਹੁਣ ਤੇ ਕੰਮੜੇ ਵਿਸਾਰਿ॥***

***ਪੰਨਾ - 407***

ਵਿਸਾਰ ਦੇ, ਭੁੱਲ ਜਾ ਉਹਨਾਂ ਕੰਮਾਂ ਨੂੰ, ਕਿਉਂ?

***ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ॥***

***ਪੰਨਾ - 407***

ਤੈਂ ਸਾਂਈ ਦੇ ਦਰਬਾਰਿ ਖੜੇ ਹੋਣੈ, ਕਟਹਿਰੇ 'ਚ ਜਾ ਕੇ, ਉਥੇ ਤੇਰੇ ਤੋਂ ਪੁੱਛ ਹੋਣੀ ਹੈ, ਇਥੇ ਤੈਨੂੰ ਚਾਹੇ ਪੁੱਛੇ ਚਾਹੇ ਨਾ ਕੋਈ ਪੁੱਛੇ, ਉਹ ਤਾਂ ਫਿਰ ਬਹੁਤ ਔਖਾ ਹੋ ਜਾਣੈ ਤੇ ਜਿਹੜੀ ਉਹਨਾਂ ਦੀ ਮਾਰ ਹੈ, ਉਹ ਨਹੀਂ ਸਹੀ ਜਾਣੀ। ਇਸ ਤਰ੍ਹਾਂ ਦੇ ਨਾਲ ਫੁਰਮਾਨ ਕਰਦੇ ਹਨ –

***ਭਾਵਅਰਥ - ਜਮਾਂ ਵਾਲੀ ਓ ਮਾਰ ਹੈ ਬੁਰੀ***
***ਓ, ਸਹੀ ਨਾ ਕਿਸੇ ਤੋਂ ਜਾਵੇ।***

***ਕਬੀਰ ਜਮ ਕਾ ਠੇਂਗਾ ਬੁਰਾ ਹੈ***
***ਓਹੁ ਨਹੀ ਸਹਿਆ ਜਾਇ॥ ਪੰਨਾ - 656***

ਅਨੁਭਵੀ ਮਹਾਂਪੁਰਸ਼ ਜਿਹਨਾਂ ਦੀ ਸੁਰਤ ਪਹੁੰਚਦੀ ਹੈ, ਉਹਨਾਂ ਥਾਵਾਂ ਤੇ ਉਹ ਦੱਸਦੇ ਹਨ ਕਿ ਜਿਸ ਵਕਤ ਜਮਦੂਤ ਦਾ ਹੰਟਰ ਪੈਂਦੈ, ਕਿੱਡਾ ਵੱਡਾ ਸ਼ਕਤੀਸ਼ਾਲੀ ਕਿਉਂ ਨਾ ਹੋਵੇ, ਹੋਸ਼ 'ਚ ਨਹੀਂ ਰਹਿੰਦਾ ਉਹ ਤੇ ਦੁਖ ਦਾ ਅੰਦਾਜਾ ਲਾਉਂਦੇ ਨੇ ਬਈ 400 ਵਾਰੀ ਇਕ ਥਾਂ ਤੇ ਤਲਵਾਰ ਲੱਗ ਜਾਵੇ, ਇਕ ਫੱਟ ਹੋ ਗਿਆ, ਉਹਦੇ 'ਚ 400 ਵਾਰੀ ਮਾਰੀ ਜਾਵੇ, ਜਿੰਨਾ ਦੁਖ ਜੇ 100 ਵਾਰੀ ਬਿਛੂ ਲੜ ਜਾਵੇ, ਇਕੋ ਥਾਂ ਤੇ ਇੰਨਾ ਦੁਖ ਜਮਦੂਤਾਂ ਦੇ ਇਕ ਹੰਟਰ ਦਾ ਹੋਇਆ ਕਰਦਾ ਹੈ।

ਕਹਿੰਦੇ ਸਹੀ ਨਹੀਂ ਜਾਂਦੀ, ਪਰ ਅਸੀਂ ਤਾਂ ਖੁਸ਼ਕਿਸਮਤ ਹਾਂ ਕਿਉਂਕਿ ਸਾਨੂੰ ਇਕ ਸਾਧੂ ਮਿਲ ਗਿਆ, ਉਸ ਸਾਧੂ ਨੇ ਆਪਣੇ ਪੱਲੇ ਨਾਲ ਲਾ ਲਿਆ ਸਾਨੂੰ, ਹੁਣ ਜਮਦੂਤ ਦਾ ਵਸ ਨਹੀਂ ਚਲਦਾ।

***ਏਕੁ ਜੁ ਸਾਧੁ ਮੁੋਹਿ ਮਿਲਿਓ ਤਿਨਿ੍ ਲੀਆ ਅੰਚਲਿ ਲਾਇ॥***

***ਪੰਨਾ - 1312***

ਜੇ ਲੱਗ ਗਿਆ ਤਾਂ ਬਚ ਗਿਆ, ਜੇ ਲੱਗਿਆ ਹੀ ਨਹੀਂ, ਫਿਰ ਨਹੀਂ ਬਚਦਾ।

***'ਚਲਦਾ'***

# ਅਨੰਦਮਈ ਜੀਵਨ ਜਾਚ
# The Art of Joyful Living

*ਮੂਲ ਲੇਖਕ - ਡਾ. ਸਵਾਮੀ ਰਾਮ ਜੀ*
*ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ*

*(ਲੜੀ ਜੋੜਨ ਲਈ ਦੇਖੋ, ਜਨਵਰੀ ਅੰਕ, ਪੰਨਾ-50)*

ਮਨ ਵਿਚ ਉਤਸ਼ਾਹ ਪੈਦਾ ਕਰੋ, ਰੁਚੀ ਪੈਦਾ ਕਰੋ, ਪ੍ਰੇਰਨਾ ਜਗਾਓ, ਜੋ ਕੁਝ ਵੀ ਤੁਹਾਡੇ ਆਸ ਪਾਸ ਹੋ ਰਿਹਾ ਹੈ ਉਸ ਨੂੰ ਦੇਖੋ, ਉਸ ਨੂੰ ਜਾਣੋ, ਜੋ ਕੁਝ ਵੀ ਕਰੋ ਮਨ ਤੋਂ ਕਰੋ, ਰੁਚੀ ਨਾਲ ਕਰੋ। ਕੁਝ ਕਰਨ ਤੋਂ ਪਹਿਲਾਂ ਹੀ ਲੋਕੀ ਕਿਉਂ ਉਸ ਤੇ ਸੋਚਣਾ ਚਾਹੁੰਦੇ ਹਨ ਜਾਂ ਸੋਚਦੇ ਹਨ? ਕਿਉਂਕਿ ਕਿਸੇ ਵੀ ਕੰਮ ਨੂੰ ਕਰਨਾ ਕਿਸੇ ਵੀ ਚੀਜ਼ ਦਾ ਕਰਨਾ ਔਖਾ ਨਹੀਂ ਹੈ, ਕਰਨ ਵਿਚ ਐਨਾ ਅਨੰਦ ਨਹੀਂ ਹੈ। ਕੋਈ ਵੀ ਕੰਮ ਕਰਨਾ ਆਪਣੇ ਆਪ ਵਿਚ ਅਨੰਦ ਦਾ ਅਹਿਸਾਸ ਜਾਂ ਅਨੰਦ ਦਾ ਪ੍ਰਗਟਾਵਾ ਨਹੀਂ ਹੈ। ਫਰਕ ਇਹ ਹੈ ਕਿ ਜਦੋਂ ਤੁਸੀਂ ਕੁਝ ਵੀ ਕਰਦੇ ਹੋ, ਉਹ ਆਪਣੇ ਆਪ ਵਿਚ ਅਨੰਦਮਈ ਨਹੀਂ ਹੈ, ਉਹ ਤੁਹਾਡੇ ਅਨੰਦ ਦਾ ਪ੍ਰਗਟਾਵਾ ਹੈ। ਵਾਸਤਵ ਵਿਚ ਸੱਚਾ ਅਨੰਦ ਤਾਂ ਤੁਹਾਡੇ ਅੰਦਰ ਹੈ, ਤੁਹਾਡੇ ਮਨ ਵਿਚ ਹੈ, ਤੁਹਾਡੇ ਹਿਰਦੇ ਵਿਚ ਹੈ।

ਕਿਸੇ ਵੇਲੇ ਤੁਸੀਂ ਕਿਸੇ ਬੜੀ ਹੀ ਪਿਆਰੀ ਸੋਚ, ਸੋਹਣੀ ਸੋਚਦੇ ਹੋ ਤੇ ਉਸ ਸੋਚ ਵਿਚੋਂ ਅਨੰਦ ਮਾਣਦੇ ਹੋ, ਤੁਸੀਂ ਕੇਵਲ ਸੋਚ ਹੀ ਰਹੇ ਹੋ, ਉਸ ਸਮੇਂ ਕੁਝ ਕਰ ਨਹੀਂ ਰਹੇ, ਕੁਝ ਹੋ ਨਹੀਂ ਰਿਹਾ, ਕੇਵਲ ਮਨ ਵਿਚ ਸੋਚ ਹੈ। ਕਈ ਵਾਰੀ ਤੁਸੀਂ ਉਹ ਕਰ ਰਹੇ ਹੁੰਦੇ ਹੋ ਜੋ ਤੁਸੀਂ ਠੀਕ ਸਮਝਦੇ ਹੋ, ਜੋ ਕਰਨਾ ਚਾਹੀਦਾ ਹੈ, ਜਿਸ ਨੂੰ ਕਰਨ ਵਿਚ ਵੱਧ ਤੋਂ ਵੱਧ ਅਨੰਦ ਮਿਲ ਸਕਦਾ ਹੈ ਜਾਂ ਮਿਲਣਾ ਚਾਹੀਦਾ ਹੈ, ਪਰ ਤੁਹਾਨੂੰ ਉਹ ਅਨੰਦ ਆਉਂਦਾ ਨਹੀਂ। ਕਾਰਣ ਤੁਹਾਡਾ ਮਨ ਓਥੇ ਨਹੀਂ ਹੁੰਦਾ, ਮਨ ਤੁਹਾਡਾ ਕਿਤੇ ਹੋਰ ਹੁੰਦਾ ਹੈ।

ਜੋ ਕੁਝ ਵੀ ਕਰੋ ਉਸ ਦਾ ਅਨੰਦ ਮਾਣੋ, ਸਰੀਰਕ ਤੌਰ ਤੇ ਅਤੇ ਮਨ ਤੋਂ ਹਰ ਕੰਮ ਨੂੰ ਪੂਰੀ ਤਨਮੈਤਾ ਨਾਲ ਕਰੋ। ਇਹ ਉਦੋਂ ਹੀ ਹੋ ਸਕਦਾ ਜਦੋਂ ਤੁਸੀਂ ਪੂਰੀ ਰੁਚੀ ਪੈਦਾ ਕਰੋਗੇ, ਸੱਚੇ ਸੁਚੇ ਹੋ ਕੇ ਕੰਮ ਕਰੋਗੇ। ਚਾਹੇ ਕੁਝ ਵੀ ਕਰੋ, ਛੋਟਾ ਕੰਮ, ਵੱਡਾ ਕੰਮ ਪੂਰੀ ਰੁਚੀ ਨਾਲ ਕਰੋ, ਪੂਰੀ ਇਕਾਗਰਤਾ ਨਾਲ ਕਰੋ।

ਜਿਹੜੇ ਦੰਪਤੀ ਹਨ ਉਹ ਜੋ ਕੁਝ ਵੀ ਪਤੀ ਪਤਨੀ ਲਈ ਜਾਂ ਪਤਨੀ ਪਤੀ ਲਈ ਜੋ ਵੀ ਕਰੋ, ਮਨੋ ਕਰੋ, ਕੇਵਲ ਇਕ ਦੂਸਰੇ ਨੂੰ ਪ੍ਰਸੰਨ ਕਰਨ ਲਈ ਨਾ ਕਰੋ, ਜੋ ਕੁਝ ਕਰੋ, ਮਨੋਂ ਕਰੋ, ਸੱਚੇ ਪਿਆਰ ਨਾਲ ਕਰੋ। ਜੇ ਉਹ ਇਕ ਦੂਸਰੇ ਨੂੰ ਕੇਵਲ ਖੁਸ਼ ਕਰਨ ਲਈ ਹੀ ਕੁਝ ਕਰਦੇ ਹਨ ਤਾਂ ਉਹ ਇਕ ਦੂਜੇ ਨੂੰ ਸੱਚਾ ਪਿਆਰ ਨਹੀਂ ਕਰਦੇ, ਉਹ ਇਕ ਦੂਸਰੇ ਪ੍ਰਤੀ ਸੱਚੇ ਨਹੀਂ ਹਨ, ਉਹ ਆਪਣੇ ਆਪ ਨਾਲ ਵੀ ਸੱਚੇ ਨਹੀਂ। ਕੋਈ ਵੀ ਕੰਮ ਬਿਨਾਂ ਰੁਚੀ ਤੋਂ, ਬਿਨਾਂ ਅਨੰਦ ਤੋਂ ਕੀਤਾ ਹੋਇਆ ਮਨ ਅਤੇ ਦਿਮਾਗ ਵਿਚ ਤਨਾਓ ਪੈਦਾ ਕਰਦਾ ਹੈ, ਸਰੀਰ ਉਤੇ ਵੀ ਉਸ ਦਾ ਮਾੜਾ ਹੀ ਪ੍ਰਭਾਵ ਪੈਂਦਾ ਹੈ। ਬਿਨਾਂ ਰੁਚੀ ਤੋਂ ਕੀਤੇ ਕੰਮ, ਬਿਨਾਂ ਪਿਆਰ ਤੇ ਧਿਆਨ ਤੋਂ ਕੀਤੇ ਕੰਮ ਸਮੱਸਿਆ ਹੀ ਪੈਦਾ ਕਰਨਗੇ। ਇਨ੍ਹਾਂ ਦੇ ਪਿਛੇ ਕੋਈ ਸ਼ੁਭ ਇੱਛਾ ਨਹੀਂ ਹੈ।

ਜਦੋਂ ਤੁਸੀਂ ਨਿਸੁਆਰਥੀ ਹੋ ਕੇ ਕੋਈ ਵੀ ਕੰਮ ਕਰਦੇ ਹੋ, ਚਾਹੇ ਉਹ ਕਿਸੇ ਵਾਸਤੇ ਹੀ ਕਿਉਂ ਨਾ ਹੋਵੇ, ਤੁਹਾਨੂੰ ਉਸ ਵਿਚੋਂ ਅਨੰਦ ਲੈਣਾ ਚਾਹੀਦਾ ਹੈ। ਜੇ ਤੁਸੀਂ ਕਹੋ ਮੈਂ ਇਹ ਕੰਮ ਨਿਸੁਆਰਥੀ ਹੋ ਕੇ ਕਰ ਰਿਹਾ ਹਾਂ ਪਰ ਤੁਹਾਡਾ ਮਨ ਕਿਤੇ ਹੋਰ ਹੈ, ਇਹ ਵੀ ਨਿਸੁਆਰਥ ਕੰਮ ਨਹੀਂ ਹੈ। ਉਹ ਤਾਂ ਇਕ ਵਗਾਰ ਹੋ ਗਈ, ਨਾ ਕੰਮ ਚੰਗਾ ਲਗ ਰਿਹਾ ਹੈ, ਨਾ ਨਿਸੁਆਰਥੀ ਹੋ ਕੇ ਕਰ ਰਹੇ ਹੋ। ਜੋ ਕਰੋ ਉਸ ਵਿਚ ਅਨੰਦ ਲੈਣ ਦਾ ਪਤਾ ਹੀ ਨਹੀਂ। ਪੂਰਾ ਮਨ ਤਨ ਲਗਾ ਕੇ ਕੰਮ ਕਰਨਾ ਸਿੱਖੋ, ਉਸ ਵਿਚੋਂ ਅਨੰਦ ਲੈਣਾ ਸਿੱਖੋ, ਇਕ ਵਾਰੀ ਜਦੋਂ ਤੁਸੀਂ ਪੂਰਾ ਮਨ ਤਨ ਕਿਸੇ ਚੀਜ਼ ਵਿਚ ਪਾ ਦਿਓਗੇ ਫੇਰ ਤੁਹਾਨੂੰ ਪਤਾ ਲਗੇਗਾ ਕਿ ਅਨੰਦ ਕਿਵੇਂ ਮਾਣਿਆ ਜਾਂਦਾ ਹੈ। ਜੇ ਕੋਈ ਕੰਮ ਕਰਨ ਵਿਚ ਕੁਝ ਕਰਨ ਵਿਚ ਤੁਹਾਨੂੰ ਭਾਰ ਮਹਿਸੂਸ ਹੁੰਦਾ ਹੈ, ਖਿਚਾਓ ਮਹਿਸੂਸ ਹੁੰਦਾ ਹੈ, ਸਰੀਰ ਵਿਚ ਜਾਂ ਮਨ ਵਿਚ ਕਿਤੇ ਵੀ ਬੋਝ ਲਗਦਾ ਹੈ, ਇਸ ਤੋਂ ਭਾਵ ਹੈ ਕਿ ਸਰੀਰ ਤੇ ਮਨ ਇਸ ਨਾਲ ਸਹਿਮਤ ਨਹੀਂ ਹਨ, ਇਸੇ ਕਰਕੇ ਬੋਝ ਮਹਿਸੂਸ ਹੁੰਦਾ ਹੈ।

ਮੈਂ ਇਹ ਕਹਿਣ ਦੀ ਕੋਸ਼ਿਸ਼ ਕਰ ਰਿਹਾ ਹਾਂ ਕਿ ਭਾਵੇਂ ਅਸੀਂ ਸੋਚਦੇ ਵੀ ਹਾਂ ਕਿ ਅਸੀਂ ਬਹੁਤ ਸਾਰੇ ਕਾਰਜ ਨਿਸੁਆਰਥ ਹੋ ਕੇ ਕਰ ਸਕਦੇ ਹਾਂ, ਪਰ ਇਹ ਕਰਨਾ ਮਾਨਸਿਕ ਤੇ ਸਰੀਰਕ ਸਿਹਤ ਲਈ ਠੀਕ ਨਹੀਂ ਜਦੋਂ ਤਕ ਕਿ ਸਕਾਰਾਤਮਕ ਰੁਚੀ ਪੈਦਾ ਨਾ ਕੀਤੀ ਜਾਵੇ। ਜਦੋਂ ਤਕ ਵੀ ਅਸੀਂ ਕੋਈ ਵੀ ਕੰਮ ਪੂਰੀ ਤਰ੍ਹਾਂ ਤਨ ਮਨ ਲਗਾ ਕੇ ਨਹੀਂ ਕਰਾਂਗਾ ਅਸੀਂ ਉਸ ਵਿਚੋਂ ਅਨੰਦ ਮਾਣ ਹੀ ਨਹੀਂ ਸਕਦੇ, ਚਾਹੇ ਉਹ ਕਿੰਨਾ ਵੀ ਨਿਸੁਆਰਥੀ ਕੰਮ ਕਿਉਂ ਨਾ ਹੋਵੇ।

ਸਭ ਤੋਂ ਵੱਡੀ ਗੱਲ ਹੈ ਜੋ ਕੁਝ ਵੀ ਦੂਸਰਿਆਂ ਲਈ ਕਰੋ ਉਸ ਵਿਚੋਂ ਅਨੰਦ ਮਾਣੋ। ਜੇ ਦੂਸਰੇ ਕੁਝ ਕਰਕੇ ਖੁਸ਼

ਹੋ ਰਹੇ ਹਨ, ਦੂਸਰਿਆਂ ਲਈ ਕੁਝ ਕਰਕੇ ਅਨੰਦ ਮਾਣ ਰਹੇ ਹਨ ਪਰ ਤੁਹਾਡਾ ਧਿਆਨ ਕਿਧਰੇ ਹੋਰ ਹੈ, ਤੁਸੀਂ ਕੇਵਲ ਆਪਣੇ ਲਈ ਹੀ ਸੋਚ ਰਹੇ ਹੋ, ਦੂਸਰਿਆਂ ਲਈ ਤੁਸੀਂ ਕੁਝ ਮਹਿਸੂਸ ਨਹੀਂ ਕਰ ਰਹੇ, ਉਹ ਤਾਂ ਕੋਈ ਅਨੰਦ ਨਾ ਹੋਇਆ, ਉਹ ਤਾਂ ਕੋਈ ਗੱਲ ਨਾ ਹੋਈ। ਤੁਸੀਂ ਅਜੇਹਾ ਕਰਕੇ ਦੇਖੋ ਜਦੋਂ ਤੁਸੀਂ ਨਿਸੁਆਰਥੀ ਹੋ ਕੇ ਕੁਝ ਵੀ ਦੂਸਰਿਆਂ ਲਈ ਕਰੋਗੇ, ਤੁਸੀਂ ਉਸ ਵਿਚੋਂ ਪੂਰਾ ਅਨੰਦ ਮਾਣੋਗੇ, ਪੂਰੀ ਪੂਰੀ ਖੁਸ਼ੀ ਪ੍ਰਾਪਤ ਕਰੋਗੇ।

ਬਹੁਤ ਵਾਰੀ ਲੋਕੀ ਕਈ ਬਹੁਤ ਹੀ ਅਸਾਧਾਰਨ ਗੱਲਾਂ ਕਰ ਲੈਂਦੇ ਹਨ, ਕੰਮ ਕਰ ਲੈਂਦੇ ਹਨ, ਆਪਣੀ ਪਤਨੀ ਲਈ, ਆਪਣੇ ਪਤੀ ਲਈ। ਮਿਸਾਲ ਵਜੋਂ ਉਹ ਆਪਣੇ ਸਾਥੀ ਲਈ ਦੁਖ ਸਹਿਨ ਕਰ ਲੈਂਦੇ ਹਨ, ਪਰ ਦੂਸਰਿਆਂ ਲਈ ਉਹ ਇਸ ਤਰ੍ਹਾਂ ਨਹੀਂ ਕਰ ਸਕਦੇ। ਵਾਸਤਵ ਵਿਚ ਤੁਸੀਂ ਦੂਸਰਿਆਂ ਲਈ ਵੀ ਉਸੇ ਤਰ੍ਹਾਂ ਕਰ ਸਕਦੇ ਹੋ, ਕੇਵਲ ਮਨ ਬਨਾਣ ਦੀ ਲੋੜ ਹੈ। ਈਸਾ ਜੀ ਨੇ ਕੀਤਾ, ਬੁੱਧ ਨੇ ਕੀਤਾ, ਗੁਰੂ ਨਾਨਕ ਨੇ ਕੀਤਾ, ਕ੍ਰਿਸ਼ਨ ਜੀ ਨੇ ਕੀਤਾ, ਹੌਲੀ ਹੌਲੀ ਤੁਸੀਂ ਆਪਣੇ ਆਪ ਨੂੰ ਵਿਸਤ੍ਰਿਤ ਕਰ ਸਕਦੇ ਹੋ, ਤੁਸੀਂ ਉਚੇ ਉਠ ਸਕਦੇ ਹੋ, ਆਪਣੀਆਂ ਡੀਊਟੀਆਂ ਕਰਦੇ ਤੁਸੀਂ ਅਨੰਦ ਮਾਣਦੇ ਹੋਏ ਉਚੇ ਉਠ ਸਕਦੇ ਹੋ। ਇਸ ਤਰ੍ਹਾਂ ਤੁਸੀਂ ਸੰਸਾਰ ਵਿਚ ਰਹਿੰਦਿਆਂ ਅਨੰਦ ਪ੍ਰਾਪਤ ਕਰ ਸਕਦੇ ਹੋ।

ਇਕ ਹੋਰ ਭੇਦ ਹੈ, ਇਕ ਹੋਰ ਰਾਜ਼ ਹੈ। ਜੇ ਤੁਹਾਡੀਆਂ ਕੋਈ ਡਿਊਟੀਆਂ ਨਾ ਹੋਣ, ਤੁਹਾਨੂੰ ਲੱਗੇਗਾ ਜਿਵੇਂ ਤੁਸੀਂ ਬਹੁਤ ਪ੍ਰਸੰਨ ਹੋ ਪਰ ਇਸ ਤਰ੍ਹਾਂ ਤੁਹਾਡੀ ਸ਼ਕਤੀ ਦੀ ਕੋਈ ਪ੍ਰੀਖਿਆ ਵੀ ਨਹੀਂ ਹੈ, ਤੁਹਾਡੀ ਸ਼ਕਤੀ ਨੂੰ ਕੋਈ ਵੰਗਾਰ ਵੀ ਨਹੀਂ ਹੈ, ਵਾਸਤਵ ਵਿਚ ਤੁਹਾਡੀ ਪਰਖ ਤੁਹਾਡੇ ਸਬੰਧਾਂ ਨਾਲ ਹੀ ਹੁੰਦੀ ਹੈ। ਸੰਸਾਰਕ ਸਬੰਧ ਹੀ ਤੁਹਾਡੀ ਵੰਗਾਰ ਹਨ। ਜਿੰਨਾਂ ਤੁਸੀਂ ਨਵੇਕਲੇ ਹੁੰਦੇ ਜਾਓਗੇ ਓਨਾ ਹੀ ਤੁਹਾਡੀ ਸ਼ਕਸੀਅਤ ਸੁੰਗੜਦੀ ਜਾਵੇਗੀ। ਜਿੰਨਾਂ ਤੁਸੀਂ ਵਿਸਤ੍ਰਿਤ ਹੁੰਦੇ ਜਾਓਗੇ ਜਿੰਨੇ ਤੁਸੀਂ ਨਿਸੁਆਰਥੀ ਹੁੰਦੇ ਜਾਓਗੇ, ਜਿੰਨੀ ਰੁਚੀ ਤੁਸੀਂ ਦੂਸਰਿਆਂ ਲਈ ਦਿਖਾਓਗੇ, ਦੂਸਰਿਆਂ ਦੀ ਭਲਾਈ ਲਈ ਦਿਖਾਓਗੇ ਓਨਾ ਹੀ ਵੱਧ ਅਨੰਦ ਤੁਸੀਂ ਮਾਣੋਗੇ।

ਸਮਾਜ ਵਿਚ ਮੈਂ ਦੋ ਬਿਲਕੁਲ ਵਿਰੋਧੀ ਸਿਰੇ ਦੇਖਦਾ ਹਾਂ, ਕਈ ਸੱਜਣ ਬਿਲਕੁਲ ਸੁਆਰਥੀ ਹੁੰਦੇ ਹਨ। ਉਨ੍ਹਾਂ ਦੇ ਵਿਅਕਤੀਤ੍ਵ ਬੜੇ ਹੀ ਤੰਗ, ਬੜੇ ਹੀ ਸੁੰਗੜੇ ਹੋਏ, ਅੰਤ ਵਿਚ ਉਹ ਬਲਕੁਲ ਅੰਤਰਮੁਖੀ ਹੋ ਜਾਂਦੇ ਹਨ ਤੇ ਆਪਣੇ ਲਈ ਤੇ ਸਮਾਜ ਲਈ ਬੇਅਰਥ ਹੋ ਜਾਂਦੇ ਹਨ। ਇਕ ਦੂਸਰੀ ਪ੍ਰਕਾਰ ਦੇ ਲੋਕ ਹਨ ਜਿਹੜੇ ਵਿਤ ਤੋਂ ਬਾਹਰੇ ਹੋ ਜਾਂਦੇ ਹਨ, ਸੰਸਾਰ ਵਿਚ ਗੁਆਚ ਹੀ ਜਾਂਦੇ ਹਨ। ਦੋਨੋਂ ਹੀ ਸਿਰੇ ਦੇ ਸੱਜਣ ਠੀਕ ਨਹੀਂ। ਇਹ ਕਹਿਣਾ ਕਿ ਘਰ ਤੋਂ ਹੀ ਚੰਗੇ ਕੰਮ ਸ਼ੁਰੂ ਹੁੰਦੇ ਹਨ ਇਸ ਤੋਂ ਇਹ ਭਾਵ ਨਹੀਂ ਕਿ ਤੁਸੀਂ ਸੁਆਰਥੀ ਹੋ ਜਾਓ। ਇਸ ਤੋਂ ਇਹ ਭਾਵ ਹੈ ਕਿ ਤੁਹਾਨੂੰ ਆਪਣੇ ਸਬੰਧਾਂ ਨਾਲ, ਰਿਸ਼ਤਿਆਂ ਨਾਲ ਵਰਤਣਾ ਆਉਣਾ ਚਾਹੀਦਾ ਹੈ, ਤੁਹਾਡੇ ਸਬੰਧ ਤੁਹਾਡਾ ਛੋਟਾ ਜਿਹਾ ਸੰਸਾਰ ਹੀ ਹੁੰਦਾ ਹੈ। ਤੁਹਾਡਾ ਪਰਿਵਾਰ ਵੀ ਤੁਹਾਡਾ ਸੰਸਾਰ ਹੈ। ਤੁਸੀਂ ਕਾਬਲੀਅਤ, ਸ਼ਕਤੀ, ਸਮਰਥਾ ਪਰਿਵਾਰ ਵਿਚ ਹੀ ਦੇਖਦੇ ਹੋ, ਪਰਖ ਕਰਦੇ ਰਹਿੰਦੇ ਹੋ, ਪਰਿਵਾਰ ਹੀ ਤੁਹਾਡਾ ਸਭ ਤੋਂ ਪਹਿਲਾ ਸਿਖਿਆ ਦਾ ਘਰ ਹੁੰਦਾ ਹੈ। ਫੇਰ ਹੌਲੀ ਹੌਲੀ ਤੁਹਾਡਾ ਦਾਇਰਾ ਵਧਦਾ ਹੈ, ਪਰਿਵਾਰ ਤੋਂ ਤੁਸੀਂ ਗੁਆਂਢ ਵਿਚ ਜਾਂਦੇ ਹੋ, ਆਪਣੇ ਨਗਰ ਵਿਚ ਜਾਂਦੇ ਹੋ, ਫੇਰ ਆਪਣੇ ਪ੍ਰਾਂਤ ਵਿਚ ਤੇ ਫੇਰ ਦੇਸ਼ ਵਿਚ ਅੰਤ ਵਿਚ ਸਾਰੇ ਸੰਸਾਰ ਵਿਚ ਵਿਚਰਦੇ ਹੋ, ਅੰਤ ਵਿਚ ਤੁਹਾਡਾ ਧੁਰਾ, ਬਿੰਦੂ ਜੋ ਤੁਹਾਡੇ ਅੰਦਰ ਹੈ ਉਹ ਸਾਰੇ ਸੰਸਾਰ ਨੂੰ ਸ਼ਕਤੀ ਦਿੰਦੀ ਹੈ, ਸਾਰੀ ਮਨੁਖਤਾ ਨੂੰ ਸ਼ਕਤੀ ਦਿੰਦੀ ਹੈ, ਤੁਹਾਨੂੰ ਜੀਵਨ ਵਿਚ ਇਸ ਤਰ੍ਹਾਂ ਕਰਨ ਦੇ ਬੜੇ ਹੀ ਮੌਕੇ ਮਿਲਣਗੇ।

ਅਸੀਂ ਸਾਰੇ ਜੀਉ ਰਹੇ ਹਾਂ ਤੇ ਸੈਂਕੜੇ ਵਰ੍ਹੇ ਜੀਉਣਾ ਚਾਹੁੰਦੇ ਹਾਂ। ਅਸੀਂ ਇਹ ਮੰਨਣ ਨੂੰ ਤਿਆਰ ਹੀ ਨਹੀਂ ਕਿ ਅਸੀਂ ਮਰ ਜਾਣਾ ਹੈ, ਮੈਨੂੰ ਭਰੋਸਾ ਨਹੀਂ ਆਉਂਦਾ ਕਿ ਮੈਂ ਮਰ ਜਾਣਾ ਹੈ, ਅਸੀਂ ਦੂਸਰਿਆਂ ਨੂੰ ਮਰਦੇ ਦੇਖਦੇ ਹਾਂ ਪਰ ਇਹ ਨਹੀਂ ਸੋਚਦੇ ਕਿ ਅਸੀਂ ਵੀ ਮਰ ਜਾਣਾ ਹੈ, ਮੌਤ ਦਾ ਡਰ ਸਾਨੂੰ ਖਲਦਾ ਰਹਿੰਦਾ ਹੈ ਪਰ ਅਸੀਂ ਰੋਜ਼ ਦੇ ਜੀਵਨ ਵਿਚ ਇਸ ਦਾ ਅਹਿਸਾਸ ਨਹੀਂ ਕਰਦੇ। ਅਸੀਂ ਮਨੁੱਖ ਦੇ ਜਾਮੇ ਵਿਚ ਹਾਂ, ਸੰਸਾਰ ਵਿਚ ਆਏ ਹਾਂ, ਇਸ ਲਈ ਜਾਣਾ ਵੀ ਜ਼ਰੂਰ ਹੈ, ਫੇਰ ਅਸੀਂ ਮੌਤ ਨੂੰ ਚੇਤੇ ਕਿਉਂ ਨਹੀਂ ਰਖਦੇ? ਵਾਸਤਵ ਵਿਚ ਦੋਨੋਂ ਹੀ ਸੱਚ ਹਨ, ਅਸੀਂ ਦੇਖਦੇ ਹਾਂ ਰੋਜ਼ ਲੋਕੀ ਮਰਦੇ ਹਨ ਪਰ ਸਾਡਾ ਕੋਈ ਹਿੱਸਾ ਨਹੀਂ ਮਰਦਾ, ਅਸੀਂ ਨਹੀਂ ਮਰਦੇ। ਅਸੀਂ ਜਾਣਦੇ ਹਾਂ ਅਸੀਂ ਮਰਨਾ ਹੈ, ਮਰਦਿਆਂ ਦੇਖਦੇ ਹਾਂ ਫੇਰ ਵੀ ਅਸੀਂ ਮਰਨ ਲਈ ਤਿਆਰ ਨਹੀਂ ਹੁੰਦੇ। ਜੇ ਅਸੀਂ ਇਹ ਚੇਤੇ ਰਖ ਲਈਏ ਕਿ ਮੇਰਾ ਗੁਆਂਢੀ ਮਰ ਗਿਆ ਹੈ, ਮੈਂ ਵੀ ਮਰ ਜਾਣਾ ਹੈ, ਅਸੀਂ ਸ਼ਾਇਦ ਕੁਝ ਨਾ ਕਰ ਸਕੀਏ, ਕੋਈ ਵੀ ਚੰਗਾ ਕੰਮ ਨਾ ਕਰ ਸਕੀਏ। ਜੇ ਅਸੀਂ ਆਤਮਾ ਨੂੰ ਪਛਾਣ ਜਾਈਏ, ਆਤਮਾ ਅਮਰ ਹੈ ਅਗਰ ਹੈ ਤਾਂ ਅਸੀਂ ਖੁਸ਼ ਰਹਿ ਸਕਦੇ ਹਾਂ, ਫੇਰ ਭੈ ਦੀ ਕੋਈ ਗੱਲ ਹੀ ਨਹੀਂ।

ਜੇ ਤੁਸੀਂ ਇਹ ਦੇਖਣਾ ਹੋਵੇ ਕਿ ਤੁਸੀਂ ਪ੍ਰਮਾਤਮਾ ਦੇ ਕਿੰਨੇ ਨੇੜੇ ਹੋ, ਤਾਂ ਆਪਣੇ ਅੰਦਰ ਦੇ ਭੈ ਦੇਖੋ, ਬੜੀ ਛੇਤੀ ਹੀ ਤੁਸੀਂ ਦੱਸ ਸਕੋਗੇ। ਜਿੰਨਾਂ ਵੱਧ ਤੁਸੀਂ ਭੈ ਵਿਚ ਰਹੋਗੇ ਓਨਾਂ ਹੀ ਵੱਧ ਤੁਸੀਂ ਆਪਣੇ ਆਪ ਨੂੰ ਦੁਖ ਦਿਓਗੇ। ਤੁਹਾਡਾ ਸਭ ਤੋਂ ਪਹਿਲਾ ਮੰਤਵ ਭੈ ਤੋਂ ਛੁਟਕਾਰਾ ਪਾਉਣਾ ਹੋਣਾ ਚਾਹੀਦਾ ਹੈ। ਭੈ ਤੋਂ ਛੁਟਕਾਰਾ ਤਾਂ ਹੀ ਮਿਲ ਸਕਦਾ ਹੈ ਜੇ ਤੁਹਾਡਾ ਮੰਤਵ ਤੁਹਾਡੇ ਸਾਮ੍ਹਣੇ ਸਪਸ਼ਟ ਹੋਵੇ ਤੇ ਤੁਸੀਂ ਇਹ ਵੀ ਸਮਝਦੇ ਹੋਵੋ ਕਿ ਤੁਹਾਡੇ ਕੋਲ ਬਹੁਤ ਹੀ ਘੱਟ ਸਮਾਂ ਹੈ ਜਿਸ ਵਿਚ ਤੁਸੀਂ ਆਪਣੇ ਮੰਤਵ ਤੇ ਪਹੁੰਚਣਾ ਹੈ। ਫੇਰ ਤੁਸੀਂ ਆਪਣੇ

ਸਾਰੇ ਸਾਧਨ ਲਗਾ ਕੇ ਓਥੇ ਤਕ ਪਹੁੰਚਣਾ ਪੂਰਾ ਕਰ ਸਕਦੇ ਹੋ, ਫੇਰ ਤੁਹਾਡੇ ਅੰਦਰ ਕੋਈ ਭੈ ਨਹੀਂ ਰਹੇਗਾ। ਜੇ ਤੁਹਾਡਾ ਜੀਵਨ ਮਨੋਰਥ ਹੀ ਨਹੀਂ ਹੈ ਫੇਰ ਤੁਹਾਨੂੰ ਇਹ ਹੀ ਚਿੰਤਾ ਲੱਗੀ ਰਹਿੰਦੀ ਹੈ। ਮੇਰਾ ਇਹ ਨਾ ਖੋਇਆ ਜਾਵੇ, ਇਹ ਨਾ ਚਲਾ ਜਾਵੇ, ਉਹ ਨਾ ਚਲਾ ਜਾਵੇ, ਅਸੀਂ ਇਹ ਨਹੀਂ ਜਾਣਦੇ ਕਿ ਉਹ ਤਾਂ ਸਭ ਕੁਝ ਪਹਿਲਾਂ ਹੀ ਗਿਆ ਹੋਇਆ ਹੈ, ਉਹ ਤਾਂ ਪਹਿਲਾਂ ਹੀ ਨਹੀਂ ਤੁਹਾਡਾ। ਅਸਲ ਵਿਚ ਤੁਸੀਂ ਉਨ੍ਹਾਂ ਸਾਰੀਆਂ ਚੀਜ਼ਾਂ ਦੇ ਖੋਹੇ ਜਾਣ ਤੋਂ ਡਰਦੇ ਹੋ ਜਿਹੜੀਆਂ ਤੁਹਾਡੀਆਂ ਹੈ ਹੀ ਨਹੀਂ। ਭੈ ਬਹੁਤ ਭਾਰੀ ਸ਼ਤਰੂ ਹੈ ਕੋਈ ਵੀ ਭੈ ਕਿਉਂ ਨਾ ਹੋਵੇ, ਤੁਹਾਡਾ ਜੀਵਨ ਖ਼੍ਵੈ ਕਰ ਦਿੰਦਾ ਹੈ।

ਤੁਸੀਂ ਦੋ ਗੱਲਾਂ ਤੋਂ ਡਰਦੇ ਹੋ। ਜਾਂ ਤਾਂ ਜੋ ਤੁਹਾਡੇ ਕੋਲ ਹੈ ਉਸ ਦੇ ਖੋਹੇ ਜਾਣ ਤੇ ਡਰਦੇ ਹੋ ਜਾਂ ਫੇਰ ਤੁਸੀਂ ਕੁਝ ਪ੍ਰਾਪਤ ਕਰਨਾ ਚਾਹੁੰਦੇ ਹੋ, ਉਸ ਤੋਂ ਡਰਦੇ ਹੋ। ਜਦੋਂ ਵੀ ਤੁਹਾਨੂੰ ਭੈ ਲੱਗੇ ਇਨ੍ਹਾਂ ਦੋਨਾਂ ਗੱਲਾਂ ਬਾਰੇ ਸੋਚ ਕੇ ਦੇਖੋ। ਸਤਿ ਇਹ ਹੀ ਹੋਵੇਗਾ ਜਾਂ ਤੁਹਾਨੂੰ ਕੁਝ ਮਿਲਣ ਦੀ ਆਸ ਹੈ ਉਸ ਲਈ ਡਰ ਹੈ ਜਾਂ ਜੋ ਤੁਹਾਡੇ ਕੋਲ ਹੈ ਉਸ ਦੇ ਖੁਸ ਜਾਣ ਦਾ ਭੈ ਹੈ, ਆਪਣੇ ਭੈ ਦਾ ਨਰੀਖਣ ਕਰਨ ਤੋਂ ਬਾਅਦ ਤੁਸੀਂ ਆਪਣੇ ਆਪ ਨੂੰ ਜਾਣ ਸਕਦੇ ਹੋ ਤੇ ਆਪਣੇ ਭੈ ਤੋਂ ਸੁਤੰਤਰ ਹੋ ਸਕਦੇ ਹੋ।

ਇਸ ਤਰ੍ਹਾਂ ਕਰਨ ਭਾਵ ਆਪਣੇ ਭੈ ਤੋਂ ਸੁਤੰਤਰ ਹੋਣ ਲਈ ਤੁਹਾਨੂੰ ਕੁਝ ਸਮਾਂ ਆਪਣੇ ਆਪ ਨੂੰ ਦੇਣਾ ਪਵੇਗਾ। ਬਹੁਤ ਸਾਰੇ ਸੱਜਣ ਸੋਚਦੇ ਹਨ ਕਿ ਮੈਡੀਟੇਸ਼ਨ ਇਕ ਠੀਕ ਤਰੀਕਾ ਹੈ, ਇਸ ਨਾਲ ਤੁਹਾਡੇ ਡਰ ਤੁਹਾਡੀਆਂ ਸਮੱਸਿਆਵਾਂ ਦਾ ਸਮਾਧਾਨ ਹੋ ਜਾਏਗਾ। ਮੈਂ ਇਸ ਨਾਲ ਬਿਲਕੁਲ ਸਹਿਮਤ ਹਾਂ ਪਰ ਬਹੁਤ ਸਾਰੇ ਸੱਜਣ ਮੈਡੀਟੇਸ਼ਨ ਦਾ ਇਕ ਹਿੱਸਾ ਹੀ ਸਮਝ ਸਕਦੇ ਹਨ। ਮੈਡੀਟੇਸ਼ਨ ਵਿਚ ਬੈਠ ਕੇ ਤੁਸੀਂ ਆਪਣੇ ਮੰਤਰ ਤੇ ਧਿਆਨ ਇਕਾਗਰ ਕਰਦੇ ਹੋ। ਉਸ ਸਮੇਂ ਤੁਹਾਡਾ ਮਨ ਮੰਤਰ ਤੇ ਇਕਾਗਰ ਹੁੰਦਾ ਹੈ ਜਿਵੇਂ ਤੁਸੀਂ ਆਪਣੀ ਨੌਕਰੀ ਬਾਰੇ ਸੋਚਦੇ ਹੋ, ਮੈਂ ਵੀ ਆਪਣੀ ਨੌਕਰੀ ਬਾਰੇ ਸੋਚਦਾ ਹਾਂ - ਆਪਣੇ ਵਿਦਿਆਰਥੀਆਂ ਲਈ ਆਪਣੇ ਲਈ। ਜਿਹੜੇ ਨਿਆਸਰੇ ਹਨ, ਨਿਓਟੇ ਹਨ, ਜਿਨ੍ਹਾਂ ਨੂੰ ਕਿਸੇ ਤਰ੍ਹਾਂ ਦੀ ਆਸ ਹੀ ਨਹੀਂ, ਉਹ ਮੇਰੇ ਲਈ ਸਭ ਤੋਂ ਪਹਿਲਾਂ ਹਨ। ਕਈ ਵਿਦਿਆਰਥੀ ਇਹੋ ਜਿਹੇ ਹਨ ਜਿਨ੍ਹਾਂ ਨੂੰ ਕੋਈ ਆਸ ਹੀ ਨਹੀਂ, ਉਹ ਕਿਸੇ ਗੱਲ ਦੀ ਆਸ ਉਮੀਦ ਹੀ ਨਹੀਂ ਰੱਖਦੇ। ਮੈਂ ਸੋਚਦਾ ਹਾਂ ਇਨ੍ਹਾਂ ਨੂੰ ਕੀ ਹੋ ਗਿਆ ਹੈ, ਕੀ ਹੋ ਰਿਹਾ ਹੈ। ਜਦੋਂ ਉਹ ਮੈਨੂੰ ਮਿਲਣ ਆਉਂਦੇ ਹਨ ਮੈਂ ਦੁਖੀ ਨਹੀਂ ਹੁੰਦਾ, ਮੈਂ ਅਸ਼ਾਂਤ ਨਹੀਂ ਹੁੰਦਾ ਇਹ ਮੇਰੇ ਲਈ ਜ਼ਰੂਰੀ ਨਹੀਂ ਕਿ ਮੈਂ ਅਸ਼ਾਂਤ ਹੋਵਾਂ, ਮੈਂ ਦੁਖੀ ਹੋਵਾਂ। ਜੇ ਮੈਂ ਹੀ ਅਸ਼ਾਂਤ ਹੋ ਜਾਵਾਂ ਜੇ ਮੈਂ ਹੀ ਦੁਖੀ ਹੋ ਜਾਵਾਂ, ਮੈਂ ਸ਼ਿਸ਼ਾਂ ਦੀ ਕੀ ਸਹਾਇਤਾ ਕਰਾਂਗਾ। ਜੇ ਤੁਸੀਂ ਕੋਈ ਪ੍ਰਸ਼ਨ ਲੈ ਕੇ ਅਸ਼ਾਂਤ ਹੋ ਜਾਂਦੇ ਹੋ, ਫੇਰ ਤੁਸੀਂ ਬੇਬਸ ਹੋ ਜਾਂਦੇ ਹੋ ਫੇਰ ਤੁਸੀਂ ਕੁਝ ਕਰ ਹੀ ਨਹੀਂ ਸਕਦੇ। ਤੁਹਾਡਾ ਪ੍ਰਸ਼ਨ ਇਕ ਪ੍ਰਸ਼ਨ ਹੀ ਬਣਿਆ ਰਹਿੰਦਾ ਹੈ ਕਿਉਂਕਿ ਤੁਸੀਂ ਆਪਣੇ ਆਪ ਨੂੰ ਉਸ ਤੋਂ ਵੱਖ ਕਰ ਹੀ ਨਹੀਂ ਸਕਦੇ। ਤੁਸੀਂ ਉਸ ਦੇ ਨਾਲ ਜੁੜੇ ਹੀ ਰਹਿੰਦੇ ਹੋ। ਤੁਸੀਂ ਦੂੰਦ ਵਿਚ ਰਹਿੰਦੇ ਹੋ, ਜੇ ਤੁਸੀਂ ਆਪਣੇ ਆਪ ਨੂੰ ਦੂੰਦ ਵਿਚੋਂ ਕੱਢ ਕੇ ਥੋੜ੍ਹਾ ਦੂਰ ਹੋ ਕੇ ਦੇਖੋ, ਜਿਵੇਂ ਕਿ ਤੁਸੀਂ ਕੋਈ ਦੂਸਰੇ ਹੋਵੋ, ਤੁਸੀਂ ਵਧੇਰੇ ਚੰਗੀ ਤਰ੍ਹਾਂ ਸਮਝ ਸਕੋਗੇ। ਤੁਸੀਂ ਤਾਂ ਪ੍ਰਸ਼ਨ ਦਾ ਹਿੱਸਾ ਹੀ ਬਣ ਜਾਂਦੇ ਹੋ।

ਮਿਸਾਲ ਵਜੋਂ, ਮੈਂ ਸੋਚਦਾ ਹਾਂ ਕਿ ਮੇਰਾ ਇਹ ਸ਼ਿਸ਼ ਅੱਛਾ ਅਧਿਆਪਕ ਬਣ ਸਕਦਾ ਹੈ, ਪਰ ਉਹ ਤਾਂ ਬਹੁਤ ਹੀ ਚੁੱਪ ਰਹਿੰਦਾ ਹੈ। ਪ੍ਰਸ਼ਨ ਉਠਦਾ ਹੈ ਮੈਂ ਉਹਦੇ ਨਾਲ ਕੀ ਕਰਾਂ? ਮੈਂ ਉਸ ਨੂੰ ਕੀ ਕਹਾਂ? ਜਦੋਂ ਇਹੋ ਜਿਹੇ ਪ੍ਰਸ਼ਨਾਂ ਨੂੰ ਪਰੋਖੇ ਨਹੀਂ ਕਰਦਾ ਮੈਂ ਉਸ ਸਮੇਂ ਆਪਣੇ ਮੰਤਰ ਦਾ ਜਪ ਨਹੀਂ ਕਰਦਾ। ਤੁਸੀਂ ਕੀ ਕਰਦੇ ਹੋ ਜਦੋਂ ਇਹੋ ਜਿਹੇ ਪ੍ਰਸ਼ਨ ਤੁਹਾਡੇ ਸਾਮ੍ਹਣੇ ਆਉਂਦੇ ਹਨ ਕੀ ਤੁਸੀਂ ਉਸ ਸਮੇਂ ਆਪਣਾ ਮੰਤਰ ਕਰਨ ਲਗ ਪੈਂਦੇ ਹੋ? ਭਾਵ ਤੁਸੀਂ ਮੰਤਰ ਦੀ ਸਹਾਇਤਾ ਨਾਲ ਇਸ ਗੱਲ ਵਿਚੋਂ ਨਿਕਲਣਾ ਚਾਹੁੰਦੇ ਹੋ, ਜਦੋਂ ਤੁਸੀਂ ਥੋੜ੍ਹੀ ਦੇਰ ਮੰਤਰ ਕਰ ਲੈਂਦੇ ਹੋ, ਤੁਹਾਡਾ ਮਨ ਫੇਰ ਉਸ ਪ੍ਰਸ਼ਨ ਤੇ ਚਲਾ ਜਾਂਦਾ ਹੈ। ਇਹ ਗੱਲ ਠੀਕ ਨਹੀਂ। ਤੁਸੀਂ ਸਭ ਕੁਝ ਸਾਮ੍ਹਣੇ ਆਉਣ ਦਿਓ ਤੇ ਉਸ ਉਤੇ ਆਪਣੇ ਫੈਸਲੇ ਲੈਂਦੇ ਰਹੋ ਤੇ ਦੇਖਦੇ ਰਹੋ।

ਆਪਣੇ ਪਿਛੇ ਦੇਖੋ! ਹੋ ਸਕਦਾ ਹੈ ਜਦੋਂ ਤੁਸੀਂ ਦੇਖੋ, ਤੁਸੀਂ ਯਾਦ ਕਰੋ ਕਿ ਇਕ ਦਿਨ ਇਹੋ ਜਿਹਾ ਸੀ ਜਦੋਂ ਤੁਸੀਂ ਕਿਸੇ ਖਤਰੇ ਵਿਚ ਸੀ, ਕਿਸੇ ਭਾਰੀ ਸਮੱਸਿਆ ਵਿਚ ਫਸੇ ਹੋਏ ਸੀ, ਤੁਸੀਂ ਕਿਸੇ ਚਿੰਤਾ ਵਿਚ ਸੀ, ਤੁਹਾਡੇ ਕੋਲ ਪੈਸੇ ਨਹੀਂ ਸੀ, ਤੁਸੀਂ ਸਹਾਇਤਾ ਵਾਸਤੇ ਵੀ ਕੋਈ ਨਹੀਂ ਸੀ। ਉਦੋਂ ਫੇਰ ਕੀ ਹੋਇਆ ਸੀ? ਸਮਾਂ ਬੀਤ ਗਿਆ ਤੇ ਤੁਸੀਂ ਅਜ ਕਿਥੇ ਹੋ। ਸਮਾਂ ਬਹੁਤ ਬਲਵਾਨ ਹੈ ਸਮਾਂ ਸਭ ਤੋਂ ਵੱਡੀ ਔਸ਼ਧੀ ਹੈ। ਤੁਸੀਂ ਅੱਜ ਉਹ ਨਹੀਂ ਹੋ ਜੋ ਤੁਸੀਂ ਅੱਜ ਤੋਂ ਵੀਹ ਸਾਲ ਪਹਿਲਾਂ ਸੋ, ਤੁਸੀਂ ਵੱਡੇ ਹੋ ਰਹੇ ਹੋ, ਤੁਸੀਂ ਵਧੇਰੇ ਸਿਆਣੇ ਹੋ ਰਹੇ ਹੋ। ਜੀਵਨ ਵਿਕਾਸ ਹੈ, ਤੁਸੀਂ ਵਿਸਤ੍ਰਿਤ ਹੋਣਾ ਚਾਹੋ ਜਾਂ ਨਹੀਂ ਪਰ ਜੀਵਨ ਵਿਕਾਸ ਹੈ, ਆਪਣੇ ਆਪ ਨੂੰ ਇਸ ਵਿਕਾਸ ਲਈ, ਇਸ ਵੱਡੇਪਣ ਲਈ ਤਿਆਰ ਕਰੋ, ਇਸ ਲਈ ਆਪਣੇ ਆਪ ਨੂੰ ਤਿਆਰ ਕਰੋ ਤਾਂ ਜੋ ਤੁਸੀਂ ਦੁਖੀ ਨਹੀਂ ਹੋਵੋ ਤਾਂ ਜੋ ਤੁਸੀਂ ਆਰਾਮ ਨਾਲ ਸ਼ਾਂਤੀ ਨਾਲ ਆਉਂਦੇ ਸਮੇਂ ਵਿਚ ਆਪਣੇ ਆਪ ਨੂੰ ਉਸ ਸਮੇਂ ਦੇ ਅਨੁਕੂਲ ਬਣਾ ਸਕੋ। ਜੇ ਤੁਸੀਂ ਆਪਣੇ ਆਪ ਨੂੰ ਆਉਣ ਵਾਲੇ ਸਮੇਂ ਲਈ ਤਿਆਰ ਨਹੀਂ ਕਰੋਗੇ ਫੇਰ ਤੁਸੀਂ ਬੋਝ ਥੱਲੇ ਆ ਜਾਓਗੇ, ਆਪਣੇ ਆਪ ਨੂੰ ਕਸ਼ਟ ਵਿਚ ਮਹਿਸੂਸ ਕਰੋਗੇ, ਦਬੇ ਮਹਿਸੂਸ ਕਰੋਗੇ। ਬਹੁਤ ਵਾਰੀ ਉਸ ਤਰ੍ਹਾਂ ਹੋ ਵੀ ਜਾਂਦਾ ਹੈ। ਤੁਹਾਡਾ ਸਾਰਾ ਜੀਵਨ ਇਕ ਵਿਕਾਸ ਹੈ, ਗਿਆਨ ਦੀ ਪ੍ਰਾਪਤੀ ਹੈ, ਵਿਸਤ੍ਰਿਤ ਹੋਣਾ ਹੈ ਪਰ ਤੁਸੀਂ ਉਸ ਨੂੰ ਚੰਗੀ ਤਰ੍ਹਾਂ ਹੋਣ ਨਹੀਂ ਦਿੰਦੇ।

(ਬਾਕੀ ਪੰਨਾ 22 ਤੇ)

# ਮਿਤੀ 17, 18, 19 ਦਸੰਬਰ 2003 ਨੂੰ ਸੰਤ ਬਾਬਾ ਵਰਿਆਮ ਸਿੰਘ ਜੀ ਦੀ ਮਿੱਠੀ ਯਾਦ ਵਿਚ

## (ਨਗਰ ਫੋਲੜੀਵਾਲ ਵਿਖੇ ਹੋਏ ਸਮਾਗਮ ਦੀਆਂ ਝਲਕੀਆਂ)

ਇਹ ਸਮਾਗਮ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਪਿੰਡ ਫੋਲੜੀਵਾਲ (ਜਲੰਧਰ) ਵਿਖੇ ਭਾਈ ਸੁਖਵਿੰਦਰ ਸਿੰਘ (ਯੂ.ਐਸ.ਏ) ਭਾਈ ਮਹਿੰਦਰ ਸਿੰਘ (ਯੂ.ਐਸ.ਏ), ਭਾਈ ਕੁਲਦੀਪ ਸਿੰਘ (ਯੂ.ਐਸ.ਏ) ਭਾਈ ਪਾਲ ਸਿੰਘ, ਰਾਣਾ, ਸੋਢੀ (ਯੂ.ਐਸ.ਏ) ਅਤੇ ਇਲਾਕੇ ਦੀਆਂ ਸਮੂੰਹ ਸੰਗਤਾਂ ਦੇ ਸਹਿਯੋਗ ਨਾਲ ਸੰਪੰਨ ਹੋਇਆ। ਰਤਵਾੜਾ ਸਾਹਿਬ ਦੇ ਜੱਥੇ ਨੇ ਸਮਾਗਮ ਤੋਂ ਕਈ ਦਿਨ ਪਹਿਲਾਂ ਹੀ ਇਲਾਕੇ ਵਿਚ ਆਸਾ ਜੀ ਦੀ ਵਾਰ ਦੇ ਕੀਰਤਨ ਰਾਹੀਂ ਅਤੇ ਮਹਾਂਪੁਰਸ਼ਾਂ ਦੀਆਂ ਵੀ.ਡੀ.ਓ ਫਿਲਮਾਂ ਪ੍ਰੋਜੈਕਟਰ ਰਾਹੀਂ ਵੱਡੇ ਪਰਦੇ ਤੇ ਵਿਖਾ ਕੇ ਸਮਾਗਮ ਦਾ ਰੰਗ ਬੰਨ੍ਹਿਆ।

17 ਦਸੰਬਰ, ਸਮਾਗਮ ਦੇ ਪਹਿਲੇ ਦਿਨ ਆਸਾ ਦੀ ਵਾਰ ਦੇ ਕੀਰਤਨ ਉਪਰੰਤ ਸ੍ਰੀ ਅਖੰਡਪਾਠ ਜੀ ਦੇ ਭੋਗ ਪਾਏ ਗਏ। ਕਹਿਰਾਂ ਦੀ ਠੰਢ ਦੇ ਬਾਵਜੂਦ ਮਹਾਂਪੁਰਸ਼ਾਂ ਦੇ ਪਿਆਰ ਵਿਚ ਦੂਰ ਨੇੜਿਓਂ ਸੰਗਤਾਂ ਹੁੰਮ ਹੁੰਮਾ ਕੇ ਪੁੱਜੀਆਂ। ਸਮਾਗਮ ਦੀ ਅਰੰਭਤਾ ਭਾਈ ਬਲਜੀਤ ਸਿੰਘ ਰਤਵਾੜਾ ਸਾਹਿਬ ਦੇ ਸ਼ਬਦ ਕੀਰਤਨ ਰਾਹੀਂ ਕੀਤੀ ਗਈ। ਉਪਰੰਤ ਭਾਈ ਰਾਜਿੰਦਰ ਸਿੰਘ ਰਤਵਾੜਾ ਸਾਹਿਬ ਨੇ ਆਪਣੇ ਪਿਆਰੇ ਦੀ ਯਾਦ ਵਿਚ ਸ਼ਬਦ ਪੜ੍ਹੇ। ਸੰਤ ਬਾਬਾ ਕੁਲਜੀਤ ਸਿੰਘ ਜੀ ਸ਼ੀਸ਼ ਮਹਿਲ ਵਾਲਿਆਂ ਨੇ ਦੀਵਾਨ ਦੀ ਹਾਜ਼ਰੀ ਭਰਦਿਆਂ ਮਹਾਂਪੁਰਸ਼ਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਤੇ ਦੱਸਿਆ ਕਿ ਪਰਉਪਕਾਰੀ ਮਹਾਂਪੁਰਸ਼ ਜਨਮ ਮਰਣ ਰਹਿਤ ਹੁੰਦੇ ਹਨ –

***ਜਨਮ ਮਰਨ ਦੋਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥***
***ਪੰਨਾ - 749***

ਮਹਾਂਪੁਰਸ਼ਾਂ ਦੀ ਘਾਲਣਾ ਦਾ ਅਸਰ ਸਰੀਰ ਤਿਆਗਣ ਉਪਰੰਤ ਵੀ ਕਾਇਮ ਰਹਿੰਦਾ ਹੈ ਜੋ ਪ੍ਰਤੱਖ ਦਿਸ ਰਿਹਾ ਹੈ। ਉਪਰੰਤ ਸੰਤ ਬਾਬਾ ਅਵਤਾਰ ਸਿੰਘ ਧੂਲਕੋਟ ਵਾਲਿਆਂ ਨੇ ਕੀਰਤਨ ਕਰਦਿਆਂ ਮਹਾਂਪੁਰਸ਼ਾਂ ਦੇ ਪਰਉਪਕਾਰ ਦੱਸੇ ਅਤੇ ਫੋਲੜੀਵਾਲ ਦੀ ਸੰਗਤ ਤੇ ਪ੍ਰੇਮੀਆਂ ਦੀ ਸ਼ਲਾਘਾ ਕੀਤੀ ਜਿਨ੍ਹਾਂ ਨੇ ਸੰਤਾਂ ਦੀ ਯਾਦ ਨੂੰ ਤਾਜ਼ਾ ਰੱਖਿਆ ਹੈ। ਐਸਾ ਸੰਤਾਂ ਬਾਰੇ ਫੁਰਮਾਨ ਹੈ –

***ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ॥ ਪੰਨਾ-1411***

ਉਪਰੰਤ ਬਾਬਾ ਗੁਰਪਾਲ ਸਿੰਘ ਜੀ ਖੂਈਆ ਨੰਗਲ ਯੂ.ਪੀ. ਨੇ ਸੰਗਤਾਂ ਨੂੰ ਇਸ ਧਾਰਨਾ ਨਾਲ ਜੋੜ ਕੇ ਮੁਗਧ ਕਰ ਦਿਤਾ –

***ਭਾਵਅਰਥ - ਸੰਤਾਂ ਦੇ ਚਰਨਾਂ ਦੀ ਮੇਰੇ ਮਨ ਧੂੜੀ ਹੋ ਜਾ।***

ਆਪ ਜੀ ਨੇ ਮਹਾਂਪੁਰਸ਼ਾਂ ਨੂੰ ਭਰਪੂਰ ਸ਼ਰਧਾਂਜਲੀ ਭੇਂਟ ਕੀਤੀ ਅਤੇ ਦੱਸਿਆ ਕਿ ਉਹ ਸਰੀਰ ਨਹੀਂ ਸਨ, ਇਕ ਮਹਾਨ ਆਤਮਾ ਸਨ ਜੋ ਸਦਾ ਸਾਡੇ ਅੰਗ ਸੰਗ ਹਨ। ਸਮਾਗਮ ਦੇ ਦੂਜੇ ਦਿਨ ਦੀ ਪਰਾਰੰਭਤਾ ਭਾਈ ਦਲਜੀਤ ਸਿੰਘ ਮਸਤਾਨਾ ਨੇ ਨਿਮਨ ਸ਼ਬਦਾਂ ਰਾਹੀਂ ਕੀਤੀ –

***ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ॥***
***.......................................॥ ਪੰਨਾ - 726***

(ਬਾਕੀ ਪੰਨਾ 24 ਤੇ)

(ਪੰਨਾ 20 ਦੀ ਬਾਕੀ)

ਜਦੋਂ ਸਵੇਰੇ ਉਠ ਕੇ ਮੈਂ ਬਾਥਰੂਮ ਜਾਂਦਾ ਹਾਂ, ਮੈਂ ਆਪਣੇ ਆਪ ਨੂੰ ਮੈਡੀਟੇਸ਼ਨ ਲਈ ਤਿਆਰ ਕਰਦਾ ਹਾਂ ਆ ਕੇ ਮੈਂ ਬੇਠ ਜਾਂਦਾ ਹਾਂ। ਇਹ ਸਮਾਂ ਮੇਰੇ ਜੀਵਨ ਦਾ ਸਭ ਤੋਂ ਸ਼ਾਂਤ ਸਮਾਂ ਹੁੰਦਾ ਹੈ, ਮੇਰਾ ਮਨ ਸ਼ਾਂਤ ਹੁੰਦਾ ਹੈ। ਜਿਹੜਾ ਵੀ ਮੈਡੀਟੇਸ਼ਨ ਵਿਚ ਬੈਠਦਾ ਹੈ, ਉਹ ਸ਼ਾਂਤ ਹੁੰਦਾ ਹੈ। ਉਸ ਸਮੇਂ ਮਨ ਬਾਹਰਮੁਖੀ ਨਹੀਂ ਹੁੰਦਾ। ਮੈਂ ਆਪਣੇ ਆਪ ਨੂੰ ਪੁਛਦਾ ਹਾਂ ਮੈਂ ਕੀ ਕਰਨਾ ਹੈ? ਮੈਂ ਆਪਣੇ ਆਪ ਨਾਲ ਗੱਲਬਾਤ ਕਰਦਾ ਹਾਂ। ਤੁਹਾਨੂੰ ਵੀ ਆਪਣੇ ਆਪ ਨਾਲ ਗੱਲਬਾਤ ਕਰਨੀ ਸਿਖਣੀ ਚਾਹੀਦੀ ਹੈ। ਇਹ ਇਕ ਤਰੀਕੇ ਨਾਲ ਤੁਹਾਡਾ ਆਪਣੇ ਆਪ ਨੂੰ ਮਾਨਸਿਕ ਪੱਖੋਂ ਠੀਕ ਰੱਖਣ ਦਾ ਤਰੀਕਾ ਹੈ। ਆਪਣੀ ਮਾਨਸਿਕ ਚਕਤਿਸਾ ਆਪ ਕਰਨੀ ਸਭ ਤੋਂ ਚੰਗੀ ਗੱਲ ਹੈ। ਚੁੱਪ ਕਰਕੇ ਬੈਠੋ ਤੇ ਆਪਣੇ ਆਪ ਤੋਂ ਪੁਛੋ ਮੈਨੂੰ ਕੀ ਚਾਹੀਦਾ ਹੈ?

ਜਦੋਂ ਤੁਸੀਂ ਇਸ ਤਰ੍ਹਾਂ ਕਰਦੇ ਹੋ ਤੁਸੀਂ ਦੇਖੋਗੇ ਕਿ ਦੋ ਤਰ੍ਹਾਂ ਦੀਆਂ ਇਛਾਵਾਂ ਹਨ, ਇਕ ਤਾਂ ਤੁਹਾਡੀਆਂ ਰੋਜ਼ਾਨਾ ਦੀਆਂ ਇਛਾਵਾਂ ਤੇ ਦੂਸਰੀਆਂ ਹਨ ਉਚੀਆਂ ਵਧੇਰੇ ਉਪਰ ਜਾਣ ਦੀਆਂ ਇਛਾਵਾਂ, ਉਚ ਪ੍ਰਾਪਤੀ ਦੀਆਂ ਇਛਾਵਾਂ। ਇਹ ਦੋਨੋਂ ਇਕ ਦੂਸਰੇ ਨਾਲ ਮਿਲ ਜਾਂਦੀਆਂ ਹਨ, ਇਨ੍ਹਾਂ ਦਾ ਮਿਲਗੋਭਾ ਬਣ ਜਾਂਦਾ ਹੈ। ਜਦੋਂ ਤੁਸੀਂ ਮੈਡੀਟੇਸ਼ਨ ਕਰਨ ਬੈਠਦੇ ਹੋ, ਤੁਸੀਂ ਸੋਚਦੇ ਹੋ ਮੈਨੂੰ ਇਹ ਚਾਹੀਦਾ ਹੈ, ਮੈਨੂੰ ਇਹ ਚਾਹੀਦਾ ਹੈ, ਮੈਨੂੰ ਹੋਰ ਵੀ ਕੁਝ ਚਾਹੀਦਾ ਹੈ, ਮੈਨੂੰ ਨਵੀਂ ਕਾਰ ਚਾਹੀਦੀ ਹੈ। ਇਹੋ ਜਿਹੀਆਂ ਹੋਰ ਕਈ ਗੱਲਾਂ, ਇਨ੍ਹਾਂ ਨੂੰ ਦਬਾਣ ਦੀ ਕੋਸ਼ਿਸ਼ ਨਾ ਕਰੋ, ਇਨ੍ਹਾਂ ਦਾ ਵਿਰੋਧ ਨਾ ਕਰੋ, ਇਹ ਨਾ ਕਹੋ ਉਹ ਮੈਂ ਕੀ ਸੋਚੀ ਜਾ ਰਿਹਾ ਹਾਂ, ਮੈਂ ਇਸ ਤਰ੍ਹਾਂ ਨਹੀਂ ਹੋ ਸਕਦਾ, ਜੋ ਵੀ ਵਿਚਾਰ ਆਉਂਦੇ ਹਨ, ਆਉਣ ਦਿਓ, ਤੁਸੀਂ ਕੇਵਲ ਇਕ ਦਰਸ਼ਕ ਬਣ ਕੇ ਦੇਖੋ, ਆਪਣੇ ਮਨ ਦਾ ਨਰੀਖਣ ਕਰਨਾ ਸ਼ੁਰੂ ਕਰੋ, ਬਚ ਕੇ ਪਾਸੇ ਹੋਣ ਦਾ ਜਤਨ ਨਾ ਕਰੋ, ਆਪਣੀ ਸੋਚ ਤੋਂ ਘਬਰਾਓ ਨਾ। ਜੇ ਤੁਹਾਡੇ ਮਨ ਵਿਚ ਕੋਈ ਗੱਲ ਆਉਂਦੀ ਹੈ, ਤੁਸੀਂ ਉਸ ਨੂੰ ਪ੍ਰਵਾਨ ਨਹੀਂ ਕਰਦੇ, ਤਾਂ ਉਹ ਤੁਹਾਡੀ ਨਹੀਂ ਹੈ, ਇਹ ਸੋਚ ਲੈਣਾ ਕਿ ਇਹ ਸੋਚ ਮੇਰੀ ਨਹੀਂ, ਇਸ ਗੱਲ ਨੂੰ ਜਾਣ ਲੈਣਾ, ਬੁਝ ਲੈਣਾ ਇਹ ਵੀ ਕਿਸੇ ਹੋਰ ਵਿਚਾਰ ਦਾ ਹੱਥ ਹੈ, ਕਿਸੇ ਹੋਰ ਦਾ ਯੋਗਦਾਨ ਹੈ। ਤੁਹਾਡਾ ਆਪਣਾ ਵਿਚਾਰ ਕੀ ਹੈ? ਵਾਸਤਵ ਵਿਚ ਕੋਈ ਵੀ ਵਿਚਾਰ ਤੁਹਾਡਾ ਆਪਣਾ ਵਿਚਾਰ ਨਹੀਂ ਹੈ। ਇਹ ਸੋਚਣ ਦੀ ਕੋਸ਼ਿਸ ਕਰੋ ਕਿ ਤੁਹਾਡਾ ਆਪਣਾ ਵਿਚਾਰ ਕਿਹੜਾ ਹੈ? ਤੁਹਾਡਾ ਸਾਰੇ ਵਿਚਾਰਾਂ ਵਿਚ ਜਾਂ ਤਾਂ ਕੋਈ ਹੋਰ ਹੈ ਜਾਂ ਕਿਸੇ ਬਾਹਰ ਵਾਲੇ ਦਾ ਝਲਕਾਰਾ ਹੈ।

ਆਪਣੇ ਵਿਚਾਰਾਂ ਨਾਲ ਨਜਿੱਠਣ ਦਾ ਤਰੀਕਾ ਹੈ ਕਿ ਉਨ੍ਹਾਂ ਨੂੰ ਆਉਣ ਦਿਓ, ਮਾੜੇ ਚੰਗੇ ਸਭ ਨੂੰ ਆਉਣ ਦਿਓ। ਇਕ ਫੈਸਲਾ ਤੁਸੀਂ ਕਰ ਲਓ, ਜੋ ਵੀ ਵਿਚਾਰ ਆਏਗਾ, ਤੁਸੀਂ ਉਸ ਤੋਂ ਅਸ਼ਾਂਤ ਨਹੀਂ ਹੋਵੋਗੇ। ਇਸ ਗੱਲ ਨੂੰ ਸਮਝ ਲਓ, ਜਾਣ ਲਓ ਜੋ ਵੀ ਹੋਵੇ ਤੁਹਾਨੂੰ ਕੋਈ ਅਸ਼ਾਂਤ ਨਹੀਂ ਕਰ ਸਕਦਾ, ਤੁਹਾਡੇ ਜੀਵਨ ਨੂੰ ਕੋਈ ਅਸ਼ਾਂਤ ਨਹੀਂ ਕਰ ਸਕਦਾ। ਦੂਸਰੀ ਤਰ੍ਹਾਂ ਸੋਚਣ ਤੋਂ ਭਾਵ ਹੋਵੇਗਾ ਜਾਂ ਇਹ ਕਹਿ ਦਿਓ ਅਸ਼ਾਂਤ ਹੋਣ ਤੋਂ ਭਾਵ ਹੋਵੇਗਾ ਕਿ ਤੁਸੀਂ ਕਮਜ਼ੋਰ ਹੋ ਤੇ ਵਿਚਾਰ ਬਹੁਤ ਸ਼ਕਤੀਸ਼ਾਲੀ ਹੈ। ਬਹੁਤ ਸਾਰੇ ਸੱਜਣਾਂ ਨਾਲ ਇਸ ਤਰ੍ਹਾਂ ਹੁੰਦਾ ਹੈ ਕਿ ਜਿਹੜਾ ਵੀ ਵਿਚਾਰ ਉਨ੍ਹਾਂ ਨੂੰ ਆਉਂਦਾ ਹੈ ਉਹ ਉਨ੍ਹਾਂ ਨੂੰ ਅਸ਼ਾਂਤ ਕਰ ਦਿੰਦਾ ਹੈ, ਉਨ੍ਹਾਂ ਦਾ ਸਾਰਾ ਜੀਵਨ ਹੀ ਉਥੱਲ ਪੁਥੱਲ ਕਰ ਦਿੰਦਾ ਹੈ। ਫੇਰ ਕੋਈ ਹੋਰ ਵਿਚਾਰ ਆ ਜਾਂਦਾ ਹੈ, ਉਹ ਵੀ ਉਨ੍ਹਾਂ ਨੂੰ ਅਸ਼ਾਂਤ ਕਰ ਦਿੰਦਾ ਹੈ। ਸੋ ਇਸ ਤਰ੍ਹਾਂ ਨਾਲ ਇਕ ਤੋਂ ਬਾਅਦ ਇਕ ਚਲਦਾ ਹੀ ਰਹਿੰਦਾ ਹੈ। ਇਸ ਤਰ੍ਹਾਂ ਨਾਲ ਹੋਣ ਨਾਲ ਉਹ ਹੋਰ ਵੀ ਕਮਜ਼ੋਰ ਪੈ ਜਾਂਦੇ ਹਨ, ਹੌਂਸਲਾ ਢਾਹ ਲੈਂਦੇ ਹਨ ਤੇ ਉਨ੍ਹਾਂ ਦੇ ਅੰਦਰ ਕੋਈ ਸਾਹਸ ਹੀ ਨਹੀਂ ਰਹਿੰਦਾ। ਇਕ ਵਿਚਾਰ ਦੇ ਬਾਰ-ਬਾਰ ਦਿਮਾਗ ਵਿਚ ਆਉਣ ਨਾਲ ਉਹ ਡਰ ਜਾਂਦੇ ਹਨ। ਇਹ ਕਿਸੇ ਨਾਲ ਵੀ ਹੋ ਸਕਦਾ ਹੈ, ਤੁਹਾਡੇ ਨਾਲ ਵੀ ਹੋ ਸਕਦਾ ਹੈ, ਬਹੁਤ ਵਾਰੀ ਜਿਹੜੇ ਵਿਚਾਰ ਅਚੇਤ ਮਨ ਵਿਚ ਪਏ ਹੁੰਦੇ ਹਨ ਉਹ ਵੀ ਸਾਮ੍ਹਣੇ ਆ ਜਾਂਦੇ ਹਨ, ਉਹ ਅਚੇਤ ਮਨ ਵਿਚ ਨਹੀਂ ਰਹਿੰਦੇ, ਛਿਪੇ ਨਹੀਂ ਰਹਿੰਦੇ। ਉਹ ਤੁਹਾਡੇ ਸਾਮ੍ਹਣੇ ਪ੍ਰਗਟ ਹੋ ਜਾਂਦੇ ਹਨ, ਤੁਸੀਂ ਅਸ਼ਾਂਤ ਹੋ ਜਾਂਦੇ ਹੋ, ਇਹ ਕੀ ਹੋ ਗਿਆ, ਤੁਸੀਂ ਭਾਵੁਕ ਹੋ ਜਾਂਦੇ ਹੋ, ਤੁਸੀਂ ਇਕ ਦਮ ਸਚੇਤ ਹੋ ਜਾਂਦੇ ਹੋ ਕਿ ਇਹ ਵਿਚਾਰ ਕਿਥੇ ਦਬਿਆ ਬੈਠਾ ਸੀ। ਫੇਰ ਤੁਸੀਂ ਆਪਣੇ ਆਪ ਨੂੰ ਪੁਛਦੇ ਹੋ, ਮੈਂ ਇਸ ਤਰ੍ਹਾਂ ਕਿਉਂ ਸੋਚ ਰਿਹਾ ਹਾਂ?

ਤੁਹਾਡੇ ਤੇ ਸਵਾਮੀ ਵਿਚ ਅੰਤਰ ਇਹ ਹੈ ਕਿ ਤੁਸੀਂ ਹਰ ਗੱਲ ਦਿਲ ਤੇ ਲਗਾ ਲੈਂਦੇ ਹੋ ਤੇ ਯੋਗੀ ਤੇ ਗਿਆਨੀ ਨਖੇਧੀ ਦੀਆਂ ਗੱਲਾਂ ਦਿਲ ਤੇ ਨਹੀਂ ਲਗਾਉਂਦਾ। ਤੁਸੀਂ ਸਵਾਮੀ ਨੂੰ ਕਹਿ ਸਕਦੇ ਹੋ, ਸਵਾਮੀ ਤੂੰ ਬੇਵਕੂਫ ਹੈਂ ਤੇ ਸਵਾਮੀ ਕਦੀ ਵੀ ਇਹ ਗੱਲ ਦਿਲ ਤੇ ਨਹੀਂ ਲਗਾਏਗਾ। ਜੇ ਤੁਹਾਨੂੰ ਕੋਈ ਕਹਿ ਦੇਵੇ, ਤੂੰ ਬੇਵਕੂਫ ਹੈਂ ਤੁਸੀਂ ਭਾਵੇਂ ਉਸ ਬੰਦੇ ਨੂੰ ਕਦੀ ਮਿਲੋਗੇ ਹੀ ਨਹੀਂ। ਸਵਾਮੀ ਕਦੀ ਵੀ ਬਾਹਰੀ ਗੱਲ ਅੰਤਰ ਨਹੀਂ ਲੈ ਕੇ ਜਾਂਦੇ। ਤੁਸੀਂ ਸਦਾ ਹੀ ਦੂਸਰਿਆਂ ਦੀ ਸਲਾਹ ਨਾਲ ਪ੍ਰਭਾਵਿਤ ਹੋ ਜਾਂਦੇ ਹੋ। ਕਾਰਣ ਤੁਸੀਂ ਆਪਣੀ ਸ਼ਕਸ਼ੀਅਤ ਹੀ ਅਜੇ ਪੂਰੀ ਤਰ੍ਹਾਂ ਬਣਾਈ ਨਹੀਂ। ਜਿਸ ਦਿਨ ਤੁਸੀਂ ਆਪਣਾ ਵਿਅਕਤੀਤ੍ਵ ਪੂਰੀ ਤਰ੍ਹਾਂ ਬਣਾ ਲਵੋਗੇ, ਆਪਣੀ ਹਸਤੀ ਦਾ ਨਿਰਮਾਣ ਕਰ ਲਵੋਗੇ, ਤੁਸੀਂ ਛੇਤੀ ਨਾਲ ਕਿਸੇ ਦੀ ਸਲਾਹ ਨਹੀਂ ਮੰਨੋਗੇ, ਕਿਸੇ ਦੇ ਪ੍ਰਭਾਵ ਥੱਲੇ ਛੇਤੀ ਨਹੀਂ ਆਓਗੇ। ਆਪਣਾ ਬਨਾਉਣਾ ਸਿੱਖੋ ਤੇ ਆਪਣੇ ਆਪ ਤੇ ਕੰਮ

ਕਰਨਾ ਆਪਣੇ ਆਪ ਨੂੰ ਸੋਧਣਾ ਸਿੱਖੋ।

ਅੰਤਰ ਸ਼ਕਤੀ ਪੈਦਾ ਕਰਨ ਲਈ ਇਹ ਬਹੁਤ ਹੀ ਅਵੱਸ਼ਕ ਹੈ ਕਿ ਤੁਸੀਂ ਨਖੇਦੀ ਦੀ ਸੋਚ ਨੂੰ ਆਉਣ ਹੀ ਨਾ ਦਿਓ, ਜੋ ਕੁਝ ਵੀ ਦੂਸਰੇ ਕਹਿਣ, ਕਦੀ ਵੀ ਤੁਸੀਂ ਅੱਖਾਂ ਬੰਦ ਕਰਕੇ ਨਾ ਮੰਨੋ। ਆਪਣੇ ਆਪ ਨਾਲ ਇਹ ਫੈਸਲਾ ਕਰੋ, ਤੁਸੀਂ ਹਰ ਇਕ ਵਿਚਾਰ ਨੂੰ ਪਰਖੋਗੇ, ਹਰ ਸਲਾਹ ਜਿਹੜੀ ਕੋਈ ਦੇਵੇਗਾ, ਉਸ ਨੂੰ ਜਾਂਚ ਕੇ ਤੁਸੀਂ ਮੰਨੋਗੇ। ਜੇ ਕੋਈ ਆ ਕੇ ਤੁਹਾਨੂੰ ਕਹੇ ਕਿ ਤੁਸੀਂ ਕੱਲ੍ਹ ਨੂੰ ਮਰ ਜਾਣਾ ਹੈ, ਦੂਸਰਾ ਕੋਈ ਆ ਕੇ ਕਹਿੰਦਾ ਹੈ ਤੁਸੀਂ ਤਾਂ ਬਹੁਤ ਵੱਡੇ ਬਣਨ ਵਾਲੇ ਹੋ, ਬੱਸ ਥੋੜ੍ਹੇ ਦਿਨਾਂ ਦੀ ਹੀ ਗੱਲ ਹੈ। ਇਹ ਦੋਨੋਂ ਵਿਚਾਰ ਤੁਹਾਡੇ ਅੰਦਰ ਨਾਲ ਨਾਲ ਹੀ ਆਉਂਦੇ ਹਨ ਤੇ ਨਾਲ ਨਾਲ ਹੀ ਚਲ ਰਹੇ ਹਨ। ਇਕ ਬੰਦਾ ਕੁਝ ਕਹਿ ਰਿਹਾ ਹੈ, ਦੂਸਰਾ ਕੁਝ ਹੋਰ ਕਹਿ ਰਿਹਾ ਹੈ। ਇਕ ਵਿਚਾਰ ਤਾਂ ਤੁਹਾਡੀ ਹਉਮੈ ਨੂੰ ਉਤੇ ਚੁਕ ਰਿਹਾ ਹੈ। ਤੁਹਾਨੂੰ ਵੱਡੇ ਹੋਣ ਦਾ ਕਹਿ ਰਿਹਾ ਹੈ ਤੇ ਦੂਸਰਾ ਤੁਹਾਡਾ ਜੀਵਨ ਹੀ ਖਤਮ ਕਰ ਰਿਹਾ ਹੈ, ਤੁਹਾਡੀ ਇੱਛਾ ਸ਼ਕਤੀ ਹੀ ਖਤਮ ਕਰ ਰਿਹਾ ਹੈ। ਤੁਸੀਂ ਦੋਨਾਂ ਨੂੰ ਹੀ ਆਉਣ ਦਿਓ, ਉਨ੍ਹਾਂ ਪ੍ਰਤੀ ਸੁਚੇਤ ਰਹੋ, ਜਿਹੜੇ ਵਿਚਾਰ ਵੀ ਆਉਣ, ਆਉਣ ਦਿਓ, ਸੁਚੇਤ ਰਹੋ, ਸਤਰਕ ਰਹੋ ਇਹ ਤਾਂ ਇਕ ਵਿਚਾਰ ਹੀ ਹੈ ਉਸ ਨੂੰ ਵਿਚਾਰ ਹੀ ਰਹਿਣ ਦਿਓ। ਤੁਸੀਂ ਕਿਉਂ ਕਿਸੇ ਵਿਚਾਰ ਨੂੰ ਆਪਣੇ ਉਤੇ ਭਾਰੂ ਹੋਣ ਦੇਂਦੇ ਹੋ, ਕੋਈ ਵੀ ਵਿਚਾਰ ਤੁਹਾਨੂੰ ਕਿਉਂ ਪ੍ਰਭਾਵਿਤ ਕਰੇ। ਮੈਂ ਤੁਹਾਨੂੰ ਉਦੋਂ ਹੀ ਪ੍ਰਭਾਵਿਤ ਕਰ ਸਕਦਾ ਹਾਂ ਜਦੋਂ ਤੁਸੀਂ ਮੇਰੀ ਗੱਲ ਨੂੰ ਮੰਨਗੋ, ਜੇ ਤੁਸੀਂ ਮੇਰੀ ਗੱਲ ਨੂੰ ਮੰਨੋਗੇ ਹੀ ਨਹੀਂ, ਤੁਸੀਂ ਪ੍ਰਭਾਵਿਤ ਕਿਵੇਂ ਹੋਵੇਗੇ। ਤੁਸੀਂ ਇਨ੍ਹਾਂ ਵਿਚਾਰਾਂ ਦਾ ਨਰੀਖਣ ਕਰ ਸਕਦੇ ਹੋ ਪਰ ਉਨ੍ਹਾਂ ਨੂੰ ਮੰਨ ਨਹੀਂ ਸਕਦੇ, ਅਪਣਾਅ ਨਹੀਂ ਸਕਦੇ। ਤੁਸੀਂ ਇਨ੍ਹਾਂ ਨੂੰ ਅਪਣਾਅ ਕੇ ਆਪਣੇ ਆਪ ਨੂੰ ਦੁਰਬਲ ਕਮਜ਼ੋਰ ਨਹੀਂ ਬਣਾ ਸਕਦੇ।

ਬੁੱਧ ਦੀ ਕਹਾਣੀ ਤੇ ਗੁੱਸੇ ਵਾਲੀ ਬੀਬੀ ਦੀ ਕਹਾਣੀ ਯਾਦ ਕਰੋ। ਇਹੋ ਜਿਹੇ ਮਹਾਂਪੁਰਖ ਕੇਵਲ ਉਹ ਚੀਜ਼ ਹੀ ਪ੍ਰਵਾਨ ਕਰਦੇ ਹਨ ਜਿਹੜੀ ਗਿਆਨ ਦੀ ਹੋਵੇ ਤੇ ਲਾਭਦਾਇਕ ਹੋਵੇ। ਜੋ ਕੁਝ ਵੀ ਲਾਭਦਾਇਕ ਜਾਂ ਸਹਾਇਕ ਨਾ ਹੋਵੇ ਉਸ ਨੂੰ ਮਹਾਂਪੁਰਖ ਕਦੀ ਵੀ ਪ੍ਰਵਾਨ ਨਹੀਂ ਕਰਦੇ। ਬੁੱਧ ਗੁੱਸੇ ਨਹੀਂ ਹੋਏ, ਅਸ਼ਾਂਤ ਨਹੀਂ ਹੋਏ। ਬੁੱਧ ਨੇ ਆਪਣੇ ਅੰਦਰ ਨਾ ਤਾਂ ਨਖੇਧੀ ਦਾ ਵਿਚਾਰ ਲਿਆ ਤੇ ਨਾ ਹੀ ਗੁੱਸਾ ਅੰਦਰ ਲਿਆ। ਇਸ ਤਰ੍ਹਾਂ ਹੀ ਹੋਣਾ ਚਾਹੀਦਾ ਹੈ।

ਜੇ ਸਾਡੀਆਂ ਇਛਾਵਾਂ ਸ਼ੁਦਾਈਆਂ ਵਰਗੀਆਂ ਹੋਣ, ਵਿਚਾਰ ਸ਼ੁਦਾਈਆਂ ਵਰਗੇ ਹੋਏ ਤੇ ਸਾਨੂੰ ਕੋਈ ਸਮਝ ਨਾ ਆ ਰਹੀ ਹੋਵੇ ਕਿ ਇਨ੍ਹਾਂ ਇਛਾਵਾਂ ਨੂੰ ਕਿਵੇਂ ਠੀਕ ਕਰਨਾ ਹੈ, ਕਿਵੇਂ ਇਨ੍ਹਾਂ ਨੂੰ ਤਰਤੀਬ ਵਿਚ ਲਿਆਉਣਾ ਹੈ, ਕਿਵੇਂ ਸੋਧਣਾ ਹੈ ਫੇਰ ਹੁੰਦਾ ਕੀ ਹੈ? ਹੁੰਦਾ ਇਹ ਹੈ ਕਿ ਸਾਰਾ ਜੀਵਨ ਹੀ ਇਨ੍ਹਾਂ ਇਛਾਵਾਂ ਦੇ ਅਧੀਨ ਹੋ ਕੇ ਹੀ ਰਹਿ ਜਾਂਦਾ ਹੈ। ਇਛਾਵਾਂ ਦੇ ਅਧੀਨ ਹੋ ਕੇ ਜਿਹੜਾ ਜੀਵਨ ਜੀਵਿਆ ਜਾਂਦਾ ਹੈ ਇਸੇ ਨੂੰ ਹੀ ਪ੍ਰੇਰਤ ਜੀਵਨ ਕਹਿੰਦੇ ਹਨ। ਪਰ ਵਾਸਤਵ ਵਿਚ ਅਸੀਂ ਅੰਦਰ ਦੀ ਡੂੰਘੀ ਪ੍ਰੇਰਨਾ ਨੂੰ ਤਾਂ ਦੇਖਦੇ ਨਹੀਂ, ਉਸ ਤਕ ਤਾਂ ਪਹੁੰਚਦੇ ਹੀ ਨਹੀਂ।

ਮੈਡੀਟੇਸ਼ਨ ਸ਼ੁਰੂ ਕਰਨ ਤੋਂ ਪਹਿਲਾਂ ਮੈਂ ਸਾਰੇ ਚੰਗੇ ਮੰਦੇ ਵਿਚਾਰਾਂ ਨੂੰ ਆਉਣ ਦਿੰਦਾ ਹਾਂ। ਫੇਰ ਉਹ ਖਤਮ ਹੋ ਜਾਂਦੇ ਹਨ ਜਾਂ ਚਲੇ ਜਾਂਦੇ ਹਨ। ਇਹ ਕੇਵਲ ਵਿਚਾਰ ਹੀ ਹਨ। ਕੋਈ ਵੀ ਵਿਚਾਰ ਤੁਸੀਂ ਆਪਣੇ ਅੰਦਰ ਵਧੇਰੇ ਦੇਰ ਤਕ ਨਹੀਂ ਰਖ ਸਕਦੇ, ਸਦਾ ਤਕ ਨਹੀਂ ਰੱਖ ਸਕਦੇ, ਇਸ ਤਰ੍ਹਾਂ ਕੀਤਾ ਹੀ ਨਹੀਂ ਜਾ ਸਕਦਾ। ਵਾਸਤਵ ਵਿਚ ਵਿਚਾਰ ਉਹ ਹੀ ਹੈ ਜਿਹੜਾ ਆਉਂਦਾ ਹੈ ਤੇ ਚਲਾ ਜਾਂਦਾ ਹੈ। ਜਿਹੜਾ ਵਿਚਾਰ ਆ ਕੇ ਚਲਾ ਜਾਂਦਾ ਹੈ ਜਾਂ ਚਲਾ ਹੀ ਜਾਣਾ ਹੈ ਉਹ ਤੁਹਾਡੇ ਜੀਵਨ ਨੂੰ ਕਿਉਂ ਪ੍ਰਭਾਵਿਤ ਕਰੇ? ਤੁਹਾਡੇ ਜੀਵਨ ਨੂੰ ਕਿਉਂ ਚਲਾਵੇ? ਜੇ ਵਿਚਾਰ ਨਖੇਧੀ ਦਾ ਹੋਵੇ ਤਾਂ ਤੁਹਾਨੂੰ ਅਸਾਂਤ ਕਰਦਾ ਹੈ, ਦੁਖੀ ਕਰਦਾ ਹੈ। ਤੁਹਾਨੂੰ ਚਾਹੀਦਾ ਹੈ ਉਸ ਨੂੰ ਖਤਮ ਹੀ ਹੋਣ ਦਿਓ। ਤੁਸੀਂ ਦੋਨੋਂ ਵਿਚਾਰਾਂ ਨੂੰ ਕਾਬੂ ਰੱਖ ਸਕਦੇ ਹੋ, ਨਖੇਧੀ ਦੇ ਵਿਚਾਰਾਂ ਨੂੰ ਵੀ ਤੇ ਸਕਾਰਾਤਮਕ ਵਿਚਾਰਾਂ ਨੂੰ ਵੀ। ਦੋਨੋਂ ਹੀ ਤਰ੍ਹਾਂ ਦੇ ਵਿਚਾਰ ਆਪਣੇ ਚਿੰਨ੍ਹ ਛੱਡ ਜਾਂਦੇ ਹਨ, ਉਨ੍ਹਾਂ ਨੂੰ ਆਉਣ ਤੇ ਜਾਣ ਦਿਓ, ਤੁਸੀਂ ਕੇਵਲ ਦੇਖੋ ਹੀ। ਜੇ ਇਨ੍ਹਾਂ ਵਿਚਾਰਾਂ ਦੀ ਪੂਰਤੀ ਨਾ ਕੀਤੀ ਜਾਵੇ, ਇਨ੍ਹਾਂ ਦੀ ਸ਼ਕਤੀ ਖਤਮ ਹੋ ਜਾਂਦੀ ਹੈ ਤੇ ਇਹ ਵਿਚਾਰ ਵੀ ਖਤਮ ਹੋ ਜਾਂਦੇ ਹਨ। ਇਹ ਆਤਮ ਚਿਕਿਤਸਾ ਲਈ ਇਕ ਅਭਿਆਸ ਹੈ।

ਹੋ ਸਕਦਾ ਹੈ ਤੁਹਾਡੇ ਮਨ ਵਿਚ ਵਿਚਾਰ ਆਉਂਦਾ ਹੈ ਤੇ ਤੁਹਾਨੂੰ ਕਹਿੰਦਾ ਹੈ, ਆ ਇਹ ਗਿਲਾਸ ਚੁਰਾ ਲੈ। ਤੁਹਾਡਾ ਹੱਥ ਕਹਿੰਦਾ ਹੈ, ਹੇ ਮੇਰੇ ਵਿਚਾਰ! ਜੋ ਤੂੰ ਕਰਨਾ ਹੈ ਤਾਂ ਕਰ ਲੈ ਮੈਂ ਤਾਂ ਤੇਰੇ ਨਾਲ ਜਾਂਦਾ ਨਹੀਂ। ਜਦੋਂ ਇਹ ਹੁੰਦਾ ਹੈ, ਵਿਚਾਰ ਬਿਨਾਂ ਗਿਲਾਸ ਚੁਰਾਇਆਂ ਹੀ ਖਤਮ ਹੋ ਜਾਵੇਗਾ। ਸਭ ਤੋਂ ਪਹਿਲਾਂ ਤਾਂ ਕਰਨ ਦੀ ਗੱਲ ਹੈ ਕਿ ਵਿਚਾਰ ਨੂੰ ਆਉਣ ਦਿਓ, ਆ ਕੇ ਆਪੇ ਹੀ ਖਤਮ ਹੋਣ ਦਿਓ। ਜੇ ਤੁਸੀਂ ਆਪਣੇ ਮਨ ਵਿਚ ਵਿਚਾਰ ਰਖਣਾ ਵੀ ਚਾਹੋ, ਤੁਸੀਂ ਰੱਖ ਨਹੀਂ ਸਕਦੇ, ਕਾਰਣ ਦੂਸਰਾ ਕੋਈ ਵਿਚਾਰ ਆ ਕੇ ਉਸ ਨੂੰ ਧੱਕ ਦੇਵੇਗਾ। ਜੇ ਤੁਸੀਂ ਆਪਣੇ ਪਤੀ ਬਾਰੇ ਸੋਚ ਰਹੇ ਹੋ ਤਾਂ ਅੱਗੇ ਤੁਸੀਂ ਆਪਣੇ ਬੱਚੇ ਬਾਰੇ ਸੋਚੋਗੇ, ਫੇਰ ਤੁਸੀਂ ਘਰ ਬਾਰੇ ਸੋਚੋਗੇ, ਫੇਰ ਤੁਸੀਂ ਆਪਣੀ ਕਾਰ ਬਾਰੇ ਸੋਚੋਗੇ। ਬਹੁਤ ਸਾਰੇ ਵਿਚਾਰ ਆਉਂਦੇ ਹਨ ਪਰ ਜਦੋਂ ਦੂਸਰਾ ਵਿਚਾਰ ਆਉਂਦਾ ਹੈ ਉਹ ਪਹਿਲੇ ਨੂੰ ਧੱਕ ਕੇ ਅੱਗੇ ਕਰ ਦਿੰਦਾ ਹੈ। ਵਿਚਾਰਾਂ ਦੀ ਲੜੀ ਚਲਦੀ ਰਹਿੰਦੀ ਹੈ, ਇਸ ਨੂੰ ਚਲਦੀ ਹੀ ਰਹਿਣ ਦਿਓ।

(ਪੰਨਾ 21 ਦੀ ਬਾਕੀ)

ਬਾਬਾ ਫਕੀਰ ਸਿੰਘ ਰਤਵਾੜਾ ਸਾਹਿਬ ਨੇ ਮਹਾਂਪੁਰਸ਼ਾਂ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਇਹ ਧਾਰਨਾ ਗਾਇਨ ਕੀਤੀ–

***ਭਾਵ ਅਰਥ - ਸੀਸ ਵੱਢ ਕੇ ਬਣਾ ਦਿਆਂ ਮੂੜ੍ਹਾ***
***ਗੱਲਾਂ ਜੋ ਸੁਣਾਵੇ ਤੇਰੀਆਂ।***

ਬਾਬਾ ਰਜਿੰਦਰ ਸਿੰਘ ਨੇ ਮਹਾਂਪੁਰਸ਼ਾਂ ਦੀ ਯਾਦ ਤਾਜ਼ਾ ਕਰਦਿਆਂ ਇਹ ਧਾਰਨਾ ਗਾਇਨ ਕੀਤੀ –

***ਭਾਵ ਅਰਥ - ਜਿਹੜੀਆਂ ਤੇਰੇ ਚਰਨਾਂ ਵਿਚ ਮੌਜਾਂ ਮਾਣੀਆਂ***
***ਦਿਨ ਰਾਤ ਯਾਦ ਆਉਂਦੀਆਂ।***

ਬਾਬਾ ਜੀ ਨੇ ਮਹਾਂਪੁਰਸ਼ਾਂ ਦੇ ਪਰਉਪਕਾਰੀ ਜੀਵਨ ਤੇ ਰੌਸ਼ਨੀ ਪਾਈ। ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਵਾਲਿਆਂ ਨੇ ਸੰਗਤ ਨਾਲ ਫਤਹਿ ਦੀ ਸਾਂਝ ਕੀਤੀ ਤੇ ਸਭਨਾਂ ਪ੍ਰੇਮੀਆਂ ਦਾ ਦਿਲੋਂ ਧੰਨਵਾਦ ਕੀਤਾ।

ਸਮਾਗਮ ਦੇ ਅੰਤਲੇ ਦਿਨ ਵੀ ਕੀਰਤਨੀ ਜੱਥਿਆਂ ਨੇ ਮਨੋਹਰ ਕੀਰਤਨ ਕੀਤੇ ਅਤੇ ਬਾਬਾ ਜੀ ਦੀਆਂ ਨਿਸ਼ਕਾਮ ਸੇਵਾਵਾਂ ਨੂੰ ਯਾਦ ਕੀਤਾ। ਸੰਤ ਬਾਬਾ ਅਵਤਾਰ ਸਿੰਘ ਜੀ ਧੂਲਕੋਟ ਵਾਲਿਆਂ ਨੇ ਕੀਰਤਨ ਅਤੇ ਵਿਆਖਿਆ ਕਰਦਿਆਂ ਆਤਮ ਮਾਰਗ ਸਬੰਧੀ ਮਹਾਂਪੁਰਸ਼ਾਂ ਦੇ ਪ੍ਰਵਚਨ ਯਾਦ ਕਰਵਾਏ ਅਤੇ ਦੱਸਿਆ ਕਿ ਜਿਨ੍ਹਾਂ ਘਰਾਂ ਵਿਚ ਆਤਮ ਮਾਰਗ ਜਾਂਦਾ ਹੈ, ਓਥੇ ਦੁਖ ਕਲੇਸ਼ ਨਹੀਂ ਟਿਕਦੇ, ਸੁੱਖ ਸ਼ਾਂਤੀ ਆ ਵਸਦੀ ਹੈ। ਜਿਥੇ ਨਾਮ ਬਾਣੀ ਦਾ ਪ੍ਰਵਾਹ ਚਲਦਾ ਹੈ, ਓਥੇ ਬੀਮਾਰੀਆਂ ਨਹੀਂ ਟਿਕ ਸਕਦੀਆਂ। ਉਪਰੰਤ ਬੀਬੀ ਪ੍ਰੀਤਮ ਜਯੋਤੀ ਹਰੀ ਜੀ ਅੰਮ੍ਰਿਤਸਰ ਵਾਲਿਆਂ ਨੇ ਆਪਣੇ ਵਖਿਆਨ ਵਿਚ ਸਾਧ ਦੀ ਮਹਿਮਾ ਦਾ ਵਰਣਨ ਕਰਦਿਆਂ ਗੁਰਬਾਣੀ ਦੇ ਨਿਮਨ ਕਥਨ ਦੀ ਵਿਸ਼ੇਸ਼ ਮਹੱਤਤਾ ਦਰਸਾਈ –

***ਸਾਧ ਕੈ ਸੰਗਿ ਨਹੀ ਕਛੁ ਘਾਲ॥***
***ਦਰਸਨੁ ਭੇਟਤ ਹੋਤ ਨਿਹਾਲ॥ ਪੰਨਾ - 272***

ਉਨ੍ਹਾਂ ਦੱਸਿਆ ਕਿ ਸੰਤ ਮਹਾਤਮਾ ਪ੍ਰਮੇਸ਼ੁਰ ਦਾ ਸਰੂਪ ਹੁੰਦੇ ਹਨ। ਉਪਰੰਤ ਭਾਈ ਗੁਰਪਾਲ ਸਿੰਘ ਜੀ ਯੂ.ਪੀ. ਵਾਲਿਆਂ ਨੇ ਦੀਵਾਨ ਦੀ ਹਾਜ਼ਰੀ ਭਰੀ। ਸਮਾਪਤੀ ਤੋਂ ਪਹਿਲਾਂ ਬਾਬਾ ਹਰਪਾਲ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਨੇ ਸੰਤ ਮਹਾਰਾਜ ਦੀ ਉਚੀ ਆਤਮਿਕ ਅਵਸਥਾ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਆਪ ਜੀ ਗਿਆਨ ਦਾ ਸੂਰਜ ਸਨ, ਪਿਆਰ ਦਾ ਸਾਗਰ ਸਨ ਅਤੇ ਸੇਵਾ ਪਰਉਪਕਾਰ ਦਾ ਮੁਜੱਸਮਾ ਸਨ। ਉਨ੍ਹਾਂ ਦੇ ਪੂਰੇ ਜੀਵਨ ਤੇ ਵਿਸਥਾਰਪੂਰਵਕ ਚਾਨਣਾ ਪਾਇਆ। ਸੇਵਾ ਕਰਨ ਵਾਲੇ ਪ੍ਰੇਮੀਆਂ ਨੂੰ ਸਰੋਪਾ ਭੇਂਟ ਕੀਤੇ ਗਏ। ਸਤਿਕਾਰਯੋਗ ਬੀਜੀ ਨੇ ਸੰਗਤਾਂ ਦੇ ਖੁਲ੍ਹੇ ਦਰਸ਼ਨ ਦੀਦਾਰ ਕੀਤੇ ਅਤੇ ਸੰਗਤਾਂ ਉਨ੍ਹਾਂ ਦੇ ਦਰਸ਼ਨ ਕਰਕੇ ਨਿਹਾਲ ਹੋਈਆਂ। ਲੰਗਰ, ਪਾਰਕਿੰਗ, ਜੋੜਿਆਂ ਦੀ ਸੇਵਾ ਦਾ ਪ੍ਰਬੰਧ ਬਹੁਤ ਵਧੀਆ ਪਿਆਰ ਤੇ ਸ਼ਰਧਾ ਨਾਲ ਨਿਭਾਇਆ ਗਿਆ। ਸਮਾਗਮ ਦੇ ਪਿਛਲੇ ਦੋ ਦਿਨ ਵਿਚ ਫੌਰਨ ਤੋਂ ਆਏ ਪ੍ਰੇਮੀ ਭਾਈ ਸੁਖਵਿੰਦਰ ਸਿੰਘ ਤੇ ਭਾਈ ਕੁਲਦੀਪ ਸਿੰਘ ਜੀ ਨੇ 'ਆਤਮ ਮਾਰਗ' ਦੀ ਮੈਂਬਰਸ਼ਿਪ ਅੱਧੇ ਰੇਟ ਤੇ ਕਰ ਦਿਤੀ। ਜਿਸ ਤੋਂ ਅਨੇਕਾਂ ਸੰਗਤਾਂ ਨੇ ਲਾਭ ਉਠਾਇਆ। 150 ਦੇ ਕਰੀਬ ਇਕ ਸਾਲ ਲਈ 'ਆਤਮ ਮਾਰਗ' ਦੇ ਮੈਂਬਰ ਬਣੇ ਅਤੇ 40 ਲਾਈਫ ਮੈਂਬਰ ਬਣੇ। ਪੁਸਤਕ ਸਟਾਲ ਤੋਂ ਅਨੇਕ ਪ੍ਰੇਮੀ ਮਹਾਂਪੁਰਸ਼ਾਂ ਦੀਆਂ ਪੁਸਤਕਾਂ, ਕੈਸਟਾਂ ਅਤੇ ਤਸਵੀਰਾਂ ਲੈ ਕੇ ਨਾਮ ਜਪਦੇ ਘਰਾਂ ਨੂੰ ਪਰਤੇ।

# ਗੁਰੂ ਅਮਰਦਾਸ ਜੀ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ।*

*(17.4.90 ਨੂੰ ਧਮੋਟ ਵਿਖੇ ਲੱਗੇ ਦੀਵਾਨ)*

ਸ਼ਾਨ .....................................।

*ਸਤਿਨਾਮ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*
*ਪੰਨਾ - 256*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਪੰਨਾ - 289*

*ਭਾਵ ਅਰਥ - ਬ੍ਰਹਮਾ ਬਿਸ਼ਨ ਤੇ ਮਹੇਸ਼ ਪੀਰ ਔਲੀਏ,*
*ਤੇਰੇ ਦਰ ਖੜ੍ਹੇ ਮਾਲਕਾ।*

ਸਾਧ ਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ! ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ ਵਿਚ ਪਹੁੰਚੇ ਹੋ। ਨੇਤਰਾਂ ਦੇ ਨਾਲ ਗੁਰੂ ਮਹਾਰਾਜ ਜੀ ਦਾ ਦਿਦਾਰ ਕਰੋ, ਬੁੱਧੀ ਦੇ ਨਾਲ ਵਿਚਾਰ ਕਰੋ, ਵਿਚਾਰ ਕਰਨ ਤੋਂ ਬਾਅਦ ਹਿਰਦੇ ਵਿਚ ਧਾਰਨ ਕਰੋ। ਉਸ ਤੋਂ ਬਾਅਦ ਜਦੋਂ ਵਾਰੀ ਆਵੇ ਤਾਂ ਗੱਜ-ਵੱਜ ਕੇ ਸ਼ਬਦ ਵਿਚ ਬੋਲੋ। ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਆਵਾਜ਼ ਸਾਰਿਆਂ ਦੇ ਕੰਨਾਂ ਵਿਚ ਪਵੇ ਭਾਵੇਂ ਹਾਲ ਹੋਣ ਕਰਕੇ ਆਵਾਜ਼ ਗੂੰਜਦੀ ਹੈ। ਸੋ ਕੋਸ਼ਿਸ਼ ਕਰੋ ਕਿ ਵਿਚਾਰ ਨੂੰ ਧਿਆਨ ਦੇ ਨਾਲ ਸਰਵਣ ਕਰੋ ਤੇ ਸਮਝਣ ਦਾ ਯਤਨ ਕਰੋ। ਜਦੋਂ ਬਾਣੀ ਇਸ ਤਰ੍ਹਾਂ ਪੂਰੀ ਵਿਧੀ ਦੇ ਨਾਲ ਸਰਵਣ ਕਰਾਂਗੇ ਤਾਂ -

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ॥*
*ਪੰਨਾ - 546*

ਕਈ ਕਰੋੜ ਜੱਗਾਂ ਦਾ ਫਲ ਸੁਣਨ ਵਾਲਿਆਂ ਨੂੰ ਤੇ ਗਾਉਣ ਵਾਲਿਆਂ ਨੂੰ ਪ੍ਰਾਪਤ ਹੋਇਆ ਕਰਦਾ ਹੈ। ਐਨੇ ਰੁਝੇਵਿਆਂ ਭਰੇ ਸਮੇਂ ਅੰਦਰ ਸਾਨੂੰ ਥੋੜ੍ਹਾ ਜਿਹਾ ਸਮਾਂ ਪ੍ਰਾਪਤ ਹੋਇਆ ਹੈ। ਸੋ ਪੂਰਾ ਪੂਰਾ ਲਾਹਾ ਪ੍ਰਾਪਤ ਕਰੋ। ਸਤਿਸੰਗ ਵਿਚ ਹੋਈਆਂ ਵਿਚਾਰਾਂ ਦੀ ਲੜੀ ਨੂੰ ਗੁੰਦ ਕੇ ਇਕਾਂਤ ਵਿਚ ਬੈਠ ਕੇ ਵਿਚਾਰ ਕਰੋ ਤੇ ਧਾਰਨ ਕਰੋ। ਫੇਰ ਸਤਿਸੰਗ ਦਾ ਪੂਰਾ ਪੂਰਾ ਲਾਭ ਪ੍ਰਾਪਤ ਹੁੰਦਾ ਹੈ। ਸੋ ਹੁਣ ਸਾਰੇ ਪ੍ਰੇਮੀ ਗੱਜ ਵੱਜ ਕੇ ਸ਼ਬਦ ਵਿਚ ਬੋਲੋ -

*ਭਾਵ ਅਰਥ - ਨਾਮ ਜਪੀਏ ਤਾਂ ਦੂਰ ਹੁੰਦੇ ਦੁਖੜੇ,*
*ਸੇਵਾ ਕਰਕੇ ਮਾਣ ਪਾਈਦੈ।*

ਨਾਮ ਸਿਮਰਨ ਤੇ ਸੇਵਾ, ਗੁਰੂ ਘਰ ਦੇ ਅੰਦਰ ਇਨ੍ਹਾਂ ਦੋ ਚੀਜ਼ਾਂ ਦੀ ਬਹੁਤ ਮਹਤੱਤਾ ਹੈ। ਨਾਮ ਨਹੀਂ ਜਪ ਸਕਦਾ ਜਦੋਂ ਤੱਕ ਆਦਮੀ ਦੇ ਮਨ ਤੇ ਤਨ ਦੇ ਸਮੇਤ ਸ਼ੁਭ ਕਰਮ ਨਾ ਹੋਣ।

*ਵਿਣੁ ਗੁਣ ਕੀਤੇ ਭਗਤਿ ਨ ਹੋਇ॥ ਪੰਨਾ - 4*

ਸੋ ਸੇਵਾ ਦੇ ਨਾਲ ਨਿਮਰਤਾ ਤੇ ਅਨੇਕਾਂ ਫਲ ਪ੍ਰਾਪਤ ਹੋਇਆ ਕਰਦੇ ਹਨ। ਥੋੜ੍ਹਾ ਸਮਾਂ ਸਾਡੇ ਪਾਸ ਹੈ, ਕਲਜੁਗ ਦਾ ਸਮਾਂ ਹੈ ਉਮਰ ਬਹੁਤ ਘੱਟ ਹੈ, ਸਰੀਰ ਰੋਗੀ ਹੋ ਗਏ। ਜਿਸ ਕਿਸੇ ਨੂੰ ਪੁਛੋ ਬਿਮਾਰ ਹੀ ਬਿਮਾਰ ਹੈ। ਹਰ ਬੰਦਾ ਬਿਮਾਰ ਹੈ। ਵਿਚਾਰ, ਆਚਾਰ ਗਲਤ ਹੋ ਗਏ, ਪਹਿਰਾਵਾ ਗਲਤ ਹੋ ਗਿਆ, ਹਰ ਚੀਜ਼ ਦੇ ਵਿਚ ਗਲਤੀ ਆ ਗਈ। ਸੋ ਗੁਰੂ ਮਹਾਰਾਜ ਜੀ ਨੇ ਸਾਡੇ ਉਧਾਰ ਵਾਸਤੇ ਸੇਵਾ ਤੇ ਸਿਮਰਨ ਦਾ ਰਸਤਾ ਦਿਖਾਇਆ। ਥੋੜ੍ਹੇ ਜਿਹੇ ਸਮੇਂ ਵਿਚ ਦੁਗਣਾ ਲਾਹਾ ਲੈਣ ਵਾਸਤੇ ਇਹ ਸਾਡੇ ਵਾਸਤੇ ਸਾਧਨ ਬਣਾਏ ਨੇ। ਨਾਮ ਜੱਪਣ ਨਾਲ ਸਾਰੇ ਦੁਖਾਂ ਦਾ ਨਾਸ਼ ਹੁੰਦਾ ਹੈ, ਸੇਵਾ ਕਰਨ ਨਾਲ ਇਥੇ ਵੀ ਤੇ ਦਰਗਾਹ ਵਿਚ ਵੀ ਮਾਣ ਮਿਲਦਾ ਹੈ -

*ਵਿਚਿ ਦੁਨੀਆ ਸੇਵ ਕਮਾਈਐ॥*
*ਤਾ ਦਰਗਹ ਬੈਸਣੁ ਪਾਈਐ॥*
*ਕਹੁ ਨਾਨਕ ਬਾਹ ਲੁਡਾਈਐ॥ ਪੰਨਾ - 26*

ਸੋ ਕੱਲ੍ਹ ਵਿਚਾਰ ਹੋਈ ਸੀ ਕਿ ਗੁਰੂ ਨਾਨਕ ਪਾਤਿਸ਼ਾਹ ਨੇ ਹਰਦਾਸ ਵੈਦ ਨੂੰ ਇਹ ਗੱਲ ਦੱਸੀ ਕਿ ਸਾਰਾ ਸੰਸਾਰ ਕਿਸ ਤਰ੍ਹਾਂ ਰੋਗੀ ਹੋਇਆ ਹੋਇਆ ਹੈ। ਤਨ ਦੇ ਰੋਗ ਬਾਅਦ ਵਿਚ ਆਉਂਦੇ ਨੇ, ਮਨ ਦੇ ਰੋਗ ਪਹਿਲਾਂ ਆਉਂਦੇ ਨੇ। ਜੇ ਮਨ ਰੋਗੀ ਹੋਵੇ ਤਾਂ ਸਰੀਰ ਰੋਗੀ ਹੋ ਜਾਇਆ ਕਰਦਾ ਹੈ, ਜੇ ਮਨ ਤੰਦਰੁਸਤ ਹੋਵੇ ਤਾਂ ਸਰੀਰ ਦੇ ਰੋਗ ਹਟ ਜਾਇਆ ਕਰਦੇ ਨੇ। ਕਈ ਪ੍ਰੇਮੀਆਂ ਨੂੰ ਇਨ੍ਹਾਂ ਗੱਲਾਂ ਤੇ ਵਿਸ਼ਵਾਸ ਨਹੀਂ ਆਉਂਦਾ ਕਿਉਂਕਿ ਆਦਮੀ ਦੇ ਅੰਦਰ ਤਰਕ ਹੈ, ਤਰਕ ਹੋਣੀ ਜ਼ਰੂਰੀ ਚੀਜ਼ ਹੈ ਪਰ ਜਦੋਂ ਤੱਕ ਤਰਕ ਤੇ ਵਿਸ਼ਵਾਸ ਰਲਦੇ ਨਹੀਂ ਉਦੋਂ ਤੱਕ ਕੋਈ ਨਤੀਜਾ ਨਹੀਂ ਨਿਕਲਦਾ। ਸੋ ਦੁੱਖਾਂ ਦਾ ਇਲਾਜ ਮਹਾਰਾਜ ਜੀ ਨੇ ਨਾਮ ਦੱਸਿਆ ਹੈ।

*ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ॥*
*ਪੰਨਾ - 687*

ਸਾਨੂੰ ਇਸ ਗੱਲ ਦਾ ਗਿਆਨ ਨਹੀਂ ਹੈ ਕਿ ਨਾਮ ਦਾਰੂ ਕਿਸ ਤਰ੍ਹਾਂ ਹੋਇਆ ਹੈ। ਜਿਹੜੇ ਬਹੁਤ ਵੱਡੇ ਵੱਡੇ ਰੋਗ ਨੇ, ਜਿਨ੍ਹਾਂ ਦੇ ਬਾਰੇ ਅਸੀਂ ਕਦੇ ਸੋਚਿਆ ਹੀ ਨਹੀਂ, ਜਿਨ੍ਹਾਂ ਨੂੰ ਅਵਿਦਿਆ, ਭੁੱਲ, ਮਾਇਆ, ਹਉਮੈ ਆਦਿ ਕਹਿੰਦੇ ਨੇ, ਨਾਮ ਵੱਖੋ-ਵੱਖਰੇ ਨੇ ਚੀਜ਼ ਇਕੋ ਹੀ ਹੈ। ਇਹ ਜੋ ਅਵਿਦਿਆ ਦਾ ਰੋਗ ਹੈ ਇਹ ਸਾਰੀ ਦੁਨੀਆਂ ਵਿਚ ਹੈ। ਬ੍ਰਹਮਾ ਵਿਸ਼ਨੂੰ ਮਹੇਸ਼ ਸਾਰੇ ਦੇਵਤੇ ਹਉਮੈ ਦੇ ਰੋਗ ਨਾਲ

ਪੀੜਤ ਹਨ। ਮਨੁੱਖ ਸਾਰੇ 'ਹਉਮੈ' ਦੇ ਰੋਗ ਨਾਲ ਜੰਮਦੇ ਨੇ ਤੇ ਮਰਦੇ ਨੇ ਕਿਉਂਕਿ ਪਤਾ ਨਹੀਂ ਲਗਦਾ ਕਿ 'ਹਉਮੈ' ਕਿਸਨੂੰ ਕਹਿੰਦੇ ਨੇ। ਅਸੀਂ ਗਲਤ ਅਰਥ ਲੈ ਕੇ ਇਸ ਨੂੰ ਅਹੰਕਾਰ ਕਹਿ ਦਿੰਦੇ ਹਾਂ ਪਰ ਪੰਜ ਮਦ ਦੱਸੇ ਨੇ ਮਹਾਰਾਜ ਜੀ ਨੇ - ਰਾਜ, ਮਾਲ, ਰੂਪ, ਜਾਤ, ਜੋਬਨ ਪੰਜੇ ਠੱਗ। ਇਹ ਅਭਿਮਾਨ ਨੇ। ਵਿਦਿਆ ਪੜ੍ਹ ਲੈਣੀ, ਅਭਿਮਾਨ ਹੋ ਜਾਂਦਾ ਹੈ ਕਿ ਮੈਂ ਬਹੁਤ ਪੜ੍ਹਿਆ ਹੋਇਆ ਹਾਂ। ਪੈਸਾ ਹੋ ਜਾਣਾ, ਅਭਿਮਾਨ ਹੋ ਜਾਂਦਾ ਹੈ ਕਿ ਮੇਰੇ ਕੋਲ ਧਨ ਦਾ ਕੋਈ ਘਾਟਾ ਨਹੀਂ ਹੈ, ਬੇਅੰਤ ਧਨ ਤੇ ਜੋਬਨ ਵਾਲਾ ਹੋਣਾ, ਜਾਤ ਚੰਗੀ ਹੋਣੀ, ਰਾਜਸੀ ਸ਼ਕਤੀ ਹੱਥ ਵਿਚ ਆ ਜਾਣੀ ਇਨ੍ਹਾਂ ਨੂੰ ਅਭਿਮਾਨ ਕਹਿੰਦੇ ਨੇ, ਹੰਕਾਰ ਕਹਿੰਦੇ ਨੇ। ਜਿਥੇ ਇਨ੍ਹਾਂ ਦਾ ਅਭਿਮਾਨ ਬਿਲਕੁਲ ਨਹੀਂ ਉਥੇ ਵੀ ਹਉਮੈ ਆ ਜਾਂਦੀ ਹੈ। ਹਉਮੈ ਵਿਚ ਅਸੀਂ ਜੰਮਦੇ ਮਰਦੇ ਹਾਂ। ਸਾਡੇ ਗੱਲੋਂ ਇਹ ਚੱਕਰ ਲਹਿੰਦਾ ਨਹੀਂ।

***ਜਬ ਇਹ ਜਾਨੈ ਮੈ ਕਿਛੁ ਕਰਤਾ॥***
***ਤਬ ਲਗੁ ਗਰਭ ਜੋਨਿ ਮਹਿ ਫਿਰਤਾ॥ ਪੰਨਾ - 278***

ਜਿੰਨਾ ਚਿਰ ਇਹ ਕਹਿੰਦਾ ਹੈ ਕਿ ਮੈਂ ਕੁਛ ਕਰਿਆ ਹੈ। ਕਈ ਉਪਰੋਂ ਮੂੰਹ ਨਾਲ ਇਹ ਕਹਿੰਦੇ ਨੇ ਕਿ ਮੈਥੋਂ ਗੁਰੂ ਨੇ ਇਹ ਕਰਾਇਆ ਹੈ ਪਰ ਅੰਦਰੋਂ ਇਹ ਕਹਿੰਦੇ ਨੇ ਮੈਂ ਕਰਿਆ ਹੈ। ਮੂੰਹ ਦੀ ਬਾਤ ਨਹੀਂ ਚਲਦੀ, ਬਾਤ ਹਿਰਦੇ ਦੀ ਚੱਲਿਆ ਕਰਦੀ ਹੈ। ਮੂੰਹ ਨਾਲ ਤਾਂ ਬਹੁਤ ਬਾਤਾਂ ਆਦਮੀ ਕਹਿ ਦਿੰਦਾ ਹੈ -

***ਜਿਨ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ॥***
***ਪੰਨਾ - 488***

ਮਨ ਵਿਚ ਹੋਰ, ਮੁੱਖ ਵਿਚ ਹੋਰ ਗੱਲ ਕਰਦਾ ਹੈ ਤਾਂ ਮਹਾਰਾਜ ਜੀ ਕਹਿੰਦੇ ਇਹ ਕੱਚੇ ਬੰਦੇ ਨੇ ਪਰ ਜਿਹੜਾ ਸਚਮੁਚ ਹੀ ਇਹ ਗੱਲ ਅੰਦਰੋਂ ਕਹਿੰਦਾ ਹੈ ਕਿ ਹਉਮੈ ਦਾ ਰੋਗ ਮੈਨੂੰ ਲੱਗਿਆ ਹੋਇਆ ਹੈ। ਮਹਾਰਾਜ ਜੀ ਕਹਿੰਦੇ ਤੈਨੂੰ ਹੀ ਨਹੀਂ ਸਾਰੇ ਸੰਸਾਰ ਨੂੰ ਇਹ ਰੋਗ ਲੱਗਿਆ ਹੋਇਆ ਹੈ-

***ਸੰਸਾਰੁ ਰੋਗੀ ................॥ ਪੰਨਾ - 687***

ਤੇ ਦਾਰੂ ਕੀ ਹੈ?

***............. ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ॥***
***ਪੰਨਾ - 687***

ਮੈਲ ਹਉਮੈ ਦੀ ਲਗਦੀ ਹੈ -

***ਜਨਮ ਜਨਮ ਕੀ ਇਸੁ ਮਨ ਕਉ ਮਲੁ***
***ਲਾਗੀ ਕਾਲਾ ਹੋਆ ਸਿਆਹੁ॥***
***ਖੰਨਲੀ ਧੋਤੀ ਉਜਲੀ ਨ ਹੋਵਈ***
***ਜੇ ਸਉ ਧੋਵਣਿ ਪਾਹੁ॥ ਪੰਨਾ - 651***

ਸੋ ਸਾਰਾ ਸੰਸਾਰ ਹਉਮੈ ਨਾਲ ਦੁਖੀ ਹੋਇਆ ਪਿਆ ਹੈ ਤੇ ਪ੍ਰਮੇਸ਼ਰ ਨਾਲੋਂ ਟੁੱਟਿਆ ਹੋਇਆ ਹੈ। ਜਿਸ ਦੇ ਹਿਰਦੇ ਦੇ ਅੰਦਰ ਪ੍ਰਮੇਸ਼ਰ ਦੀ ਜੋਤ ਦਾ ਪ੍ਰਕਾਸ਼ ਨਹੀਂ ਹੋਇਆ ਤੇ ਪੰਜ ਭਰਮਾਂ ਦਾ ਨਾਸ਼ ਨਹੀਂ ਹੋਇਆ, ਉਹ ਹਉਮੈ ਦਾ ਰੋਗੀ ਹੈ। ਕਿਸੇ ਇਕ ਨੂੰ ਨਹੀਂ ਕਿਹਾ ਜਾ ਸਕਦਾ ਕਿ ਤੂੰ ਰੋਗੀ ਹੈਂ ਸਾਰਾ ਸੰਸਾਰ ਹੀ ਰੋਗੀ ਹੈ। ਗੁਰੂ ਤੋਂ ਦਵਾਈ ਲੈ ਕੇ ਢੰਗ ਨਾਲ ਨਹੀਂ ਖਾਂਦਾ। ਇਸ ਕਰਕੇ ਹਉਮੈ ਦਾ ਰੋਗ ਟੁੱਟਿਆ ਨਹੀਂ ਕਰਦਾ।

ਸੋ ਇਸੇ ਤਰ੍ਹਾਂ ਅਨੇਕਾਂ ਰੋਗਾਂ ਦੀ ਵਿਚਾਰ ਕਰੀ ਸੀ ਕਿ ਅਵਿਦਿਆ ਦਾ ਰੋਗ ਮਨ ਦਾ 'ਵਮਨ' ਹੋਇਆ ਕਰਦਾ ਹੈ, 'ਹੈਜਾ' ਹੋਇਆ ਕਰਦਾ ਹੈ। 'ਚੁਗਲੀ' ਦਾ ਰੋਗ ਬਹੁਤ ਬੁਰਾ ਹੈ। ਬਹੁਤ ਸੰਗਤ ਆਉਂਦੀ ਹੈ, ਬੜੀ ਦੇਰ ਤੋਂ ਸੰਗਤ ਕਰਦੇ ਨੇ ਪਰ ਬਹੁਤ ਵਾਰੀ ਮੈਂ ਦੇਖਦਾ ਹਾਂ ਕਿ ਐਨੇ ਸਾਲ ਸੰਗਤ ਕਰਦਿਆਂ ਨੂੰ ਹੋ ਗਏ, ਅਜੇ ਵੀ ਚੁਗਲੀ ਕਰਦੇ ਨੇ। ਉਨ੍ਹਾਂ ਦੀ ਹਾਲਤ ਇਹ ਹੁੰਦੀ ਹੈ ਜਿਵੇਂ ਕੋਹਲੂ ਦਾ ਬੈਲ ਪੈੜ ਵਿਚ ਘੁੰਮਦਾ ਹੈ, ਅੱਖਾਂ ਤੇ ਖੋਪੇ ਲਾਏ ਹੋਏ ਨੇ। ਉਸ ਨੂੰ ਹਰ ਵਕਤ ਇਹ ਡਰ ਹੁੰਦਾ ਹੈ ਕਿ ਮੇਰੇ ਪਿੱਛੇ ਮੇਰਾ ਮਾਲਕ ਤੁਰਿਆ ਆਉਂਦਾ ਹੈ, ਮੇਰੇ ਹੁਣ ਡੰਡਾ ਨਾ ਮਾਰੇ। ਸੋ ਉਹ ਤੇਜੀ ਨਾਲ ਚਲਦਾ ਰਹਿੰਦਾ ਹੈ। ਸਾਰਾ ਦਿਨ ਕੋਹਲੂ ਦਾ ਬੈਲ ਘੁੰਮਦਾ ਹੈ। ਜਦੋਂ ਅੱਖਾਂ ਤੋਂ ਖੋਪੇ ਖੋਲ੍ਹਦੇ ਹਾਂ ਓਥੇ ਦਾ ਓਥੇ ਹੀ ਖੜ੍ਹਾ ਹੁੰਦਾ ਹੈ। ਜਦੋਂ ਤੱਕ ਅਸੀਂ ਗੰਭੀਰਤਾ ਨਾਲ ਆਪਣੇ ਮਨ ਵਿਚ ਇਹ ਗੱਲ ਨਹੀਂ ਲੈਂਦੇ, ਜੇ ਮਨ ਵਿਚ ਇਹ ਨਹੀਂ ਆਉਂਦਾ ਕਿ ਇਸੇ ਜਨਮ ਦੇ ਅੰਦਰ ਅੰਦਰ ਅਸੀਂ ਉਹ ਪ੍ਰਾਪਤੀ ਕਰਨੀ ਹੈ ਜਿਸ ਦੇ ਬਾਰੇ ਗੁਰੂ ਮਹਾਰਾਜ ਬਾਰ-ਬਾਰ ਇਹ ਜ਼ਿਕਰ ਕਰ ਰਹੇ ਨੇ -

***ਭਈ ਪਰਾਪਤਿ ਮਾਨੁਖ ਦੇਹੁਰੀਆ॥***
***ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥***
***ਅਵਰਿ ਕਾਜ ਤੇਰੈ ਕਿਤੈ ਨ ਕਾਮ॥ ਪੰਨਾ - 12***

ਜਿਹੜਾ ਗੰਭੀਰਤਾ ਨਾਲ ਸੋਚਦਾ ਹੈ ਉਸ ਦਾ ਮਨ ਹਿਲਦਾ ਹੈ ਇਹ ਬਾਤ ਸੁਣ ਕੇ ਕਿ ਜਿਹੜੇ ਹੋਰ ਕੰਮ ਨੇ ਉਹ ਸਾਰੇ ਫਜ਼ੂਲ ਨੇ, ਫੇਰ ਉਨ੍ਹਾਂ ਵਿਚ ਫਸਿਆ ਹੋਇਆ ਹੈ। ਅਸਲੀ ਕੰਮ ਕੀ ਹੈ? ਕਹਿੰਦੇ -

***ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥ ਪੰਨਾ - 12***

ਸਾਧੂਆਂ ਦੀ ਸੰਗਤ ਵਿਚ ਜਾ ਕੇ, ਸਾਧੂ ਦਾ ਸੰਗ ਕਰਕੇ ਕੇਵਲ ਨਾਮ ਜਪ ਤੇ ਲੱਕ ਬੰਨ੍ਹ ਲੈ -

***ਸਰੰਜਾਮਿ ਲਾਗੁ ਭਵਜਲ ਤਰਨ ਕੈ॥***
***ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ॥ ਪੰਨਾ - 12***

ਮਾਇਆ ਦੇ ਪਿਆਰ ਵਿਚ ਪੈ ਕੇ ਤੇਰਾ ਜਨਮ ਬਿਰਥਾ ਜਾਂਦਾ ਹੈ। ਮਾਇਆ ਕਿਸ ਨੂੰ ਆਖਦੇ ਨੇ? ਜਿਸ ਚੀਜ਼ ਦਾ ਕੋਈ ਨਾਮ ਹੈ, ਕੋਈ ਰੂਪ ਹੈ ਇਨ੍ਹਾਂ ਦੋ ਗੁਣਾਂ ਦੇ ਅਧੀਨ ਜੋ ਵੀ ਚੀਜ਼ ਆਉਂਦੀ ਹੈ ਉਸ ਨੂੰ ਮਾਇਆ ਕਹਿੰਦੇ ਨੇ। ਇਹ ਜੀਵ ਆਤਮਾ ਭੁੱਲ ਕੇ ਆਪਣੀ ਅਸਲੀਅਤ ਨੂੰ ਪਿਆਰ ਕਰਨ ਦੀ ਥਾਂ ਤੇ ਦੇਖਣ ਵਾਲੀਆਂ ਚੀਜ਼ਾਂ ਨੂੰ ਪਿਆਰ ਕਰਨ ਲੱਗ ਗਿਆ ਜੋ ਥਿਰ ਨਹੀਂ ਰਿਹਾ ਕਰਦੀਆਂ। ਮਹਾਰਾਜ ਜੀ ਕਹਿੰਦੇ ਤੂੰ ਜਨਮ ਬਿਰਥਾ

ਗੁਆ ਰਿਹਾ ਹੈਂ। ਫੇਰ ਲਗਨ ਲਗਦੀ ਹੈ ਆਦਮੀ ਨੂੰ। ਫੇਰ ਖਿਆਲ ਆਉਂਦਾ ਹੈ ਕਿ ਮੇਰਾ ਜਨਮ ਤਾਂ ਬਿਰਥਾ ਲੰਘ ਰਿਹਾ ਹੈ ਪਰ ਕਿਸੇ ਕਿਸੇ ਭਾਗਾਂ ਵਾਲੇ ਨੂੰ ਇਹ ਖਿਆਲ ਆਉਂਦਾ ਹੈ। ਬਾਕੀ ਦੁਨੀਆਂ ਨੂੰ ਨਹੀਂ ਆਉਂਦਾ ਕਿਉਂਕਿ ਉਨ੍ਹਾਂ ਦਾ ਮਨ ਮਾਇਆ ਨੇ ਮੋਹ ਲਿਆ –

*ਮਾਇਆ ਮਮਤਾ ਮੋਹਣੀ ਜਿਨਿ ਵਿਣੁ ਦੰਤਾ ਜਗੁ ਖਾਇਆ॥*
*ਮਨਮੁਖ ਖਾਧੇ ਗੁਰਮੁਖਿ ਉਬਰੇ ਜਿਨੀ ਸਚਿ ਨਾਮਿ ਚਿਤੁ ਲਾਇਆ॥*
*ਪੰਨਾ - 643*

ਬਾਕੀ ਤਾਂ ਸਾਰਾ ਸੰਸਾਰ ਖਾ ਲਿਆ ਮਾਇਆ ਨੇ। ਨਹੀਂ ਸੋਚਦਾ, ਸੋਚ ਆਉਂਦੀ ਹੀ ਨਹੀਂ। ਕੰਨਾਂ ਦੇ ਨਾਲ ਸੁਣਦਾ ਹੋਇਆ ਵੀ ਅੰਦਰ ਬਾਤ ਲੈ ਕੇ ਨਹੀਂ ਜਾਂਦਾ, ਅੱਖਾਂ ਨਾਲ ਦੇਖਦਾ ਹੋਇਆ ਵੀ ਅੰਦਰ ਬਾਤ ਲੈ ਕੇ ਨਹੀਂ ਜਾਂਦਾ, ਉੱਤੇ ਉੱਤੇ ਗੱਲ ਰਹਿ ਜਾਂਦੀ ਹੈ ਗਹਿਰਾਈ ਵਿਚ ਨਹੀਂ ਜਾਂਦਾ। ਸਾਰੀ ਸੋਚ ਬਦਲ ਜਾਂਦੀ ਹੈ ਇਹ ਗੱਲ ਸੋਚਦੇ ਦੀ ਕਿ ਮੇਰਾ ਤਾਂ ਜਨਮ ਬਿਰਥਾ ਜਾ ਰਿਹਾ ਹੈ।

ਇਤਿਹਾਸ ਦੇ ਅੰਦਰ ਜ਼ਿਕਰ ਆਉਂਦਾ ਹੈ ਕਿ ਗੁਰੂ ਅਮਰ ਦਾਸ ਜੀ ਨੂੰ ਜਦੋਂ ਅਜੇ ਰੂਹਾਨੀ ਲਗਨ ਨਹੀਂ ਸੀ ਲੱਗੀ। ਆਪ ਜੀ ਚਾਰ ਭਰਾ ਸਨ ਤੇ ਚਾਰਾਂ 'ਚੋਂ ਵੱਡੇ ਆਪ ਸਨ। ਆਪ ਦਾ ਜੋ ਪਹਿਲਾ ਜੀਵਨ ਸੀ ਉਸ ਵਿਚ ਸ਼ੁਧ ਵਿਹਾਰ ਕਰਨੇ, ਖੇਤੀ ਬਾੜੀ ਵੀ ਘਰ ਵਿਚ ਚਲਦੀ ਸੀ, ਖੂਹ ਲੱਗੇ ਹੋਏ ਸਨ, ਜ਼ਮੀਨ ਚੰਗੀ ਸੀ ਪਰ ਆਪ ਨੇ ਫਿਰ ਤੁਰ ਕੇ ਵਪਾਰ ਕਰਨ ਦਾ ਕੰਮ ਆਪਣੇ ਸਿਰ ਲਿਆ ਹੋਇਆ ਸੀ। ਜਿੱਥੇ ਸਾਧੂਆਂ ਦੀ ਸੰਗਤ ਹੁੰਦੀ ਉਥੇ ਜਰੂਰ ਜਾਂਦੇ ਤੇ ਆਪ ਜੀ ਦੇ ਮਨ ਵਿਚ ਬਾਰ ਬਾਰ ਖਿਆਲ ਆਉਂਦਾ ਕਿ ਸਾਧੂਆਂ ਦੀ ਸੰਗਤ ਵਿਚ ਇਕ ਬਾਤ ਚਲਦੀ ਹੈ ਕਿ ਜਦੋਂ ਤੱਕ ਆਦਮੀ ਗੁਰੂ ਧਾਰਨ ਨਹੀਂ ਕਰਦਾ ਉਨੀ ਦੇਰ ਤੱਕ ਪਾਰਉਤਾਰਾ ਨਹੀਂ ਹੋ ਸਕਦਾ। ਭਾਵੇਂ ਆਪ ਸੁਣਿਆ ਸੁਣਾਇਆ ਇਕ ਮੰਤਰ 'ਓਅੰ ਨਮੋ ਭਗਵਤੇ ਵਾਸੁਦੇਵਾਇ ਨਮਹ' ਖੋੜਸ ਮੰਤਰ ਜਿਸ ਨੂੰ ਕਹਿੰਦੇ ਨੇ, ਜਿਹੜਾ ਧ੍ਰੂ ਨੇ ਜਪਿਆ ਸੀ ਤੇ ਉਸ ਵੇਲੇ ਦੇ ਲੋਕਾਂ ਵਿਚ ਆਮ ਜਪਿਆ ਜਾਂਦਾ ਸੀ। ਉਸ ਦੀ ਇਕ ਅਠੋਤਰੀ ਮਾਲਾ ਆਪ ਨਿਤਨੇਮ ਨਾਲ ਕਰਦੇ ਸਨ ਪਰ ਜੋ ਲੱਛਣ ਸੰਤ ਮਹਾਂਪੁਰਸ਼ ਦੱਸਿਆ ਕਰਦੇ ਸਨ, ਉਹ ਵਿਚਾਰ ਕਰਕੇ ਦੇਖਦੇ ਸਨ ਕਿ ਉਨ੍ਹਾਂ ਵਿਚੋਂ ਮੇਰੇ ਵਿਚ ਕੋਈ ਗੱਲ ਵੀ ਨਹੀਂ ਆ ਰਹੀ ਤੇ ਉਸ ਵੇਲੇ ਆਪਣੀ ਸਰੀਰਕ ਅਵਸਥਾ ਨੂੰ ਵੀ ਦੇਖਦੇ ਨੇ ਕਿ ਸਰੀਰ ਦੀ ਅਵਸਥਾ ਐਸੀ ਹੋ ਗਈ, 62 ਸਾਲ ਦੀ ਉਮਰ ਹੋ ਗਈ। ਖਿਆਲ ਆਉਂਦਾ ਹੈ ਕਿ ਬਚਪਨ ਵਾਲਾ ਤਾਂ ਇਹ ਕਹਿ ਸਕਦਾ ਹੈ ਕਿ ਮੈਂ ਜਵਾਨ ਹੋਵਾਂਗਾ, ਜੁਆਨ ਕਹਿ ਸਕਦਾ ਹੈ ਕਿ ਅਜੇ ਤਾਂ ਮੈਂ ਜਵਾਨ ਹਾਂ ਬੁਢੇਪਾ ਆਉਣਾ ਹੈ ਪਰ ਜਿਸ ਤੇ ਬੁਢਾਪਾ ਆ ਗਿਆ ਉਸ ਦਾ ਤਾਂ ਹਰ ਕਦਮ ਮੌਤ ਵੱਲ ਵਧਦਾ ਜਾਂਦਾ ਹੈ। ਦੂਸਰਾ ਇਹ ਕੋਈ ਪਤਾ ਨਹੀਂ –

*ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ॥*
*ਓਹ ਬੇਰਾ ਨਹ ਬੂਝੀਐ ਜਉ ਆਇ ਪਰੈ ਜਮ ਫੰਧੁ॥*
*ਪੰਨਾ - 254*

ਸੋ ਉਸ ਵੇਲੇ ਆਪਣੇ ਸਰੀਰ ਦੀ ਅਵਸਥਾ ਨੂੰ ਦੇਖਕੇ ਏਸ ਤਰ੍ਹਾਂ ਦਾ ਖਿਆਲ ਆਪ ਦੇ ਹਿਰਦੇ ਵਿਚ ਆਉਂਦਾ ਹੈ –

*ਦਿਨ ਥੋੜੜੇ ਥਕੇ ਭਇਆ ਪੁਰਾਣਾ ਚੋਲਾ॥*
*ਪੰਨਾ - 23*

ਐਸੇ ਐਸੇ ਖਿਆਲ ਆਪ ਨੂੰ ਘੇਰੀ ਰੱਖਦੇ ਨੇ। ਜਦੋਂ ਏਸ ਤਰ੍ਹਾਂ ਦਾ ਖਿਆਲ ਆਵੇ ਉਦੋਂ ਫੇਰ ਵੈਰਾਗ ਲੱਗਿਆ ਕਰਦਾ ਹੈ। ਵੈਰਾਗੀ ਦੇ ਨੇਤਰਾਂ 'ਚੋਂ ਜਲ ਜਾਂਦਾ ਹੈ ਤੇ ਆਪਣੇ ਮੰਤਵ ਦੇ ਬਾਰੇ ਸੋਚਦਾ ਹੈ ਕਿ ਮਨਾ ਅਜੇ ਤਾਂ ਕੁਝ ਵੀ ਪ੍ਰਾਪਤ ਨਹੀਂ ਹੋਇਆ, ਅਜੇ ਤਾਂ ਮੈਨੂੰ ਕੋਈ ਗੁਰੂ ਵੀ ਨਹੀਂ ਮਿਲਿਆ। ਸਾਰੀ ਜ਼ਿੰਦਗੀ ਗੁਰੂ ਦੀ ਤਲਾਸ਼ ਵਿਚ ਲਗਾ ਦਿੱਤੀ ਪਰ ਮੈਨੂੰ ਕੋਈ ਸਮਰੱਥ ਗੁਰੂ ਤਾਂ ਮਿਲਿਆ ਨਹੀਂ ਕਿਉਂਕਿ ਆਪ ਦਾ ਇਹ ਨਿਸਚਾ ਸੀ ਕਿ 'ਗੁਰੂ ਕਰੇ ਨਿਸ਼ਾ'। ਨਿਸ਼ਾ ਬਿਨਾ ਗੁਰੂ, ਖਿੱਚ ਬਿਨਾ ਪਤੀ ਦੋਵੇਂ ਕਿਸੇ ਕੰਮ ਦੇ ਨਹੀਂ ਹੋਇਆ ਕਰਦੇ।

ਸੋ ਉਸ ਸਮੇਂ ਦੇ ਰਿਵਾਜ ਦੇ ਮੁਤਾਬਕ ਤੀਰਥਾਂ ਦੇ ਵਿਚੋਂ ਗੰਗਾ ਦੇ ਤੀਰਥ ਨੂੰ ਬਹੁਤ ਵੱਡੀ ਮਹੱਤਤਾ ਦਿੱਤੀ ਜਾਂਦੀ ਹੈ। ਸੋ ਆਪ ਜੀ ਨੇ ਇਹ ਪ੍ਰਣ ਕਰ ਲਿਆ ਕਿ ਹਰ ਛੇ ਮਹੀਨੇ ਤੋਂ ਬਾਅਦ ਮੈਂ ਪੈਦਲ ਚਲ ਕੇ ਗੰਗਾ ਦਾ ਇਸ਼ਨਾਨ ਕਰਿਆ ਕਰਾਂਗਾ। ਏਸ ਬਹਾਨੇ ਰਸਤੇ ਵਿਚ ਤੁਰੇ ਜਾਂਦੇ ਕੋਈ ਮਹਾਤਮਾ ਮਿਲ ਜਾਣਗੇ ਤੇ ਹੋ ਸਕਦਾ ਹੈ ਕਿ ਕੋਈ ਸਮਰੱਥ ਗੁਰੂ ਮਿਲ ਜਾਵੇ ਕਿਉਂਕਿ ਗੰਗਾ ਦੇ ਤਟ ਤੇ ਬੇਅੰਤ ਸਾਧੂ ਤਪਸਿਆ ਕਰਿਆ ਕਰਦੇ ਸੀ। ਆਪ ਵੀਹ ਵਾਰ ਗਏ ਪਰ ਕੋਈ ਸਮਰੱਥ ਗੁਰੂ ਨਾ ਮਿਲਿਆ। ਅੱਜ ਆਪ ਇੱਕੀਵੀ ਵਾਰੀ ਜਾ ਰਹੇ ਨੇ ਤੇ ਉਮਰ ਬਹੱਤਰ ਸਾਲ ਦੀ ਹੋਣ ਵਾਲੀ ਹੈ। ਮਨ ਵਿਚ ਬਹੁਤ ਅਫਸੋਸ ਹੈ ਕਿ ਹੁਣ ਕੀ ਸਮਾਂ ਰਹਿ ਗਿਆ, ਬੁਢੇਪਾ ਤਾਂ ਆ ਗਿਆ ਪੂਰੀ ਤਰ੍ਹਾਂ ਦੇ ਨਾਲ, ਕਿੰਨਾ ਕੁ ਸਮਾਂ ਹੋਰ ਹੈ? ਹੁਣ ਤੱਕ ਮੈਨੂੰ ਮਿਲਿਆ ਕੁਝ ਨਹੀਂ ਪਰ ਏਸ ਗੱਲ ਤੇ ਸੀ ਕਿ ਕੱਚੇ ਗੁਰੂ ਨੂੰ ਨਹੀਂ ਧਾਰਨਾ, ਕੋਈ ਪੂਰਾ ਗੁਰੂ ਹੋਵੇ ਤਾਂ ਧਾਰਨਾ ਹੈ, ਨਿਸ਼ਾ ਹੋਏਗੀ ਤਾਂ ਧਾਰਨਾ ਹੈ।

ਸੋ ਤੀਰਥਾਂ ਦੇ ਇਸਨਾਨ ਸਾਡੇ ਭਾਰਤ ਵਰਸ਼ ਦੇ ਅੰਦਰ ਬਹੁਤ ਮਹੱਤਤਾ ਰੱਖਦੇ ਨੇ। ਦੋ ਤਰ੍ਹਾਂ ਦੇ ਤੀਰਥ ਹੋਇਆ ਕਰਦੇ ਨੇ। ਜੜ੍ਹ ਤੇ ਜੰਗਮ, ਪਹਿਲੀ ਕਿਸਮ ਦੇ ਤੀਰਥਾਂ ਨੂੰ ਤਾਂ ਸਾਰਾ ਸੰਸਾਰ ਜਾਣਦਾ ਹੈ ਕਿ ਅਠਾਹਟ ਤੀਰਥ ਭਾਰਤ ਵਰਸ਼ ਦੇ ਅੰਦਰ ਤੇ ਬਾਹਰ ਨੇ ਤੇ ਉਨ੍ਹਾਂ ਦੇ ਇਸ਼ਨਾਨ ਦਾ ਵੱਖਰਾ-ਵੱਖਰਾ ਫਲ ਮਿਲਦਾ ਹੈ। ਇਨ੍ਹਾਂ ਨੂੰ ਜੜ੍ਹ ਤੀਰਥ ਆਖਿਆ ਜਾਂਦਾ ਹੈ।

ਦੂਸਰਾ ਤੀਰਥ ਹੋਇਆ ਕਰਦਾ ਹੈ ਜਿਸ ਨੂੰ ਜੰਗਮ ਤੀਰਥ ਆਖਦੇ ਨੇ। ਜੰਗਮ ਤੀਰਥ ਉਹ ਹੁੰਦਾ ਹੈ ਜਿਥੇ ਪ੍ਰਭੂ ਨੂੰ ਪਛਾਨਣ ਵਾਲੇ ਤੇ ਪ੍ਰਭੂ ਨੂੰ ਮਿਲੇ ਹੋਏ ਵਿਅਕਤੀ ਜਿਨ੍ਹਾਂ ਨੂੰ ਸੰਤ, ਮਹਾਤਮਾ, ਸਾਧੂ, ਗੁਰਮੁਖ, ਗੁਰਸਿੱਖ ਆਦਿ ਆਖਦੇ ਨੇ। ਉਹ ਜਿਸ ਥਾਂ ਤੇ ਵੀ ਬੈਠ ਜਾਣ ਉਥੇ ਤੀਰਥ ਬਣ ਜਾਂਦਾ ਹੈ। ਤੀਰਥ ਇਕ ਨਹੀਂ ਬਣਦਾ, ਉਥੇ ਸਾਰੇ ਤੀਰਥ ਆ ਕੇ ਆਪਣਾ-ਆਪਣਾ ਫਲ ਲੈ ਕੇ ਬੈਠ ਜਾਂਦੇ ਨੇ –

*ਹਰਿ ਕੀ ਕਥਾ ਹੋਤ ਹੈ ਜਹਾ॥*
*ਗੰਗਾ ਭੀ ਚਲ ਆਵਤ ਤਹਾ॥*

*ਸਤਸੰਗਤਿ ਕੈਸੀ ਜਾਣੀਐ॥*
*ਜਿਥੈ ਏਕੋ ਨਾਮੁ ਵਖਾਣੀਐ॥* *ਪੰਨਾ - 72*

ਇਨ੍ਹਾਂ ਤੀਰਥਾਂ ਦੇ ਅਭਿਮਾਨੀ ਦੇਵਤਾ ਉਸ ਸਤਿਸੰਗ ਦੇ ਵਿਚ ਆਪਣੇ-ਆਪਣੇ ਫਲ ਕੱਢ ਕੇ ਬੈਠ ਜਾਂਦੇ ਨੇ ਕਿ ਮਤਾ ਕੋਈ ਸੰਗਤ ਵਿਚੋਂ ਫਲ ਮੰਗ ਲਏ, ਉਹ ਮੇਰੇ ਪਾਸ ਹੋਵੇ ਤੇ ਮੈਂ ਦੇ ਕੇ ਖੁਸ਼ ਹੋਵਾਂ। ਫੇਰ-

*ਤੀਰਥੁ ਬਡਾ ਕਿ ਹਰਿ ਕਾ ਦਾਸੁ॥* *ਪੰਨਾ - 331*

ਹਰੀ ਦਾ ਦਾਸ ਜਿੱਥੇ ਬੈਠ ਜਾਏਗਾ ਉਥੇ ਤੀਰਥ ਬਣ ਜਾਏਗਾ –

*ਜਿਥੈ ਬੈਸਨਿ ਸਾਧ ਜਨ ਸੋ ਥਾਨੁ ਸੁਹੰਦਾ॥*
*ਪੰਨਾ - 319*

ਉਹ ਥਾਨ ਸੁਹਾਵਾ ਹੋ ਜਾਂਦਾ ਹੈ।

*ਜਿਥੈ ਜਾਇ ਬਹੈ ਮੇਰਾ ਸਤਿਗੁਰੂ*
*ਸੋ ਥਾਨੁ ਸੁਹਾਵਾ ਰਾਮ ਰਾਜੇ॥* *ਪੰਨਾ - 450*

ਸੋ ਜੋ ਜੜ੍ਹ ਤੀਰਥ ਨੇ ਉਨ੍ਹਾਂ ਵਿਚ ਐਨੀ ਸਤਿਆ ਨਹੀਂ ਹੁੰਦੀ ਪਰ ਜੰਗਮ ਤੀਰਥਾਂ ਵਿਚ ਬਹੁਤ ਭਾਰੀ ਸੱਤਿਆ ਹੁੰਦੀ ਹੈ ਕਿਉਂਕਿ ਮਨ ਦੀ ਮੈਲ ਲਾਹੁਣ ਵਾਸਤੇ ਜੜ੍ਹ ਤੀਰਥ ਸਮਰੱਥ ਨਹੀਂ ਹੋਇਆ ਕਰਦਾ। ਜੰਗਮ ਤੀਰਥ ਜਿਹੜੇ ਨੇ ਸਾਧੂ ਮਹਾਂਪੁਰਸ਼ ਉਨ੍ਹਾਂ ਦੇ ਪ੍ਰਵਚਨ ਤੇ ਉਨ੍ਹਾਂ ਦੇ ਕਹੇ ਦੇ ਮੁਤਾਬਿਕ ਕਮਾਈ ਕਰਨ ਦੇ ਨਾਲ ਮਨ ਦੀ ਮੈਲ ਲਹਿ ਜਾਂਦੀ ਹੈ। ਜਦੋਂ ਤੱਕ ਮਨ ਦੀ ਮੈਲ ਨਹੀਂ ਲਹਿੰਦੀ ਓਨਾ ਚਿਰ ਸੁੱਚ ਨਹੀਂ ਆਇਆ ਕਰਦੀ –

*ਮਨਿ ਮੈਲੈ ਸਭੁ ਕਿਛੁ ਮੈਲਾ*
*ਤਨਿ ਧੋਤੈ ਮਨੁ ਹਛਾ ਨ ਹੋਇ॥* *ਪੰਨਾ - 558*

ਜਿੰਨਾ ਚਿਰ ਮਨ ਦੇ ਅੰਦਰ ਮੈਲ ਹੈ ਤਾਂ ਤਨ ਨੂੰ ਜਿੰਨਾ ਜੀਅ ਕਰਦਾ ਹੈ ਧੋਈ ਜਾਓ, ਉਹ ਫੇਰ ਮੇਲਾ ਹੋ ਜਾਏਗਾ। ਤਨ ਕਦੇ ਵੀ ਸੁੱਚਾ ਨਹੀਂ ਹੁੰਦਾ। ਸੋ ਏਸ ਵਾਸਤੇ ਜੜ੍ਹ ਤੀਰਥ ਜੰਗਮ ਤੀਰਥਾਂ, ਮਹਾਂਪੁਰਸ਼ਾਂ ਦੇ ਅਧਾਰ ਤੇ ਆਪਣੀ ਪਵਿੱਤਰਤਾ ਕਾਇਮ ਰੱਖਦੇ ਹੋਏ ਹਰ ਵਕਤ ਪ੍ਰਭੂ ਦੇ ਦਰਬਾਰ ਵਿਚ ਅਰਦਾਸ ਕਰਦੇ ਨੇ ਕਿ ਹੇ ਪ੍ਰਭੂ! ਕੋਈ ਆਪਣਾ ਬਖਸ਼ਿਆ ਹੋਇਆ ਪਿਆਰਾ ਭੇਜ ਕਿਉਂਕਿ ਸਾਡੇ ਅੰਦਰ ਪਾਪੀ ਲੋਕ ਇਸ਼ਨਾਨ ਕਰ-ਕਰ ਕੇ ਆਪਣੇ ਪਾਪ ਛੱਡ ਜਾਂਦੇ ਨੇ ਤੇ ਅਸੀਂ ਮੈਲੇ ਹੋ ਗਏ। ਕੋਈ ਮਹਾਂਪੁਰਸ਼ ਭੇਜ ਉਹ ਆ ਕੇ ਸਾਡੇ ਵਿਚ ਇਸ਼ਨਾਨ ਕਰੇ ਤੇ ਸਾਡੀ ਮੈਲ ਦੂਰ ਹੋਵੇ –

*ਭਾਵ ਅਰਥ - ਤੀਰਥ ਵੀ ਲੋਚਦੇ,*
*ਸੰਤਾਂ ਦੀ ਧੂੜੀ ਤਾਈਂ।*

ਗੰਗਾ ਜਮਨਾ ਗੁਦਾਵਰੀ ਤੇ ਸਰੁਸਤੀ ਚਾਰ ਦਰਿਆ ਬੜੇ ਪਵਿੱਤਰ ਗਿਣੇ ਗਏ ਨੇ। ਇਨ੍ਹਾਂ ਦੇ ਅਭਿਮਾਨ ਦੇਵਤਾ ਮਹਾਰਾਜ ਜੀ ਕਹਿੰਦੇ ਹਨ, ਲੋਚਾ ਕਰਦੇ ਹਨ –

*ਗੰਗਾ ਜਮੁਨਾ ਗੋਦਾਵਰੀ ਸਰੁਸਤੀ*
*ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ॥*
*ਪੰਨਾ - 1263*

ਉਦਮ ਕਰਦੇ ਨੇ। ਅਭਿਮਾਨੀ ਦੇਵਤਾ ਜਿਥੇ ਸਾਧੂ ਮਹਾਂਪੁਰਸ਼ ਇਸ਼ਨਾਨ ਕਰਦੇ ਨੇ ਉਸ ਪਾਣੀ ਵਿਚ ਆ ਕੇ ਇਸ਼ਨਾਨ ਕਰਦਾ ਹੈ। ਇਕ ਐਸੀ ਸਾਖੀ ਅਧਿਆਤਮਿਕ ਇਤਿਹਾਸ ਵਿੱਚ ਆਉਂਦੀ ਹੈ। ਇਕ ਕੋਈ ਐਸਾ ਪ੍ਰੇਮੀ ਸੀ, ਹੈ ਪਖੰਡੀ ਸੀ। ਉਸ ਨੇ ਇਹ ਪ੍ਰਣ ਕਰਿਆ ਕਿ ਜਿਸ ਆਦਮੀ ਨੇ ਗੰਗਾ ਵਿਚ ਇਸ਼ਨਾਨ ਨਾ ਕੀਤਾ ਹੋਵੇ ਉਸ ਦੇ ਘਰ ਦਾ ਪ੍ਰਸ਼ਾਦਾ ਨਹੀਂ ਛਕਣਾ। ਸੋ ਜਦੋਂ ਉਹ ਵਿਚਰਦਾ ਸੀ ਤਾਂ ਉਸ ਵੇਲੇ ਪਹਿਲਾ ਸਵਾਲ ਉਸ ਦਾ ਇਹ ਹੁੰਦਾ ਕਿ ਭਾਈ! ਤੂੰ ਗੰਗਾ ਦਾ ਇਸ਼ਨਾਨ ਕਰਿਆ ਹੈ। ਜਿਸ ਦੇ ਘਰ ਰੋਟੀ ਖਾਣੀ ਹੁੰਦੀ ਤਾਂ ਇਹੀ ਸਵਾਲ ਉਹ ਕਰਦਾ ਸੀ। ਜੇ ਤਾਂ ਉਸ ਨੇ 'ਹਾਂ' ਕਹਿਣੀ ਫੇਰ ਤਾਂ ਪ੍ਰਸ਼ਾਦਾ ਛੱਕ ਲੈਣਾ, ਜੇ 'ਨਾਂਹ' ਕਹਿ ਦਿੱਤੀ ਫੇਰ ਪ੍ਰਸ਼ਾਦ ਨਹੀਂ ਸੀ ਛਕਦਾ ਕਿਉਂਕਿ ਮਹਾਤਮਾ ਦੇ ਪ੍ਰਣ ਹੋਇਆ ਕਰਦੇ ਨੇ।

ਸੰਤ ਬਾਬਾ ਜਵਾਲਾ ਸਿੰਘ ਜੀ ਪੰਜ ਵਾਰੀ 'ਪੰਜ ਬਾਣੀਆਂ' ਦਾ ਪਾਠ ਕਰਿਆ ਕਰਦੇ ਸਨ ਤੇ ਪੰਦਰਾਂ ਪਾਠ 'ਸੁਖਮਨੀ ਸਾਹਿਬ' ਦੇ ਰੋਜ਼ ਕਰਿਆ ਕਰਦੇ ਸਨ, ਪੱਚੀ ਪਾਠ 'ਜਪੁਜੀ ਸਾਹਿਬ' ਹਰ ਰੋਜ਼ ਕਰਦੇ ਸਨ। ਕਰਕੇ ਦੇਖ ਲਓ ਕਿੰਨਾ ਸਮਾਂ ਲਗਦਾ ਹੈ। ਐਵੇਂ ਹੀ ਨਹੀਂ ਐਡੇ-ਐਡੇ ਮਹਾਤਮਾ ਬਣਦੇ, ਉਨ੍ਹਾਂ ਦੀ ਚਰਨ-ਧੂੜ ਨੂੰ ਸੰਸਾਰ ਲੋਚਦਾ ਹੈ। ਨਾਮ ਲੈ ਕੇ ਉਨ੍ਹਾਂ ਦਾ ਧਿਆਨ ਧਰ ਕੇ ਕਾਰਜ ਸਿੱਧ ਹੁੰਦੇ ਨੇ।

ਸੋ ਉਸ ਦਾ ਇਹ ਪ੍ਰਣ ਸੀ। ਅੱਜ ਉਹ ਗੰਗਾ ਦੇ ਕਿਨਾਰੇ ਆਇਆ ਹੋਇਆ ਹੈ, ਭੁੱਖ ਲੱਗੀ ਹੋਈ ਹੈ, ਪ੍ਰਸ਼ਾਦੇ ਦਾ ਕੋਈ ਬੰਦੋਬਸਤ ਨਹੀਂ ਹੈ। ਕੋਲ ਹੀ ਇਕ ਮਹਾਤਮਾ ਬੀਤ ਰਾਗ, ਪਰਮ ਪਦ ਦੀ ਅਵਸਥਾ ਵਾਲੇ ਨਿਵਾਸ ਰੱਖਦੇ ਨੇ। ਬਹੁਤ ਸੰਗਤ ਉਨ੍ਹਾਂ ਦੇ ਆਸ਼ਰਮ ਆ ਕੇ ਉਨ੍ਹਾਂ ਦੇ ਪ੍ਰਵਚਨ ਸੁਣ ਕੇ ਆਪਣੇ ਜੀਵਨ ਨੂੰ ਸੇਧ ਦਿੰਦੇ ਨੇ। ਇਹ ਵੀ ਬੈਠਾ ਸੁਣ ਰਿਹਾ ਸੀ। ਜਦੋਂ ਆਵਾਜ਼ ਆਈ ਕਿ ਭਾਈ! ਲੰਗਰ ਤਿਆਰ ਹੈ, ਲੰਗਰ ਛਕੋ। ਉਸ ਵੇਲੇ ਇਸ

ਨੇ ਮਨ ਵਿਚ ਸੋਚਿਆ ਕਿ ਇਹ ਮਹਾਤਮਾ ਤਾਂ ਗੰਗਾ ਦੇ ਕੰਢੇ ਤੇ ਹੀ ਰਹਿੰਦੇ ਨੇ, ਇਹ ਤਾਂ ਰੋਜ਼ ਇਸ਼ਨਾਨ ਕਰਦੇ ਹੋਣਗੇ, ਇਨ੍ਹਾਂ ਨੂੰ ਕੀ ਪੁੱਛਣਾ ਹੈ ਜੇ ਮੈਂ ਪੁਛਾਂਗਾ ਤਾਂ ਬੜਾ ਬੁਰਾ ਲੱਗੇਗਾ, ਵੱਡੇ ਮਹਾਤਮਾ ਨੇ, ਸੋ ਨਿਰਾਦਰ ਹੋਏਗਾ ਇਹ ਗੱਲ ਪੁੱਛਣੀ। ਸੋ ਉਸ ਨੇ ਪ੍ਰਸ਼ਾਦਾ ਛੱਕ ਲਿਆ ਪਰ ਮਨ ਦੇ ਅੰਦਰ ਧੁਕਧੁਖੀ ਲੱਗੀ ਰਹੀ ਕਿ ਅੱਜ ਪੁਛਿਆ ਨਹੀਂ। ਮਹਾਂਪੁਰਸ਼ਾਂ ਦੀ ਹਜ਼ੂਰੀ ਵਿਚ ਬੈਠਾ ਸੀ। ਅਖੀਰ ਦੋਵੇਂ ਹੱਥ ਜੋੜੇ ਨਿਮਰਤਾ ਨਾਲ ਬੇਨਤੀ ਕੀਤੀ ਕਿ ਮਹਾਂਪੁਰਸ਼ੋ! ਤੁਸੀਂ ਤਾਂ ਵੱਡੇ ਭਾਗਾਂ ਵਾਲੇ ਹੋ ਕਿਉਂਕਿ ਗੰਗਾ ਦੇ ਕਿਨਾਰੇ ਰਹਿੰਦੇ ਹੋ ਤੇ ਆਪ ਤਾਂ ਰੋਜ਼ ਹੀ ਗੰਗਾ ਵਿਚ ਇਸ਼ਨਾਨ ਕਰਦੇ ਹੋਵੋਂਗੇ।

ਮਹਾਤਮਾ ਕਹਿਣ ਲੱਗੇ, "ਪ੍ਰੇਮੀਆ! ਅਸੀਂ ਤਾਂ ਕਦੇ ਵੀ ਇਸ਼ਨਾਨ ਨਹੀਂ ਕਰਿਆ ਗੰਗਾ ਦਾ। ਅਸੀਂ ਤਾਂ ਆਪਣੀ ਖੂਹੀ ਤੇ ਇਸ਼ਨਾਨ ਕਰਦੇ ਹਾਂ।"

ਕਹਿੰਦਾ, "ਮਹਾਰਾਜ! ਬੜਾ ਮਾੜਾ ਕੰਮ ਹੋਇਆ ਮੇਰਾ ਤਾਂ ਪ੍ਰਣ ਸੀ।"

ਉਹ ਐਨਾ ਕਹਿ ਕੇ ਉਠ ਕੇ ਚਲਿਆ ਗਿਆ। ਮਨ ਵਿਚ ਸੋਚਦਾ ਜਾਂਦਾ ਹੈ ਕਿ ਮਨਾ! ਸਾਰੀ ਜ਼ਿੰਦਗੀ ਦਾ ਪ੍ਰਣ ਟੁੱਟ ਗਿਆ। ਇਹ ਮਹਾਤਮਾ ਨੇ ਜਾਂ ਕੌਣ ਨੇ ਜਿਹੜੇ ਗੰਗਾ ਦੇ ਕਿਨਾਰੇ ਰਹਿ ਕੇ ਇਸ਼ਨਾਨ ਨਹੀਂ ਕਰਦੇ। ਉਦਾਸੀ ਵਿਚ ਆ ਕੇ ਬਾਹਰ ਟਿੱਬੇ ਤੇ ਪੈ ਗਿਆ। ਥੋੜ੍ਹੀ ਦੇਰ ਵਿਚ ਕੀ ਦੇਖਿਆ ਕਿ ਤਿੰਨ ਵਿਅਕਤੀ ਲੰਘੇ ਜਾਂਦੇ ਨੇ ਕਾਲੇ ਰੰਗ ਨੇ ਉਨ੍ਹਾਂ ਦੇ। ਦੇਖ ਕੇ ਸੋਚਦਾ ਹੈ ਕਿ ਇਹ ਕਿਧਰ ਨੂੰ ਜਾ ਰਹੇ ਨੇ। ਥੋੜ੍ਹੀ ਦੇਰ ਤੋਂ ਬਾਅਦ ਜਦੋਂ ਉਹ ਵਾਪਸ ਆਏ ਤਾਂ ਸਫੈਦ। ਚੰਨ-ਚਾਨਣੀ ਵਿਚ ਦੇਖਦਾ ਹੈ, ਜਦੋਂ ਨੇੜੇ ਆਏ ਤਾਂ ਆਵਾਜ਼ ਮਾਰੀ ਕਿ ਭਾਈ! ਤੁਸੀਂ ਕੌਣ ਹੋ?"

ਉਹ ਖੜ੍ਹ ਗਏ, ਇਸ ਦਾ ਸ਼ੰਕਾ ਨਵਿਰਤ ਕਰਨ ਵਾਸਤੇ। ਕਹਿਣ ਲੱਗੇ, "ਪ੍ਰੇਮੀਆ! ਅਸੀਂ ਤਿੰਨੇ ਹੀ ਗੰਗਾ, ਜਮੁਨਾ ਤੇ ਗੋਦਾਵਰੀ ਦੇ ਅਭਿਮਾਨੀ ਦੇਵਤਾ।

ਕਹਿੰਦਾ, "ਜਦੋਂ ਤੁਸੀਂ ਆਏ ਉਦੋਂ ਤੁਹਾਡੇ ਰੰਗ ਕਾਲੇ ਸਨ, ਤੇ ਹੁਣ ਚਿੱਟੇ ਕਿਵੇਂ ਹੋ ਗਏ?"

ਕਹਿੰਦੇ, "ਪ੍ਰੇਮੀਆ! ਜਿਹੜੇ ਪਾਪੀ ਲੋਕ ਨੇ ਸੰਸਾਰ ਦੇ ਇਹ ਨਹਾ ਕੇ ਪਾਪ ਛੱਡ ਜਾਂਦੇ ਨੇ ਆਪਣੇ ਤੇ ਪਾਪਾਂ ਦੇ ਨਾਲ ਸਾਡੇ ਰੰਗ ਕਾਲੇ ਹੋ ਜਾਂਦੇ ਨੇ। ਕੋਈ ਮਹਾਤਮਾ ਆ ਕੇ ਇਸ਼ਨਾਨ ਕਰੇ ਤਾਂ ਸਾਡੇ ਪਾਪ ਦੂਰ ਹੁੰਦੇ ਨੇ।"

ਗੁਰੂ ਤੀਸਰੇ ਪਾਤਿਸ਼ਾਹ ਮਹਾਰਾਜ ਤੀਰਥਾਂ ਦੀ ਪੁਕਾਰ ਸੁਣਕੇ ਤੀਰਥਾਂ ਤੇ ਗਏ। ਗੁਰੂ ਨੌਵੇਂ ਪਾਤਿਸ਼ਾਹ ਮਹਾਰਾਜ ਤੀਰਥਾਂ ਦੀ ਪੁਕਾਰ ਸੁਣ ਕੇ ਤੀਰਥਾਂ ਤੇ ਉਨ੍ਹਾਂ ਨੂੰ ਸ਼ੁਧ ਕਰਨ ਵਾਸਤੇ ਗਏ।

ਸੋ ਉਹ ਕਹਿਣ ਲੱਗੇ, "ਪ੍ਰੇਮੀਆ! ਮਹਾਤਮਾ ਕੋਈ ਬੜੀ ਦੇਰ ਤੋਂ ਨਹੀਂ ਆਇਆ, ਭੇਖੀ ਤਾਂ ਬੇਅੰਤ ਆਉਂਦੇ ਨੇ ਪਰ ਜਿਹੜਾ ਹਰ ਵਕਤ ਪ੍ਰਭੂ ਨਾਲ ਜੁੜਿਆ ਹੋਇਆ ਹੈ ਉਹ ਨਹੀਂ ਕੋਈ ਆਇਆ। ਸੋ ਅਸੀਂ ਆਪ ਉਦਮ ਕਰਕੇ ਆਏ ਹਾਂ ਤੇ ਜਿੱਥੇ ਇਨ੍ਹਾਂ ਦੇ ਇਸ਼ਨਾਨ ਕਰਨ ਤੋਂ ਬਾਅਦ ਪਾਣੀ ਖੜ੍ਹਦਾ ਹੈ ਉਥੇ ਅਸੀਂ ਮਲ ਮਲ ਕੇ ਨਹਾਏ ਤਾਂ ਸਾਡੇ ਰੰਗ ਚਿੱਟੇ ਹੋਏ ਨੇ।"

ਇਹ ਹੈਰਾਨ ਹੋ ਗਿਆ।

ਕਹਿੰਦੇ, "ਤੂੰ ਕਿਉਂ ਤਰਕ ਕੀਤੀ ਹੈ ਉਨ੍ਹਾਂ ਤੇ ਉਨ੍ਹਾਂ ਦੀ ਧੂੜੀ ਨੂੰ ਤਾਂ ਅਸੀਂ ਵੀ ਲੋਚਦੇ ਹਾਂ।"

ਮਹਾਰਾਜ ਜੀ ਫੁਰਮਾਨ ਕਰਦੇ ਨੇ ਕਿ –

*ਗੰਗਾ ਜਮੁਨਾ ਗੋਦਾਵਰੀ ਸਰਸੁਤੀ*
*ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ॥*
*ਪੰਨਾ - 1263*

ਕਿਉਂ?

*ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ*
*ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ॥ ਪੰਨਾ - 1263*

ਸਾਧੂ ਦੀ ਧੂੜ ਮਿਲ ਜਾਵੇ ਤਾਂ ਸਾਡੀ ਮੈਲ ਲਹਿੰਦੀ ਹੈ।

*ਤੀਰਥਿ ਅਠਸਠਿ ਮਜਨਿ ਨਾਈ॥*
*ਸਤਸੰਗਤਿ ਕੀ ਧੂਰਿ ਪਰੀ ਉਡਿ ਨੇਤ੍ਰੀ*
*ਸਭ ਦੁਰਮਤਿ ਮੈਲੁ ਗਵਾਈ॥ ਪੰਨਾ - 1263*

ਸੋ ਇਸ ਤਰ੍ਹਾਂ ਦੇ ਨਾਲ ਸਾਰੇ ਤੀਰਥਾਂ ਦਾ ਜ਼ਿਕਰ ਆਪ ਕਰ ਰਹੇ ਨੇ ਤੇ ਮਹਾਰਾਜ ਜੀ ਕਹਿੰਦੇ, ਇਕ ਦੋ ਚਾਰ ਨਹੀਂ ਸਾਰੇ। ਗੰਗਾ ਨੂੰ ਭਗੀਰਥ ਲੈ ਕੇ ਆਇਆ ਸੀ –

*ਜਾਹਰਨਵੀ ਤਪੈ ਭਾਗੀਰਥਿ ਆਣੀ.............॥*
*ਪੰਨਾ - 1263*

*................ ਕੇਦਾਰੁ ਥਾਪਿਓ ਮਹਸਾਈ॥*
*ਕਾਂਸੀ ਕ੍ਰਿਸਨੁ ਚਰਾਵਤ ਗਾਊ*
*ਮਿਲਿ ਹਰਿ ਜਨ ਸੋਭਾ ਪਾਈ॥*
*ਜਿਤਨੇ ਤੀਰਥ ਦੇਵੀ ਥਾਪੇ....................॥*
*ਪੰਨਾ - 1263*

ਦੇਵਤਿਆਂ ਦੇ ਜਿੰਨੇ ਵੀ ਤੀਰਥ ਥਾਪੇ ਨੇ –

*................. ਸਭਿ ਤਿਤਨੇ*
*ਲੋਚਹਿ ਧੂਰਿ ਸਾਧੂ ਕੀ ਤਾਈ॥ ਪੰਨਾ - 1263*

ਇਕ ਦੋ ਚਾਰ ਨਹੀਂ ਸਾਰੇ –

*ਹਰਿ ਕਾ ਸੰਤੁ ਮਿਲੈ ਗੁਰ ਸਾਧੂ*
*ਲੈ ਤਿਸ ਕੀ ਧੂਰਿ ਮੁਖਿ ਲਾਈ॥*
*ਜਿਤਨੀ ਸ੍ਰਿਸਟਿ ਤੁਮਰੀ ਮੇਰੇ ਸੁਆਮੀ*
*ਸਭ ਤਿਤਨੀ ਲੋਚੈ ਧੂਰਿ ਸਾਧੂ ਕੀ ਤਾਈ॥*
*ਨਾਨਕ ਲਿਲਾਟਿ ਹੋਵੈ ਜਿਸੁ ਲਿਖਿਆ ............॥*
*ਪੰਨਾ - 1263*

ਜਿਸ ਦੇ ਮੱਥੇ ਵਿਚ ਲਿਖਿਆ ਹੋਵੇ ਉਸ ਨੂੰ ਸਾਧੂ ਦੀ ਧੂੜ ਪ੍ਰਾਪਤ ਹੁੰਦੀ ਹੈ –

*.............. ਤਿਸੁ ਸਾਧੂ ਧੂਰਿ ਦੇ*
*ਹਰਿ ਪਾਰਿ ਲੰਘਾਈ॥ ਪੰਨਾ - 1263*

ਉਸ ਨੂੰ ਵਾਹਿਗੁਰੂ ਪਾਰ ਲੰਘਾ ਦਿੰਦਾ ਹੈ –

*ਦਾਨੁ ਮਹਿੰਡਾ ਤਲੀ ਖਾਕੁ ਜੇ ਮਿਲੈ ਤ ਮਸਤਕਿ ਲਾਈਐ॥*
*ਕੂੜਾ ਲਾਲਚੁ ਛਡੀਐ ਹੋਇ ਇਕ ਮਨਿ ਅਲਖੁ ਧਿਆਈਐ॥*
*ਫਲੁ ਤੇਵਹੋ ਪਾਈਐ ਜੇਵੇਹੀ ਕਾਰ ਕਮਾਈਐ॥*
*ਜੇ ਹੋਵੈ ਪੂਰਬਿ ਲਿਖਿਆ ਤਾ ਧੂੜਿ ਤਿਨਾ ਦੀ ਪਾਈਐ॥*
*ਪੰਨਾ - 468*

ਜੇ ਪਹਿਲਾਂ ਮੱਥੇ ਵਿਚ ਲਿਖਿਆ ਹੋਵੇ ਤਾਂ ਧੂੜ ਮਿਲਦੀ ਹੈ ਨਹੀਂ ਤਾਂ ਧੂੜੀ ਮਿਲਿਆ ਨਹੀਂ ਕਰਦੀ। ਸੋ ਏਸ ਤਰ੍ਹਾਂ ਗੁਰਮਤਿ ਦਾ ਵਿਚਾਰ ਹੈ ਕਿ ਜੋ ਜੰਗਮ ਤੀਰਥ ਹੈ, ਬੰਦਗੀ ਕਰਨ ਵਾਲਾ ਉਹ ਤੀਰਥ ਸ੍ਰੇਸ਼ਟ ਹੁੰਦਾ ਹੈ ਤੇ ਜੇ ਉਸ ਦੀ ਸੰਗਤ ਕਰ ਲਈ ਜਾਵੇ ਤਾਂ ਕਿਤੇ ਜਾਣ ਦੀ ਲੋੜ ਨਹੀਂ ਹੈ, ਕਿਤੇ ਪੈਸਾ ਖਰਚਣ ਦੀ ਲੋੜ ਨਹੀਂ ਹੈ ਤੇ ਅੰਦਰ ਹੀ ਅਠਾਹਠ ਤੀਰਥ ਨੇ –

*ਮਨੁ ਸੰਪਟੁ ਜਿਤੁ ਸਤ ਸਰਿ ਨਾਵਣੁ*
*ਭਾਵਨ ਪਾਤੀ ਤ੍ਰਿਪਤਿ ਕਰੇ॥ ਪੰਨਾ -728*

ਕਹਿੰਦੇ ਨੇ, ਹਰੇਕ ਦੇ ਅੰਦਰ ਤੀਰਥ ਹੈ, ਆਤਮ ਤੀਰਥ। ਸੋ ਇਸ ਤੀਰਥ ਦਾ ਜੇ ਇਸ਼ਨਾਨ ਹੋ ਜਾਵੇ, ਸਤਿਸੰਗ ਦਾ ਤਾਂ ਇਹ ਅਠਾਹਠ ਤੀਰਥ ਤਾਂ ਕੁਝ ਵੀ ਨਹੀਂ, ਸਾਰੇ ਤੀਰਥਾਂ ਦਾ ਜਿੰਨੇ ਦੁਨੀਆਂ ਵਿਚ ਨੇ ਸਾਰਿਆਂ ਦਾ ਇਸ਼ਨਾਨ ਹੋ ਜਾਂਦਾ ਹੈ –

*ਭਾਵ ਅਰਥ - ਸਾਰੇ ਤੀਰਥਾਂ ਦਾ ਨ੍ਹਾਣ ਹੋ ਜਾਵੇ,*
*ਸੰਗਤ ਕਰਕੇ ਸਾਧੂਆਂ ਦੀ।*

*ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ॥*
*ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ॥*
*ਗੁਰ ਗਿਆਨੁ ਸਾਚਾ ਥਾਨੁ ਤੀਰਥੁ*
*ਦਸ ਪੁਰਬ ਸਦਾ ਦਸਾਹਰਾ॥*
*ਹਉ ਨਾਮੁ ਹਰਿ ਕਾ ਸਦਾ ਜਾਚਉ*
*ਦੇਹੁ ਪ੍ਰਭ ਧਰਣੀਧਰਾ॥ ਪੰਨਾ - 687*

ਮਹਾਂਪੁਰਸ਼ਾਂ ਦੀ ਸੰਗਤ ਕਰਨ ਦੇ ਨਾਲ ਅਠਾਹਠ ਤੀਰਥ ਕੀ, ਮਹਾਰਾਜ ਜੀ ਕਹਿੰਦੇ ਜਿੰਨੇ ਵੀ ਸੰਸਾਰ ਵਿਚ ਤੀਰਥ ਨੇ ਸਾਰਿਆਂ ਦਾ ਨ੍ਹਾਉਣ ਹੋ ਜਾਏਗਾ, ਇਸ਼ਨਾਨ ਹੋ ਜਾਂਦਾ ਹੈ।

*ਕਰਿ ਸੰਗਤਿ ਤੂ ਸਾਧ ਕੀ ਅਠਸਠਿ ਤੀਰਥ ਨਾਉ॥*
*ਜੀਉ ਪ੍ਰਾਣ ਮਨੁ ਤਨੁ ਹਰੇ ਸਾਚਾ ਏਹੁ ਸੁਆਉ॥*
*ਪੰਨਾ - 48*

ਲਾਭ ਸੱਚਾ ਇਹ ਹੈ ਕਿ ਇਸ ਤੀਰਥ ਦਾ ਇਸ਼ਨਾਨ ਕਰਕੇ ਜੀਵ ਪ੍ਰਾਣ, ਮਨ, ਤਨ ਸਾਰੇ ਹਰੇ ਹੋ ਜਾਂਦੇ ਨੇ ਤੇ ਫੇਰ –

*ਐਥੈ ਮਿਲਹਿ ਵਡਾਈਆ ਦਰਗਹਿ ਪਾਵਹਿ ਥਾਉ॥*
*ਪੰਨਾ - 48*

ਦਰਗਾਹ ਵਿਚ ਥਾਂ ਮਿਲ ਜਾਇਆ ਕਰਦਾ ਹੈ। ਸੋ ਉਹ ਤੀਰਥ ਤਾਂ ਦਰਗਾਹ ਵਿਚ ਥਾਂ ਨਹੀਂ ਦਿੰਦੇ। ਸੋ ਇਹ ਤੀਰਥ ਵੱਡਾ ਹੈ ਸਾਧ ਸੰਗਤ ਜੀ!

*ਅੰਤਰਿ ਤੀਰਥੁ ਗਿਆਨੁ ਹੈ ਸਤਿਗੁਰਿ ਦੀਆ ਬੁਝਾਇ॥*
*ਮੈਲੁ ਗਈ ਮਨੁ ਨਿਰਮਲੁ ਹੋਆ ਅੰਮ੍ਰਿਤ ਸਰਿ ਤੀਰਥਿ ਨਾਇ॥*
*ਪੰਨਾ - 587*

ਜੇ ਅੰਮ੍ਰਿਤਸਰ ਦੇ ਵਿਚ ਇਸ਼ਨਾਨ ਕਰ ਲਵੇ ਤਾਂ ਮੈਲ ਚਲੀ ਜਾਂਦੀ ਹੈ ਸਾਰੀ ਤੇ ਮਨ ਨਿਰਮਲ ਹੋ ਜਾਂਦਾ ਹੈ। ਜਦੋਂ ਮਨ ਨਿਰਮਲ ਹੋ ਗਿਆ ਫੇਰ –

*ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ॥*
*ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ॥*
*ਪੰਨਾ - 1368*

ਸੋ ਜੋ ਅੰਮ੍ਰਿਤਸਰ ਤੀਰਥ ਹੈ ਜਿਸ ਦੇ ਬਾਰੇ ਸਾਨੂੰ ਰੋਜ਼ ਇਸ਼ਨਾਨ ਕਰਨ ਦਾ ਆਦੇਸ਼ ਹੈ –

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥*
*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥ ਪੰਨਾ - 305*

ਜੇ ਅਸੀਂ ਅੰਮ੍ਰਿਤਸਰ ਇਸ਼ਨਾਨ ਨਹੀਂ ਕਰਦੇ ਤਾਂ ਅਸੀਂ ਗੁਰੂ ਦਾ ਹੁਕਮ ਨਹੀਂ ਮੰਨਦੇ। ਕਈ ਪ੍ਰੇਮੀਆਂ ਦਾ ਖਿਆਲ ਹੈ ਕਿ ਮਹਾਰਾਜ ਦਾ ਆਸ਼ਾ ਕੀ ਹੋਇਆ? ਮਹਾਰਾਜ ਆਪ ਹੀ ਸਪਸ਼ਟ ਕਰਦੇ ਨੇ ਕਿ –

*ਸਤਿਗੁਰੁ ਪੁਰਖੁ ਅੰਮ੍ਰਿਤ ਸਰੁ ...........॥*
*ਪੰਨਾ - 40*

ਗੁਰੂ ਗ੍ਰੰਥ ਸਾਹਿਬ ਮਹਾਰਾਜ ਅੰਮ੍ਰਿਤ ਦਾ ਸਰੋਵਰ ਨੇ –

*............ ਵਡਭਾਗੀ ਨਾਵਹਿ ਆਇ॥*
*ਪੰਨਾ - 40*

ਵੱਡਿਆਂ ਭਾਗਾਂ ਵਾਲੇ ਨੇ ਜਿਹੜੇ ਇਸ ਦੀ ਬਾਣੀ ਦੇ ਵਿਚ ਰੋਜ਼ ਇਸ਼ਨਾਨ ਕਰਦੇ ਨੇ ਤੇ ਉਸ ਦਾ ਫਲ ਕੀ ਹੁੰਦਾ ਹੈ?

*ਉਨ ਜਨਮ ਜਨਮ ਕੀ ਮੈਲੁ ਉਤਰੈ*
*ਨਿਰਮਲ ਨਾਮੁ ਦ੍ਰਿੜਾਇ॥ ਪੰਨਾ - 40*

ਨਾਮ ਦ੍ਰਿੜ ਹੋ ਜਾਇਆ ਕਰਦਾ ਹੈ –

*ਸਤਿਗੁਰੁ ਹੈ ਅੰਮ੍ਰਿਤ ਸਰੁ ਸਾਚਾ*
*ਮਨੁ ਨਾਵੈ ਮੈਲੁ ਚੁਕਾਵਣਿਆ॥ ਪੰਨਾ - 113*

ਸਤਿਗੁਰੂ ਹੀ ਅੰਮ੍ਰਿਤਸਰ ਤੀਰਥ ਹੋਇਆ ਕਰਦਾ ਹੈ –

*ਅਨੇਕ ਤੀਰਥ ਜੇ ਜਤਨ ਕਰੈ*
*ਤਾ ਅੰਤਰ ਕੀ ਹਉਮੈ ਕਦੇ ਨ ਜਾਇ॥ ਪੰਨਾ - 491*

ਬਾਕੀ ਤੀਰਥਾਂ ਤੇ ਇਸ਼ਨਾਨ ਕਰ ਲਓ, ਚਾਹੇ ਸਾਰੀ

ਜ਼ਿੰਦਗੀ ਇਸ਼ਨਾਨ ਕਰੀ ਜਾਓ। ਮਹਾਰਾਜ ਜੀ ਕਹਿੰਦੇ, ਅਠਾਹਠ ਨਾ ਕਹੋ ਤੁਸੀਂ ਅਨਿਕ ਕਹੋ। ਅਨੇਕਾਂ-ਅਨੇਕਾਂ।

ਕਦੇ ਵੀ ਹਉਮੈ ਨਹੀਂ ਜਾਂਦੀ ਆਦਮੀ ਦੀ, ਸਗੋਂ ਵੱਧ ਜਾਂਦੀ ਹੈ ਕਿ ਮੈਂ ਤਾਂ ਜੀ ਦੱਸ-ਦੱਸ ਵਾਰ ਤੀਰਥਾਂ ਤੇ ਗਿਆ ਸੀ। ਸੋ ਹਉਮੈ ਨੂੰ ਦੂਰ ਕਰਨ ਦੀ ਸਮਰਥਾ ਨਹੀਂ ਰੱਖਦੇ -

*ਜਗਿ ਹਉਮੈ ਮੈਲੁ ਦੁਖੁ ਪਾਇਆ*
*ਮਲੁ ਲਾਗੀ ਦੂਜੈ ਭਾਇ॥*
*ਮਲੁ ਹਉਮੈ ਧੋਤੀ ਕਿਵੈ ਨ ਉਤਰੈ*
*ਜੇ ਸਉ ਤੀਰਥ ਨਾਇ॥* *ਪੰਨਾ - 39*

ਭਾਵੇਂ ਸੈਂਕੜੇ ਤੀਰਥਾਂ ਦਾ ਇਸ਼ਨਾਨ ਕਰ ਲਓ ਪਰ ਹਉਮੈ ਦੀ ਮੈਲ ਦੂਰ ਨਹੀਂ ਹੋਇਆ ਕਰਦੀ। ਸੋ ਇਸ ਤਰ੍ਹਾਂ ਆਪ ਹਰ ਵਾਰੀ ਤੀਰਥ ਇਸ਼ਨਾਨ ਕਰਨ ਜਾਂਦੇ ਨੇ। ਅੱਜ ਇੱਕੀਵੀਂ ਵਾਰੀ ਗਏ ਮਨ ਦੇ ਅੰਦਰ ਬੜੀ ਗੰਭੀਰਤਾ ਹੈ। ਬਾਰ ਬਾਰ ਸੋਚਦੇ ਨੇ ਕਿ ਮਨਾ ਅਜੇ ਤੱਕ ਗੁਰੂ ਨਹੀਂ ਮਿਲਿਆ, ਬਹੱਤਰ ਸਾਲ ਦੀ ਤੇਰੀ ਉਮਰ ਹੋ ਗਈ। ਕੋਈ ਪਤਾ ਨਹੀਂ ਕਾਲ ਦਾ ਕਦੋਂ ਗੁਲੇਲਾ ਆ ਲੱਗੇ -

*ਕਾਲੁ ਬਿਆਲੁ ਜਿਉ ਪਰਿਓ ਡੋਲੈ ਮੁਖੁ ਪਸਾਰੇ ਮੀਤ॥*
*ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ ਸਮਝਿ ਰਾਖਉ ਚੀਤਿ॥*
*ਪੰਨਾ - 631*

ਖਾਂਦਿਆਂ-ਪੀਂਦਿਆਂ, ਕਾਰੋਬਾਰ ਕਰਦਿਆਂ, ਨੌਕਰੀਆਂ ਚਾਕਰੀਆਂ ਕਰਦਿਆਂ, ਵਣਜ ਵਪਾਰ ਕਰਦਿਆਂ ਇਹ ਕੋਈ ਨਹੀਂ ਕਹਿ ਸਕਦਾ ਕਿ ਕਦੋਂ ਕਾਲ ਦਾ ਗੁਲੇਲਾ ਆ ਲੱਗੇ। ਅਚਾਨਕ ਗੁਲੇਲਾ ਲਗਦਾ ਹੈ ਆਦਮੀ ਦੇ ਕੰਮ ਪੂਰੇ ਨਹੀਂ ਹੁੰਦੇ, ਸਮਾਂ ਪੂਰਾ ਹੋ ਜਾਇਆ ਕਰਦਾ ਹੈ। ਮੰਜੇ ਤੇ ਪਿਆ ਬਿਮਾਰੀ ਦੀ ਹਾਲਤ ਵਿਚ ਪਤਾ ਹੈ ਕਿ ਮੈਂ ਸੰਸਾਰ ਤੋਂ ਜਾ ਰਿਹਾ ਹਾਂ। ਉਸ ਵੇਲੇ ਵੀ ਕੰਮ ਗਿਣਾਉਣੇ ਸ਼ੁਰੂ ਹੋ ਜਾਂਦਾ ਹੈ। ਵਾਪਸ ਜਾਂਦੇ ਹੋਏ ਗੁਰੂ ਅਮਰਦਾਸ ਜੀ ਦਾ ਇਕ ਬ੍ਰਹਮਚਾਰੀ ਨਾਲ ਮੇਲ ਹੋ ਗਿਆ। ਜਦੋਂ ਆਪ ਦਾ ਸੁਭਾਅ ਦੇਖਿਆ ਉਸ ਨੇ ਕਿ ਇਹ ਬਹੁਤ ਸ੍ਰੇਸ਼ਟ ਪੁਰਸ਼ ਨੇ ਬਾਬਾ ਅਮਰ ਦਾਸ ਤਾਂ ਉਸ ਦਾ ਚਿੱਤ ਖਿੜ ਆਇਆ, ਨਾਲ ਹੀ ਪੈਂਡਾ ਸ਼ੁਰੂ ਕਰ ਦਿੱਤਾ ਤੇ ਵਾਪਸ ਜਾਂਦੇ ਜਾਂਦੇ ਅੱਜ ਇਕ ਪਿੰਡ ਵਿਚ ਇਕ ਸਰਾਂ ਬਣਾਈ ਹੋਈ ਹੈ। ਉਥੇ ਇਕ ਪੰਡਤ, ਕੋਈ ਚੰਗਾ ਪਰਉਪਕਾਰੀ ਤੇ ਨਾਲ ਹੀ ਜੋਤਸ਼ ਵਿਦਿਆ ਦਾ ਜਾਣੂ ਵੀ ਹੈ। ਉਥੇ ਜਾ ਕੇ ਦੋਹਾਂ ਨੇ ਵਿਸ਼ਰਾਮ ਕੀਤਾ ਤੇ ਆਪ ਜੀ ਸਹਿਜ ਸੁਭਾਅ ਪਏ ਨੇ। ਉਹ ਪੰਡਤ 'ਸਮੁੰਦਰਕ' ਵਿਦਿਆ ਦਾ ਜਾਣੂ ਸੀ। ਸਮੁੰਦ੍ਰਕ ਵਿਦਿਆ ਉਹ ਹੁੰਦੀ ਹੈ ਜਿਸ ਵਿਚ ਅੰਗ ਦੇਖ ਕੇ, ਮੱਥਾ, ਨੱਕ, ਹੱਥ ਤੇ ਤਲੀਆਂ ਦੇਖ ਕੇ ਉਹ ਦੱਸ ਦਿੰਦੇ ਨੇ। ਜਿਵੇਂ ਜੋਤਸ਼ੀ ਦੱਸਦੇ ਨੇ ਏਸ ਤਰ੍ਹਾਂ ਦੱਸ ਦਿੰਦੇ ਨੇ। ਸੋ ਉਹ ਜਾਣੂ ਸੀ। ਜਦੋਂ ਉਹ ਪੈਸੇ ਲੈਣ ਵਾਸਤੇ ਆਇਆ ਤਾਂ ਉਸੇ ਵੇਲੇ ਬਾਬਾ ਅਮਰ ਦਾਸ ਜੀ ਸਹਿਜ ਸੁਭਾਅ ਗੋਡੇ ਤੇ ਪੈਰ ਰੱਖੀਂ ਪਏ ਨੇ। ਉਸ ਦੀ ਨਿਗ੍ਹਾ ਇਕ ਦਮ ਪੈ ਗਈ, ਕੀ ਦੇਖਦਾ ਹੈ ਕਿ ਚਰਨ ਤੇ ਤਾਂ 'ਪਦਮ' ਹੈ ਤੇ 'ਪਦਮ' ਵੀ ਸ਼ੁਧ ਹੈ, ਕਿਸੇ ਦੇ ਚੌਥਾ ਹਿੱਸਾ ਹੁੰਦਾ ਹੈ, ਦੋ ਪੱਤੇ ਹੰਦੇ ਨੇ ਕਿਸੇ ਦੇ ਚਾਰ ਤੇ ਇਥੇ ਪੂਰੇ ਦਲਾਂ ਦਾ ਪਦਮ ਬਣਿਆ ਹੋਇਆ ਹੈ। ਉਸ ਵੇਲੇ ਹੈਰਾਨ ਰਹਿ ਗਿਆ ਕਿ ਇਹ ਤਾਂ ਵੱਡੇ-ਵੱਡੇ ਮਹਾਂਪੁਰਸ਼ਾਂ ਦੇ ਚਰਨਾਂ ਵਿਚ ਹੋਇਆ ਕਰਦਾ ਹੈ। ਇਹ ਤਾਂ ਕੋਈ ਅਵਤਾਰ ਹੋਣੇ ਚਾਹੀਦੇ ਨੇ। ਇਹ ਇਸ ਹਾਲਤ ਵਿਚ ਕਿਉਂ ਫਿਰਦੇ ਨੇ, ਗੁਪਤ ਕਿਉਂ ਨੇ, ਪ੍ਰਗਟ ਕਿਉਂ ਨਹੀਂ ਹੋਏ ਅਜੇ ਤੱਕ ਜਾਂ ਇਹ ਚੱਕਰਵਰਤੀ ਬਾਦਸ਼ਾਹ ਚਾਹੀਦੇ ਨੇ। ਲਿਬਾਸ ਤੋਂ ਨਹੀਂ ਲਗਦੇ ਕਿ ਚੱਕਰਵਰਤੀ ਬਾਦਸ਼ਾਹ ਨੇ ਤੇ ਹੋ ਸਕਦਾ ਹੈ ਕੋਈ ਵੱਡੇ ਮਹਾਂਪੁਰਸ਼ ਹੋਣ ਤੇ ਆਪਣੇ ਆਪ ਨੂੰ ਪ੍ਰਗਟ ਕਰਨਾ ਨਾ ਚਾਹੁੰਦੇ ਹੋਣ। ਸੋ ਉਸ ਵੇਲੇ ਉਸ ਨੇ ਦੇਖ ਕੇ ਮਨ ਵਿਚ ਬਹੁਤ ਗੱਲਾਂ ਵਿਚਾਰੀਆਂ ਕਿ ਇਹ ਤਾਂ ਖਾਸ ਜੇ ਕੋਈ ਵਿਸ਼ਨੂੰ ਦਾ ਅਵਤਾਰ ਹੋਵੇ ਉਸ ਦੇ ਹੋਇਆ ਕਰਦਾ ਹੈ। ਕ੍ਰਿਸ਼ਨ ਮਹਾਰਾਜ ਜੀ ਦੇ -

*ਚਰਣ ਕਮਲ ਵਿਚਿ ਪਦਮੁ ਹੈ*
*ਝਿਲਮਿਲ ਝਲਕੈ ਵਾਂਗੀ ਤਾਰੇ।*
*ਬਧਿਕੁ ਆਇਆ ਭਾਲਦਾ ਮਿਰਗੈ ਜਾਣਿ ਬਾਣੁ ਲੈ ਮਾਰੇ।*
*ਭਾਈ ਗੁਰਦਾਸ ਜੀ ਦੀ ਵਾਰ 10/23*

ਕਮਲ ਦੇ ਵਿਚ ਹੀ ਬਾਣ ਮਾਰਿਆ, ਅੱਖ ਦਾ ਭੁਲੇਖਾ ਪੈ ਗਿਆ ਮ੍ਰਿਗ ਦੀ। ਕਹਿੰਦੇ ਐਨਾ ਸਪਸ਼ਟ ਪਦਮ ਮੈਂ ਤਾਂ ਦੇਖਿਆ ਨਹੀਂ। ਗੁਰਬਾਣੀ ਦੇ ਅੰਦਰ ਭੱਟ ਕਹਿੰਦੇ ਨੇ ਕਿ ਗੁਰੂ ਅਮਰਦਾਸ ਜੀ ਦੇ ਪਦਮ ਉਨ੍ਹਾਂ ਦੇ ਦਾਹਿਨੇ (ਸੱਜੇ) ਹੱਥ ਵਿਚ ਸੀ। ਚਰਨਾਂ ਦਾ ਉਨ੍ਹਾਂ ਨੇ ਦੇਖ ਲਿਆ, ਹੱਥ ਦਾ ਇਨ੍ਹਾਂ ਨੇ ਦੇਖ ਲਿਆ। ਸੋ ਉਸ ਵੇਲੇ ਮਨ ਵਿਚ ਬਹੁਤ ਖਿਆਲ ਆਉਂਦੇ ਨੇ ਤੇ ਇਰਾਦਾ ਕਰ ਲਿਆ ਕਿ ਇਨ੍ਹਾਂ ਤੋਂ ਮੈਂ ਕੋਈ ਕਿਰਾਇਆ ਨਹੀਂ ਲੈਣਾ। ਜਦੋਂ ਬਾਬਾ ਅਮਰ ਦਾਸ ਜੀ ਜਾਣ ਲੱਗੇ ਤਾਂ ਪੰਡਤ ਜੀ ਆਏ।

ਬਾਬਾ ਜੀ ਕਹਿੰਦੇ, "ਪੰਡਤ ਜੀ! ਤੁਸੀਂ ਆਪਣਾ ਕਮਰਾ ਸਾਂਭੋ। ਚੀਜ਼ਾਂ ਦੇਖ ਲਓ ਸਾਰੀਆਂ ਤੇ ਦੱਸੋ ਕਿੰਨੀ ਮਾਇਆ ਦੇਈਏ?"

ਉਸ ਵੇਲੇ ਪੰਡਤ ਜੀ ਨੇ ਚਰਨਾਂ ਤੇ ਨਮਸ਼ਕਾਰ ਕਰ ਦਿੱਤੀ, ਹੈਰਾਨ ਹੋ ਗਏ ਕਿ ਇਹ ਬ੍ਰਾਹਮਣ ਕਿਉਂ ਨਮਸ਼ਕਾਰ ਕਰ ਰਿਹਾ ਹੈ।

ਕਹਿਣ ਲੱਗੇ, "ਪੰਡਤ ਜੀ! ਤੁਸੀਂ ਬ੍ਰਾਹਮਣ ਹੋ ਕਿਉਂ ਚਰਨਾਂ ਤੇ ਨਮਸ਼ਕਾਰ ਕਰ ਰਹੇ ਹੋ?"

ਕਹਿੰਦਾ, ਬਾਬਾ ਜੀ! ਮੈਂ ਤੁਹਾਡੇ ਬਾਰੇ ਜਾਣਦਾ ਨਹੀਂ ਕੁਝ ਵੀ ਕਿ ਤੁਸੀਂ ਕਿਥੋਂ ਦੇ ਰਹਿਣ ਵਾਲੇ ਹੋ। ਇਹ ਪਤਾ ਹੈ ਕਿ ਸਾਲ ਵਿਚ ਦੋ ਵਾਰੀ ਆਉਂਦੇ ਹੋ ਤੇ ਅੱਜ ਮੇਰੇ ਭਾਗ ਜਾਗ ਪਏ ਕਿ ਮੈਂ ਤੁਹਾਡੇ ਚਰਨਾਂ ਵੱਲ ਨਿਗ੍ਹਾ ਕਰ ਲਈ। ਤੁਹਾਡੇ ਚਰਨਾਂ ਵਿਚ ਤਾਂ ਪਦਮ ਹੈ ਤੇ ਕੀ ਵਜ੍ਹਾ

ਹੈ ਕਿ ਤੁਸੀਂ ਪ੍ਰਗਟ ਨਹੀਂ ਹੋਏ ਅਜੇ ਤੱਕ। ਬਾਕੀ ਰਹੀ ਭਾੜੇ ਦੀ, ਕਿਰਾਏ ਦੀ ਗੱਲ, ਹੁਣ ਮੈਂ ਕਿਰਾਇਆ ਨਹੀਂ ਲੈਣਾ। ਲਵਾਂਗਾ ਜਰੂਰ ਪਰ ਓਸ ਵੇਲੇ ਜਦੋਂ ਤੁਸੀਂ ਪ੍ਰਗਟ ਹੋ ਜਾਓਗੇ।"

ਸੋ ਇਨ੍ਹਾਂ ਬਚਨਾਂ ਨੇ ਉਸ ਬ੍ਰਹਮਚਾਰੀ ਨੂੰ ਵੀ ਕਾਫੀ ਸ਼ਰਧਾ ਵਿਚ ਲੈ ਆਂਦਾ ਤੇ ਚਲਦੇ ਚਲਦੇ ਆਪ ਆਪਣੇ ਨਗਰ ਆ ਗਏ ਬਾਸਰਕੇ। ਉਥੇ ਆਪ ਇਕ ਦਿਨ ਬਾਹਰ ਬੈਠੇ ਨੇ ਖੂਹ ਤੇ। ਉਥੇ ਉਸ ਨੇ ਜ਼ਿਕਰ ਚਲਾਇਆ ਕਿ ਬਾਬਾ ਅਮਰ ਦਾਸ ਜੀ! ਤੁਹਾਡੀ ਸੰਗਤ ਕਰਕੇ ਮੈਨੂੰ ਬੜਾ ਅਨੰਦ ਆਇਆ ਕਿਉਂਕਿ ਤੁਸੀਂ ਬਹੁਤ ਸਾਧੂ ਮਹਾਂਪੁਰਸ਼ਾਂ ਦੀ ਸੰਗਤ ਕੀਤੀ ਹੈ। ਤੁਹਾਡਾ ਸੁਭਾਅ ਆਪਣਾ ਹੀ ਹੈ ਹੋਰ ਕਿਸੇ ਦਾ ਸੁਭਾਅ ਐਸਾ ਨਹੀਂ ਹੈ ਤੇ ਇਕ ਤਰ੍ਹਾਂ ਦੇ ਨਾਲ ਮੈਂ ਤੁਹਾਡਾ ਸ਼ਰਧਾਲੂ ਹੋ ਚੁੱਕਿਆ ਹਾਂ ਤੇ ਮੈਨੂੰ ਕਿਰਪਾ ਕਰਕੇ ਤੁਸੀਂ ਦੱਸ ਸਕਦੇ ਹੋ ਕਿ ਤੁਹਾਡੇ ਗੁਰੂ ਕੌਣ ਨੇ? ਜਿਨ੍ਹਾਂ ਤੋਂ ਤੁਸੀਂ ਐਨਾ ਸੋਹਣਾ ਜੀਵਨ ਲਿਆ ਉਹ ਕੌਣ ਨੇ?"

ਐਨੀ ਕਹਿਣ ਦੀ ਦੇਰ ਸੀ ਉਹ ਇਸ ਤਰ੍ਹਾਂ ਹੋਇਆ ਜਿਵੇਂ ਕਿਸੇ ਨੇ ਕਿਸੇ ਦੀ ਦੁਖਦੀ ਥਾਂ ਤੇ ਸੱਟ ਮਾਰੀ ਹੋਵੇ। ਬਾਬਾ ਅਮਰਦਾਸ ਜੀ ਦੇ ਨੇਤਰਾਂ ਵਿਚੋਂ ਜਲ ਜਾਣਾ ਸ਼ੁਰੂ ਹੋ ਗਿਆ, ਬੋਲ ਨਹੀਂ ਸਕੇ ਤੇ ਉਹ ਬ੍ਰਹਮਚਾਰੀ ਨੇ ਸਮਝਿਆ ਕਿ ਮੈਂ ਬੜੀ ਮਾੜੀ ਗੱਲ ਕਹੀ, ਮੈਂ ਆਵੇਂ ਹੀ ਕਹਿ ਬੈਠਿਆ। ਹੋ ਸਕਦਾ ਹੈ ਇਨ੍ਹਾਂ ਦੇ ਗੁਰੂ ਚੜ੍ਹਾਈ ਕਰ ਗਏ ਹੋਣ ਤੇ ਪਿਆਰ ਬਹੁਤ ਕਰਦੇ ਨੇ ਇਸ ਕਰਕੇ ਐਸਾ ਹੋਇਆ।

ਉਹ ਕਹਿਣ ਲੱਗਿਆ, "ਬਾਬਾ ਜੀ! ਜੇ ਤੁਹਾਡੇ ਗੁਰੂ ਸਰੀਰ ਛੱਡ ਗਏ, ਗੁਰੂ ਤਾਂ ਕਿਤੇ ਜਾਇਆ ਹੀ ਨਹੀਂ ਕਰਦੇ ਚਾਹੇ ਸਰੀਰ ਵਿਚ ਹੋਣ ਚਾਹੇ ਸਰੀਰ ਛੱਡ ਦੇਣ ਗੁਰੂ ਨਹੀਂ ਕਿਤੇ ਜਾਇਆ ਕਰਦਾ। ਚੰਗਾ ਕੋਈ ਨਾਂ, ਤੁਸੀਂ ਉਨ੍ਹਾਂ ਦੀ ਯਾਦ ਵਿਚ ਰਹਿੰਦੇ ਹੋ। ਜੋ ਯਾਦ ਦੇ ਨਾਲ ਗੁਰੂ ਨਾਲ ਜੁੜਿਆ ਰਹੇ ਫੇਰ ਗੁਰੂ ਹਾਜਰ ਨਾਜਰ ਹੀ ਹੋਇਆ ਕਰਦਾ ਹੈ ਜਾਇਆ ਨਹੀਂ ਕਰਦਾ। ਜਾਂਦਾ ਉਦੋਂ ਹੈ ਜਦੋਂ ਸਾਡੇ ਮਨ ਵਿਚੋਂ ਭੁੱਲ ਜਾਵੇ, ਯਾਦ ਦੀ, ਲਿਵ ਦੀ ਡੋਰ ਟੁੱਟ ਜਾਵੇ ਫੇਰ ਗੁਰੂ ਜਾਂਦਾ ਹੈ ਪਰ ਗੁਰੂ ਰਹਿੰਦਾ ਨਾਲ ਹੈ –

*ਗੁਰੁ ਮੇਰੈ ਸੰਗਿ ਸਦਾ ਹੈ ਨਾਲੇ॥*
*ਸਿਮਰਿ ਸਿਮਰਿ ਤਿਸੁ ਸਦਾ ਸਮ੍ਾਲੇ॥ ਪੰਨਾ - 394*

ਬਾਬਾ ਜੀ ਕਹਿਣ ਲੱਗੇ, "ਬ੍ਰਹਮਚਾਰੀ ਜੀ! ਮੈਂ ਤਾਂ ਬਹੁਤ ਬਦਕਿਸਮਤ ਹਾਂ ਕਿਉਂਕਿ ਬਹੱਤਰ ਸਾਲ ਦੀ ਮੇਰੀ ਉਮਰ ਹੋ ਗਈ ਪਰ ਅਜੇ ਤੱਕ ਵੀ ਮੈਨੂੰ ਕੋਈ ਸਮਰੱਥ ਗੁਰੂ ਨਹੀਂ ਮਿਲਿਆ ਕਿਉਂਕਿ ਮੇਰਾ ਇਹ ਪ੍ਰਣ ਸੀ ਕਿ ਮੈਂ ਗੁਰੂ ਪਰਖ ਕੇ ਕਰਨਾ ਹੈ ਮੈਂ ਦੇਖਾ ਦੇਖੀ ਨਹੀਂ ਕਰਨਾ, ਵਹੀਰਾਂ ਦੇਖ ਕੇ ਨਹੀਂ ਕਰਨਾ ਕਿ ਇਸ ਦੇ ਮਗਰ ਬਹੁਤ ਦੁਨੀਆਂ ਆਉਂਦੀ ਹੈ। ਮੈਂ ਪਰਖ ਲੈਣੀ ਹੈ। ਜਿਥੇ ਮੇਰੇ ਮਨ ਦੀ ਨਿਸ਼ਾ ਹੋਏਗੀ ਉਥੇ ਮੈਂ ਸੌਦਾ ਕਰ ਦੇਣਾ ਹੈ ਤਨ ਦਾ, ਮਨ ਦਾ, ਧਨ ਦਾ ਆਪਣੇ ਕੋਲ ਕੁਝ ਵੀ ਨਹੀਂ ਰੱਖਣਾ ਸਭ ਕੁਝ ਗੁਰੂ ਨੂੰ ਦੇ ਦੇਣਾ ਹੈ।"

ਕਹਿੰਦਾ, "ਹੈਂ! ਬਾਬਾ ਅਮਰਦਾਸ ਤੂੰ ਅਜੇ ਤੱਕ ਨਿਗੁਰਾ ਹੈ? ਬੜਾ ਮਾੜਾ ਕੰਮ ਹੋਇਆ। ਤੂੰ ਤਾਂ ਆਪਣਾ ਜਨਮ ਬਿਰਥਾ ਗੁਆ ਰਿਹਾ ਹੈ। ਹੇ ਮੇਰੀ ਕਿਸਮਤ! ਮੈਂ ਇੰਨਾ ਨਭਾਗਾ ਬੰਦਾ ਹਾਂ ਕਿ ਮੈਂ ਇਕ ਨਿਗੁਰੇ ਦੀ ਸੰਗਤ ਕਰਦਾ ਰਿਹਾ। ਜੇ ਮੈਨੂੰ ਪਤਾ ਹੁੰਦਾ ਤਾਂ ਮੈਂ ਭੁੱਲ ਕੇ ਵੀ ਤੁਹਾਡੀ ਸੰਗਤ ਨਾ ਕਰਦਾ। ਮੈਂ ਤੁਹਾਡੇ ਹੱਥੋਂ ਖਾਂਦਾ ਰਿਹਾ। ਮੇਰਾ ਪ੍ਰਣ ਸੀ ਕਿ ਮੈਂ ਨਿਗੁਰੇ ਦੇ ਹੱਥੋਂ ਨਹੀਂ ਖਾਵਾਂਗਾ। ਕਿੰਨਾ ਚਿਰ ਹੋ ਗਿਆ ਗੰਗਾ ਤੋਂ ਲੈ ਕੇ ਇਥੇ ਤੱਕ ਆਉਂਦਿਆਂ ਨੂੰ, ਮੈਂ ਤਾਂ ਸਮਝਿਆ ਤੁਸੀਂ ਗੁਰੂ ਵਾਲੇ ਹੋ।"

*ਜਾ ਕੀ ਰਹਤ ਨ ਜਾਣੀਐ ਗੁਰਬਾਣੀ ਨਹੀ ਗੀਤਿ॥*
*ਤਿਸ ਦੇ ਹਥੋਂ ਖਾਧਿਆ ਵਿਸਰੈ ਹਰਿ ਕੀ ਪ੍ਰੀਤਿ॥*
*ਰਹਿਤਨਾਮਾ*

ਜਿਸ ਨੇ ਗੁਰੂ ਧਾਰਨ ਨਹੀਂ ਕੀਤਾ, ਗੁਰੂ ਮਹਾਰਾਜ ਜੀ ਨੂੰ ਲੱਖ ਮੱਥੇ ਟੇਕੀ ਜਾਓ, ਕਹੀ ਜਾਓ ਕਿ ਸਾਡੇ ਗੁਰੂ ਗੁਰੂ ਨਾਨਕ ਸਾਹਿਬ ਨੇ, ਗੁਰੂ ਦਸਵੇਂ ਪਾਤਿਸ਼ਾਹ ਨੇ, ਗੁਰੂ ਗ੍ਰੰਥ ਸਾਹਿਬ ਨੇ। ਜਦੋਂ ਤੱਕ ਵਿਧੀ ਪੂਰਬਕ ਨਾਮ ਨਹੀਂ ਲੈਂਦੇ ਗੁਰੂ ਘਰ ਦਾ, ਓਨੀ ਦੇਰ ਤੱਕ ਗੁਰੂ ਨਾਲ ਜੁੜ ਨਹੀਂ ਸਕਦੇ। ਕਹਿ ਨਹੀਂ ਸਕਦੇ ਕਿ ਸਾਡਾ ਗੁਰੂ ਹੈ, ਗੁਰੂ ਤਾਂ ਉਹ ਹੁੰਦਾ ਹੈ ਜਿਹੜਾ ਮੰਤਰ ਦੇਵੇ। ਜਿਸ ਨੇ ਵੀ ਮੰਤਰ ਦੇ ਦਿੱਤਾ ਉਸੇ ਦਾ ਸ਼ਿਸ਼ ਬਣ ਜਾਂਦਾ ਹੈ, ਸਿੱਖ ਬਣ ਜਾਂਦਾ ਹੈ, ਜਿਸ ਨੇ ਗੁਰੂ ਤੋਂ ਮੰਤਰ ਨਹੀਂ ਲਿਆ ਉਸ ਦੇ ਨਾਲ ਗੁਰੂ ਦਾ ਕੋਈ ਸੰਬੰਧ ਨਹੀਂ ਹੁੰਦਾ, ਉਸ ਪੁਰਸ਼ ਨੂੰ ਨਿਗੁਰਾ ਕਹਿੰਦੇ ਨੇ।

ਦੂਸਰੀ ਪਰਿਭਾਸ਼ਾ ਨਿਗੁਰੇ ਦੀ ਇਹ ਹੈ ਕਿ ਜਿਹੜਾ ਪਰਿਪੂਰਨ ਨਾਮ ਤੇ ਵਿਸ਼ਵਾਸ ਨਾ ਲਿਆਏ ਉਸ ਨੂੰ ਵੀ ਨਿਗੁਰਾ ਜਾਂ ਮਨਮੁਖ ਆਖਦੇ ਨੇ। ਉਸ ਦੇ ਬਾਰੇ ਗੁਰੂ ਮਹਾਰਾਜ ਜੀ ਦਾ ਫੁਰਮਾਨ ਇਸ ਤਰ੍ਹਾਂ ਹੈ –

*ਭਾਵ ਅਰਥ - ਨਿਗੁਰਿਆ ਤੇਰਾ ਓ, ਨਾਮ ਬੁਰਾ,*
*ਮਾਨਸ ਜਨਮ ਗਵਾ ਲਿਆ ਬਿਰਥਾ।*

*ਸਤਿਗੁਰ ਬਾਝਹੁ ਗੁਰੁ ਨਹੀ ਕੋਈ ................॥*
*ਪੰਨਾ - 435*

ਪੂਰੇ ਸਤਿਗੁਰੂ ਤੋਂ ਬਗੈਰ ਕੋਈ ਗੁਰੂ ਨਹੀਂ ਹੈ ਸੰਸਾਰ ਤੇ–

*............ ਨਿਗੁਰੇ ਕਾ ਹੈ ਨਾਉ ਬੁਰਾ॥*
*ਪੰਨਾ - 435*

ਜਿਹੜਾ ਨਿਗੁਰਾ ਹੈ ਜਿਸ ਨੇ ਗੁਰੂ ਧਾਰਿਆ ਨਹੀਂ, ਪੂਰੀ ਵਿਧੀ ਦੇ ਨਾਲ, ਕਹਿੰਦੇ ਉਸ ਦਾ ਤਾਂ ਨਾਂ ਲੈਣਾ ਬੁਰਾ ਹੈ, ਨਾਮ ਲੈਣ ਨਾਲ ਹੀ ਪਾਪ ਚੜ੍ਹਦਾ ਹੈ।

ਗੁਰੂ ਦਸਵੇਂ ਪਾਤਿਸ਼ਾਹ ਮਹਾਰਾਜ ਮੁਕਤਸਰ ਦੇ ਯੁੱਧ

ਤੋਂ ਬਾਅਦ ਮਾਲਵੇ ਦੇ ਅੰਦਰ ਵਿਚਰ ਕੇ ਸੰਗਤਾਂ ਦਾ ਉਧਾਰ ਕਰ ਰਹੇ ਹਨ। ਦਇਆਲਦਾਸ ਜੀ ਨੇ ਨਿਮੰਤਰਣ ਦਿੱਤਾ ਕਿ ਮਹਾਰਾਜ! ਕੱਲ੍ਹ ਦਾ ਪ੍ਰਸ਼ਾਦਾ ਆਪ ਸਾਡੇ ਘਰ ਛਕਣਾ। ਸੋ ਮਹਾਰਾਜ ਜੀ ਕੁਝ ਸਿੰਘਾਂ ਸਮੇਤ ਉਸ ਦੇ ਪਿੰਡ ਜਾ ਰਹੇ ਨੇ ਤੇ ਘੋੜੇ ਨੇ ਉਹ ਨਿਸ਼ਾਨੀਆਂ ਦੱਸੀਆਂ ਕਿ ਪਿਆਸ ਲੱਗੀ ਹੈ ਘੋੜੇ ਨੂੰ।

ਮਹਾਰਾਜ ਜੀ ਕਹਿੰਦੇ, "ਸਿੰਘੋ! ਕਿੱਡੀ ਕੁ ਦੂਰ ਹੈ ਪਿੰਡ?"

ਕਹਿੰਦੇ, "ਮਹਾਰਾਜ! ਉਹ ਸਾਹਮਣੇ ਨਜ਼ਰ ਆ ਰਿਹਾ ਹੈ।

ਮਹਾਰਾਜ ਜੀ ਕਹਿਣ ਲੱਗੇ, "ਘੋੜਾ ਤਾਂ ਪਾਣੀ ਮੰਗਦਾ ਹੈ।"

ਜਿਹੜਾ ਉਸ ਇਲਾਕੇ ਦਾ ਜਾਣੂ ਸੀ ਉਹ ਕਹਿੰਦਾ, "ਮਹਾਰਾਜ! ਉਹ ਸਾਹਮਣੇ ਜਿਥੇ ਦਰਖਤ ਖੜ੍ਹੇ ਨੇ ਸੰਘਣੇ ਇਨ੍ਹਾਂ ਦੇ ਵਿਚਾਲੇ ਢਾਬ ਹੈ ਜਿਥੋਂ ਸਾਰਾ ਪਿੰਡ ਪਾਣੀ ਪੀਂਦਾ ਹੈ ਤੇ ਪਸ਼ੂਆਂ ਦੇ ਪੀਣ ਦਾ ਪਾਣੀ ਵੀ ਉਥੇ ਹੀ ਹੈ।"

ਸੋ ਮਹਾਰਾਜ ਜੀ ਉਥੇ ਪੁਜਦੇ ਨੇ, ਉਥੇ ਜਾ ਕੇ ਵਾਗਾਂ ਢਿੱਲੀਆਂ ਛੱਡ ਦਿੱਤੀਆਂ। ਘੋੜਾ ਪਾਣੀ ਵਿਚ ਚਲਿਆ ਗਿਆ ਗੋਡੇ-ਗੋਡੇ, ਉਹ ਪਾਣੀ ਨੂੰ ਸੁੰਘਦਾ ਹੈ ਪਰ ਪੀਂਦਾ ਨਹੀਂ, ਸਿਰ ਫੇਰਦਾ ਹੈ।

ਮਹਾਰਾਜ ਜੀ ਕਹਿੰਦੇ, "ਇਹ ਪਾਣੀ ਨਹੀਂ ਪੀਂਦਾ, ਮੈਲਾ ਤਾਂ ਨਹੀਂ ਹੈ ਭਾਈ! ਬਦਬੂ ਵਾਲਾ ਤਾਂ ਨਹੀਂ।"

ਇਕ ਸਿੰਘ ਉਤਰਿਆ, ਉਤਰ ਕੇ ਇਕ ਉਂਜਲ ਪਾਣੀ ਦਾ ਲਿਆ ਲੈ ਕੇ ਸੁੰਘਿਆ।

ਕਹਿੰਦਾ, "ਸੱਚੇ ਪਾਤਿਸ਼ਾਹ! ਪਾਣੀ ਤਾ ਕੁੰਗੂ ਵਰਗਾ ਹੈ, ਕੋਈ ਮੈਲ ਨਹੀਂ ਹੈ ਪਾਣੀ ਦੇ ਅੰਦਰ ਤੇ ਬਦਬੂ ਵੀ ਕੋਈ ਨਹੀਂ ਆਉਂਦੀ।"

ਮਹਾਰਾਜ ਜੀ ਕਹਿੰਦੇ, "ਘੋੜਾ ਕਿਉਂ ਨਹੀਂ ਪੀਂਦਾ?"

ਹੋਰ ਅੱਗੇ ਤੋਰ ਲਿਆ, ਫੇਰ ਪਾਣੀ ਨੂੰ ਸੁੰਘਿਆ ਪਰ ਪੀਤਾ ਨਹੀਂ। ਆਪੇ ਹੀ ਘੋੜਾ ਬਾਹਰ ਨਿਕਲ ਆਇਆ, ਪਿਆਸਾ ਹੈ ਪਰ ਪਾਣੀ ਨਹੀਂ ਪੀ ਰਿਹਾ।

ਸਾਰੇ ਹੈਰਾਨ ਨੇ ਕਿ ਮਹਾਰਾਜ ਪਿਆਸਾ ਹੈ ਘੋੜਾ ਆਪਦਾ ਪਰ ਪਾਣੀ ਨਹੀਂ ਪੀ ਰਿਹਾ।

ਮਹਾਰਾਜ ਜੀ ਕਹਿੰਦੇ, "ਭਾਈ! ਆਪਾਂ ਨਿਗੁਰੇ ਦੇ ਪਿੰਡ ਆ ਗਏ। ਸਾਡੀ ਸੰਗਤ ਤੇ ਸਵਾਰੀ ਹੋਣ ਕਰਕੇ ਇਸ ਘੋੜੇ ਨੂੰ ਪੂਰਾ ਗਿਆਨ ਹੈ। ਸੇਵਾ ਕਰ ਰਿਹਾ ਹੈ ਇਹ। ਉਸ ਨਿਗੁਰੇਪਣ ਦੀ ਬਦਬੂ ਪਿੰਡ ਦਾ ਮਾਲਕ ਹੋਣ ਕਰਕੇ ਸਾਰੇ ਕਣ-ਕਣ ਵਿਚ ਪਹੁੰਚੀ ਹੋਈ ਹੈ, ਅਨਾਜ ਵਿਚ ਵੀ ਉਸ ਦੀ ਦੁਰਗੰਧ ਹੈ, ਪਾਣੀ ਵਿਚ ਵੀ ਦੁਰਗੰਧ ਹੈ। ਜਦੋਂ ਘੋੜੇ ਨੇ ਹੀ ਪਾਣੀ ਨਹੀਂ ਪੀਤਾ ਤਾਂ ਆਪਾਂ ਪ੍ਰਸ਼ਾਦਾ ਕੀ ਛਕਣਾ ਹੈ। ਚਲੋ! ਵਾਪਸ ਚਲੀਏ।"

ਉਸੇ ਵੇਲੇ ਮਹਾਰਾਜ ਜੀ ਪਿੱਛੇ ਨੂੰ ਪਰਤ ਗਏ। ਦੌੜ ਕੇ ਆਇਆ ਦਇਆਲ ਦਾਸ, ਆ ਕੇ ਕਹਿਣ ਲੱਗਿਆ, "ਸੱਚੇ ਪਾਤਿਸ਼ਾਹ! ਪਿੰਡ ਕੋਲੋਂ ਮੁੜ ਚੱਲੇ।"

ਮਹਾਰਾਜ ਜੀ ਕਹਿੰਦੇ, "ਦਇਆਲ ਦਾਸ! ਸਾਡੇ ਘੋੜੇ ਨੇ ਪਾਣੀ ਨਹੀਂ ਪੀਤਾ ਤੁਹਾਡੇ ਘਾਟ ਦਾ ਕਿਉਂਕਿ ਤੂੰ ਨਿਗੁਰਾ ਹੈ, ਤੂੰ ਗੁਰੂ ਨਹੀਂ ਧਾਰਨ ਕਰਿਆ।"

ਕਹਿੰਦਾ, "ਸੱਚੇ ਪਾਤਿਸ਼ਾਹ! ਮੈਂ ਤਾਂ ਸੰਗਤ ਲੈ ਕੇ ਆਪ ਦੇ ਕੋਲ ਪਹੁੰਚਿਆ ਕਰਦਾਂ ਸਾਲ ਦੇ ਸਾਲ। ਇਹ ਸਾਰੀ ਬਰਾੜਾਂ ਦੀ ਸੰਗਤ ਮੈਂ ਹੀ ਤਾਂ ਲੈ ਕੇ ਆਉਂਦਾ ਹਾਂ, ਇਨ੍ਹਾਂ ਦੀਆਂ ਭੇਟਾਂ ਲੈ ਕੇ ਆਉਂਦਾ ਹਾਂ। ਅਸੀਂ ਤਾਂ ਤੁਹਾਡੇ ਤੋਂ ਬਿਨਾਂ ਕਿਸੇ ਨੂੰ ਨਹੀਂ ਮੰਨਦੇ, ਹੋਰ ਕੋਈ ਕੁਝ ਨਹੀਂ ਸਾਡਾ।"

ਮਹਾਰਾਜ ਜੀ ਕਹਿੰਦੇ, "ਤੇਰਾ ਤੇ ਸਾਡਾ ਸੰਬੰਧ ਰੂਹਾਨੀ ਨਹੀਂ ਹੈ, ਦੁਨਿਆਵੀ ਸੰਬੰਧ ਹੈ। ਤੁਹਾਡੀਆਂ ਵਾਸ਼ਨਾਵਾਂ ਹੁੰਦੀਆਂ ਨੇ, ਸੁੱਖਣਾ ਹੁੰਦੀਆਂ ਨੇ। ਗੁਰੂ ਨਿਰਵੈਰ ਹੈ –

***ਜੋ ਮਾਗਹਿ ਠਾਕੁਰ ਅਪੁਨੇ ਸੇ ਸੋਈ ਸੋਈ ਦੇਵੈ॥***

***ਪੰਨਾ - 681***

ਗੁਰੂ ਗ੍ਰੰਥ ਸਾਹਿਬ ਤੋਂ ਮੰਗ ਲਓ। ਚਾਹੇ ਗੁਰੂ ਧਾਰਿਆ ਹੈ ਚਾਹੇ ਨਹੀਂ ਧਾਰਿਆ, ਚਾਹੇ ਕੋਈ ਮੰਨਣ ਵਾਲਾ ਹੈ ਚਾਹੇ ਕੋਈ ਨਹੀਂ ਮੰਨਣ ਵਾਲਾ। ਜਿਹੜਾ ਵੀ ਇਸ ਦਰ ਤੇ ਆ ਕੇ ਪੱਲਾ ਫੈਲਾਏਗਾ ਉਸ ਦੀ ਮੰਗ ਜ਼ਰੂਰ ਪੂਰੀ ਹੁੰਦੀ ਹੈ ਕਿਉਂਕਿ ਸਮ-ਦ੍ਰਿਸ਼ਟੀ ਹੈ। ਪਰ ਤੁਹਾਡਾ ਤੇ ਸਾਡਾ ਦੁਨਿਆਵੀ ਸੰਬੰਧ ਹੈ, ਰੂਹਾਨੀ ਨਹੀਂ ਹੈ।"

ਉਸ ਤੋਂ ਬਾਅਦ ਮਹਾਰਾਜ ਜੀ ਚਲੇ ਗਏ। ਦਇਆਲ ਦਾਸ ਦਾ ਭਰਾ ਕੋਲ ਖੜ੍ਹਾ ਸੀ, ਉਹ ਅੰਮ੍ਰਿਤਧਾਰੀ ਸੀ, ਪੂਰੀ ਵਿਧੀ ਦੇ ਨਾਲ ਗੁਰੂ ਧਾਰਨ ਕੀਤਾ ਹੋਇਆ ਸੀ।

ਕਹਿਣ ਲੱਗਿਆ, "ਭਰਾ ਜੀ! ਜਾਓ ਜਾ ਕੇ ਮਹਾਰਾਜ ਜੀ ਨੂੰ ਜਾ ਕੇ ਕਹਿ ਤਾਂ ਦਿਓ। ਤੁਸੀਂ ਦਾਹੜਾ ਰੱਖਿਆ ਹੋਇਆ ਹੈ, ਕੇਸ ਰੱਖੇ ਹੋਏ ਨੇ ਤੇ ਸ਼ਸਤ੍ਰ ਵੀ ਪਹਿਨੇ ਹੋਏ ਨੇ ਫੇਰ ਤੁਹਾਨੂੰ ਅੰਮ੍ਰਿਤ ਛੱਕਣ ਵਿਚ ਕੀ ਡਰ ਲਗਦਾ ਹੈ ਤੇ ਤੁਸੀਂ ਨਾਮ ਤਾਂ ਲਿਆ ਨਹੀਂ। ਜਦੋਂ ਤੱਕ ਨਾਮ ਨਹੀਂ ਲੈਂਦੇ ਉਦੋਂ ਤੱਕ ਤੁਹਾਡਾ ਤੇ ਗੁਰੂ ਦਾ ਸੰਬੰਧ ਨਹੀਂ ਹੋਣਾ।"

ਇਹ ਸੁਣ ਕੇ ਉਹ ਪਿੱਛੇ ਦੌੜਿਆ। ਫੇਰ ਗੁਰੂ ਮਹਾਰਾਜ ਜੀ ਨੂੰ ਕਿਹਾ ਕਿ ਸੱਚੇ ਪਾਤਿਸ਼ਾਹ! ਮੈਂ ਆਪ ਦੀ ਸਿੱਖੀ ਧਾਰਨ ਕਰ ਲਵਾਂਗਾ ਆਪ ਦੀ ਵਿਧੀ ਦੇ ਮੁਤਾਬਕ ਤੇ ਆਪ ਪ੍ਰਸ਼ਾਦ ਅੰਗੀਕਾਰ ਕਰੋ। ਗੱਡੇ ਭਰ ਕੇ ਲੈ ਗਏ ਫੇਰ ਜਾ ਕੇ ਮਹਾਰਾਜ

ਜੀ ਨੇ ਉਸ ਦਾ ਪ੍ਰਸ਼ਾਦ ਅੰਗੀਕਾਰ ਕਰਿਆ। ਸੋ ਇਸ ਤਰ੍ਹਾਂ ਮਹਾਰਾਜ ਜੀ ਕਹਿੰਦੇ –

*ਸਤਿਗੁਰ ਬਾਝਹੁ ਗੁਰੁ ਨਹੀ ਕੋਈ*
*ਨਿਗੁਰੇ ਕਾ ਹੈ ਨਾਉ ਬੁਰਾ॥* *ਪੰਨਾ - 435*

ਜੋ ਨਿਗੁਰਾ ਹੈ ਉਹ ਮਨ ਦੇ ਪਿੱਛੇ ਲੱਗਣ ਵਾਲਾ ਹੈ। ਜੋ ਗੁਰੂ ਵਾਲਾ ਹੈ ਉਹ ਗੁਰੂ ਦੇ ਪਿੱਛੇ ਲਗਦਾ ਹੈ। ਗੁਰੂ ਦੇ ਪਿੱਛੇ ਲੱਗਣ ਵਾਲੇ ਇਸ ਸ਼ਰਤ ਤੇ ਨਹੀਂ ਹੁੰਦੇ ਕਿ ਆਹ ਗੁਰੂ ਦੀ ਗੱਲ ਮੰਨਣੀ ਹੈ, ਆਹ ਨਹੀਂ ਮੰਨਣੀ। ਜੇ ਫੇਰ ਮਨ ਦੀ ਬਾਤ ਮੰਨਣੀ ਹੈ ਤਾਂ ਉਹ ਵੀ ਮਨਮੁਖਾਂ ਵਿਚ ਆ ਜਾਂਦਾ ਹੈ। ਮਹਾਰਾਜ ਜੀ ਕਹਿੰਦੇ ਉਹ ਦੁਖੀ ਹੋਇਆ ਕਰਦਾ ਹੈ –

*ਮਨਮੁਖੁ ਦੁਖ ਕਾ ਖੇਤੁ ਹੈ ਦੁਖੁ ਬੀਜੇ ਦੁਖੁ ਖਾਇ॥*
*ਦੁਖ ਵਿਚਿ ਜੰਮੈ ਦੁਖਿ ਮਰੈ ਹਉਮੈ ਕਰਤ ਵਿਹਾਇ॥*
*ਪੰਨਾ - 947*

*ਮਨਮੁਖਿ ਆਵੈ ਮਨਮੁਖਿ ਜਾਵੈ॥*
*ਮਨਮੁਖਿ ਫਿਰਿ ਫਿਰਿ ਚੋਟਾ ਖਾਵੈ॥*
*ਜਿਤਨੇ ਨਰਕ ਸੇ ਮਨਮੁਖਿ ਭੋਗੈ*
*ਗੁਰਮੁਖਿ ਲੇਪੁ ਨ ਮਾਸਾ ਹੇ॥* *ਪੰਨਾ - 1073*

ਸਾਰੇ ਨਰਕ ਮਨਮੁਖ ਵਾਸਤੇ ਨੇ –

*ਮਨਮੁਖਾ ਨੋ ਫਿਰਿ ਜਨਮੁ ਹੈ ਨਾਨਕ ਹਰਿ ਭਾਏ॥*
*ਪੰਨਾ - 450*

ਮਹਾਰਾਜ ਜੀ ਕਹਿੰਦੇ ਜਿਹੜਾ ਮਨਮੁਖ ਹੈ –

*ਮਨਮੁਖ ਮਰਹਿ ਮਰਿ ਮਰਣੁ ਵਿਗਾੜਹਿ॥*
*ਦੂਜੈ ਭਾਇ ਆਤਮ ਸੰਘਾਰਹਿ॥* *ਪੰਨਾ - 362*

ਆਤਮਾ ਦਾ ਘਾਤ ਕਰਨ ਵਾਲਾ ਮਨਮੁਖ ਪੁਰਸ਼ ਹੈ –

*ਮੇਰਾ ਮੇਰਾ ਕਰਿ ਕਰਿ ਵਿਗੂਤਾ॥*
*ਆਤਮੁ ਨ ਚੀਨੈ ਭਰਮੈ ਵਿਚਿ ਸੂਤਾ॥* *ਪੰਨਾ - 362*

ਆਤਮਾ ਦੀ ਸੋਝੀ ਨਹੀਂ ਹੋ ਸਕਦੀ ਮਨਮੁਖ ਨੂੰ। ਸੋ ਉਸ ਦੀ ਕੋਈ ਗਤੀ ਨਹੀਂ ਹੋਇਆ ਕਰਦੀ, ਉਸ ਦੀ ਗਤੀ ਬਹੁਤ ਮਾੜੀ ਹੁੰਦੀ ਹੈ –

*ਨਿਗੁਰੇ ਕਉ ਗਤਿ ਕਾਈ ਨਾਹੀ॥*
*ਅਵਗਣਿ ਮੁਠੇ ਚੋਟਾ ਖਾਹੀ॥* *ਪੰਨਾ - 362*

ਨਿਗੁਰੇ ਦੀ ਗਤੀ ਨਹੀਂ ਹੁੰਦੀ। ਜੇ ਹੁੰਦੀ ਹੈ ਤਾਂ ਏਸ ਤਰ੍ਹਾਂ ਫੁਰਮਾਨ ਹੈ –

*ਭਾਵ ਅਰਥ - ਕਾਵਾਂ, ਕੁੱਤਿਆਂ, ਗਧਿਆਂ ਦੀ ਜੂਨੀ ਪੈਣਗੇ,*
*ਜਿਨ੍ਹਾਂ ਨੇ ਗੁਰੂ ਨਹੀਓਂ ਧਾਰਿਆ।*

*ਗੁਰ ਮੰਤ੍ਰ ਹੀਣਸ੍ਹ ਜੋ ਪ੍ਰਾਣੀ ..............॥*

*ਪੰਨਾ - 1357*

ਗੁਰੂ ਉਸ ਵੇਲੇ ਧਾਰਨ ਹੁੰਦਾ ਹੈ ਜਦੋਂ ਗੁਰੂ ਗੁਰਮੰਤਰ ਦਿੰਦਾ ਹੈ। ਕਹਿੰਦੇ ਜਿਸ ਨੇ ਗੁਰੂ ਤੋਂ ਮੰਤਰ ਨਹੀਂ ਲਿਆ–

*.............. ਧ੍ਰਿਗੰਤ ਜਨਮ ਭ੍ਰਸਟਣਹ॥ਪੰਨਾ - 1357*

ਧ੍ਰਿਕਾਰ, ਸੌ ਵਾਰੀ ਫਿੱਟੇ ਮੂੰਹ ਉਸ ਦੇ ਜਨਮ ਨੂੰ ਕਹੋ ਤੇ ਭ੍ਰਿਸ਼ਟਿਆ ਹੋਇਆ ਜਨਮ ਹੈ –

*ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ॥*
*ਪੰਨਾ - 1357*

ਕਹਿੰਦੇ, ਕੁੱਤੇ, ਬਿੱਲੇ, ਸੂਰ, ਸੱਪ ਤੇ ਗਧੇ ਨਾਲ ਉਸ ਦੀ ਤੁਲਨਾ ਹੈ। ਉਹ ਮਹਾਂਮੂਰਖ ਬੰਦਾ ਹੈ ਜਿਸ ਨੇ ਮਨਮੁਖ ਜਨਮ ਧਾਰਨ ਕਰਨ ਤੋਂ ਬਾਅਦ ਫੇਰ ਗੁਰੂ ਧਾਰਨ ਨਹੀਂ ਕੀਤਾ ਕਿਉਂਕਿ ਗੁਰੂ ਧਾਰੇ ਤੋਂ ਬਗੈਰ ਪ੍ਰਾਪਤੀ ਨਹੀਂ ਹੋਇਆ ਕਰਦੀ। ਸੋ ਮਹਾਰਾਜ ਜੀ ਕਹਿੰਦੇ ਨੇ ਕਿ –

*ਨਿਗੁਰੇ ਕਉ ਗਤਿ ਕਾਈ ਨਾਹੀ॥* *ਪੰਨਾ - 362*

ਕੋਈ ਗਤੀ ਨਹੀਂ ਨਿਗੁਰੇ ਦੀ –

*ਅਵਗਣਿ ਮੁਠੇ ਚੋਟਾ ਖਾਹੀ॥* *ਪੰਨਾ - 362*

ਉਹ ਚੋਟਾਂ ਖਾਂਦਾ ਹੈ ਕਦੇ ਕੁੱਤਾ ਬਣ ਗਿਆ, ਕਦੇ ਬਿੱਲਾ ਬਣ ਗਿਆ, ਕਦੇ ਸੱਪ ਬਣ ਗਿਆ। ਚੋਟਾਂ ਖਾਂਦਾ ਹੈ ਕਿਉਂਕਿ ਉਸ ਨੇ ਮਰਨਾ ਹੈ ਜੰਮਣਾ ਹੈ। ਗੁਰੂ ਦਾ ਸ਼ਬਦ ਉਸ ਨੂੰ ਪ੍ਰਾਪਤ ਨਹੀਂ ਹੋਇਆ। ਗੁਰੂ ਦਾ ਸ਼ਬਦ ਜਦੋਂ ਤੱਕ ਪ੍ਰਾਪਤ ਨਹੀਂ ਹੁੰਦਾ ਉਦੋਂ ਤੱਕ ਸ਼ਾਂਤੀ ਨਹੀਂ ਆਇਆ ਕਰਦੀ।

*ਗੁਰ ਕੈ ਸਬਦਿ ਸੁਖੁ ਸਾਂਤਿ ਸਰੀਰ॥*
*ਗੁਰਮੁਖਿ ਤਾ ਕਉ ਲਗੈ ਨ ਪੀਰ॥* *ਪੰਨਾ - 361*

ਜਿਸ ਨੇ ਗੁਰੂ ਧਾਰਨ ਕੀਤਾ ਹੈ ਉਸ ਨੂੰ ਕੋਈ ਪੀੜ ਨਹੀਂ ਲਗਦੀ –

*ਜਮਕਾਲੁ ਤਿਸੁ ਨੇੜਿ ਨ ਆਵੈ॥*
*ਨਾਨਕ ਗੁਰਮੁਖਿ ਸਾਚਿ ਸਮਾਵੈ॥* *ਪੰਨਾ - 361*

ਜਮ ਉਸ ਦੇ ਨੇੜੇ ਤੱਕ ਨਹੀਂ ਆਉਂਦੇ।

ਬਾਬਾ ਸਾਹਿਬ ਸਿੰਘ ਜੀ ਊਨੇ ਵਾਲੇ, ਗੁਰੂ ਨਾਨਕ ਪਾਤਿਸ਼ਾਹ ਤੋਂ ਬਾਰ੍ਹਵੀਂ ਥਾਂ ਤੇ ਸਨ ਆਪ, ਪੂਰੀਆਂ ਸ਼ਕਤੀਆਂ ਦੇ ਮਾਲਕ, ਪੂਰਨ ਮਹਾਤਮਾ ਸਨ ਆਪ। ਆਪ ਦੀ ਸੰਗਤ ਦੇ ਅੰਦਰ ਇਕ ਭਾਗ ਸਿੰਘ ਲਾਂਗਰੀ 'ਗੁਰੂ ਕੇ ਲੰਗਰ' ਦੀ ਸੇਵਾ ਕਰਿਆ ਕਰਦਾ ਸੀ। ਹਜ਼ਾਰਾਂ ਬੰਦੇ ਪ੍ਰਸ਼ਾਦਾ ਛੱਕਣ ਵਾਲੇ ਬਾਬਾ ਜੀ ਦੇ ਲੰਗਰ ਵਿਚ ਹਰ ਰੋਜ਼ ਆਉਂਦੇ ਸਨ ਤੇ ਸਾਰਿਆਂ ਨੂੰ ਪੂਰੀ ਤਸੱਲੀ ਦੇ ਨਾਲ ਪ੍ਰਸ਼ਾਦਾ ਛਕਾਇਆ ਜਾਂਦਾ ਸੀ। ਬਾਬਾ ਜੀ ਬਹੁਤ ਖੁਸ਼ ਸਨ ਉਸ ਤੇ। ਉਸ ਦੀ ਮਾਤਾ ਵੀ ਆ ਕੇ ਸੇਵਾ ਕਰਿਆ ਕਰਦੀ ਸੀ।

ਇਕ ਦਿਨ ਦੀ ਗੱਲ ਹੈ ਬਾਬਾ ਜੀ ਬੈਠੇ ਨੇ ਤੇ ਇਕ ਗੁਰਸਿਖ ਨੇ ਆ ਕੇ ਕਿਹਾ ਕਿ ਬਾਬਾ ਜੀ! ਅੱਜ ਭਾਗ ਸਿੰਘ ਜੀ ਦੀ ਮਾਤਾ ਜੀ ਚੜ੍ਹਾਈ ਕਰ ਗਈ ਤੇ ਭਾਗ ਸਿੰਘ ਨੂੰ ਆਪ ਛੁੱਟੀ ਦੇ ਦਿਓ ਤਾਂ ਕਿ ਆਪਣੀ ਮਾਤਾ ਦਾ ਸੰਸਕਾਰ ਕਰ ਦੇਵੇ। ਬਾਬਾ ਜੀ ਅੰਤਰ ਧਿਆਨ ਹੋ ਗਏ ਤੇ ਕਹਿਣ ਲੱਗੇ ਸੰਸਕਾਰ ਨਾ ਕਰਿਓ ਉਸ ਦਾ, ਉਸ ਨੇ

ਵਾਪਸ ਆ ਜਾਣਾ ਹੈ। ਕਾਫੀ ਸਮਾਂ ਹੋ ਗਿਆ ਮਰੀ ਨੂੰ, ਇਸ਼ਨਾਨ ਆਦਿ ਕਰਾ ਦਿੱਤਾ, ਅਰਥੀ ਤੇ ਪਾ ਕੇ ਰੱਖ ਦਿੱਤਾ ਕਿ ਬਾਬਾ ਜੀ ਤੋਂ ਹੁਕਮ ਮੰਗਾਗੇ। ਜੇ ਵਾਪਸ ਨਾ ਆਈ ਤਾਂ ਸੰਸਕਾਰ ਤਾਂ ਕਰਨਾ ਹੀ ਕਰਨਾ ਹੈ। ਕਈ ਘੰਟੇ ਗੁਜਰੇ ਤਾਂ ਮਾਤਾ ਦੇ ਸੁਆਸ ਵਾਪਸ ਪੈ ਗਏ, ਪ੍ਰਾਣ ਚੱਲ ਪਏ, ਹਿਲਜੁਲ ਹੋਈ, ਉਠ ਕੇ ਬੈਠ ਗਈ। ਧੰਨ ਗੁਰੂ ਨਾਨਕ! ਧੰਨ ਗੁਰੂ ਨਾਨਕ!! ਇਕੋ ਹੀ ਆਵਾਜ਼ ਆਈ। ਮਾਤਾ ਕਹਿਣ ਲੱਗੀ ਕਿ ਮੈਨੂੰ ਬਾਬਾ ਜੀ ਕੋਲ ਲੈ ਚਲੋ। ਬਹੁਤ ਸੰਗਤ ਇਕੱਠੀ ਹੋ ਗਈ। ਬਾਬਾ ਜੀ ਦੀ ਹਜ਼ੂਰੀ ਵਿਚ ਪਹੁੰਚੇ। ਨਮਸ਼ਕਾਰ ਕੀਤੀ ਮਾਤਾ ਨੇ।

ਬਾਬਾ ਜੀ ਕਹਿਣ ਲੱਗੇ, "ਮਾਤਾ! ਵਾਪਸ ਆ ਗਈ ਤੂੰ?"

ਕਹਿੰਦੀ, "ਹਾਂ ਮਹਾਰਾਜ!"

ਬਾਬਾ ਜੀ ਕਹਿੰਦੇ, "ਕਿਵੇਂ ਬੀਤਿਆ ਤੇਰੇ ਨਾਲ, ਸੰਗਤ ਨੂੰ ਸੁਣਾ।"

ਕਹਿਣ ਲੱਗੀ, "ਮਹਾਰਾਜ! ਮੈਨੂੰ ਲੈਣ ਕੋਈ ਦੂਤ ਆਇਆ।"

ਕਿਉਂਕਿ ਇਕ ਜਮਦੂਤ ਹੁੰਦੇ ਨੇ, ਇੱਕ ਦੂਤ ਹੁੰਦੇ ਨੇ। ਦੂਤ guide (ਰਾਹਬਰ, ਪਥ-ਪ੍ਰਦਰਸ਼ਕ) ਨੂੰ ਕਹਿੰਦੇ ਨੇ। ਚੰਗੇ ਬੰਦਿਆਂ ਵਾਸਤੇ ਦੂਤ ਆਇਆ ਕਰਦੇ ਨੇ, ਮਾੜਿਆਂ ਵਾਸਤੇ ਜਮਦੂਤ ਆਉਂਦੇ ਨੇ। ਉਨ੍ਹਾਂ ਦਾ ਕੰਮ ਹੁੰਦਾ ਹੈ ਮਾਰਦੇ-ਕੁਟਦੇ ਲੈ ਜਾਣਾ -

*ਬਾਰਿ ਵਿਡਾਨੜੈ ਹੁੰਮਸ ਧੁੰਮਸ ਕੂਕਾ ਪਈਆ ਰਾਹੀ॥*
*ਪੰਨਾ - 520*

ਕੂਕਾਂ ਮਾਰਦੇ ਜਾਂਦੇ ਨੇ -

*ਓਥੈ ਹਥੁ ਨ ਅਪੜੈ ਕੂਕ ਨ ਸੁਣੀਐ ਪੁਕਾਰ॥*
*ਓਥੈ ਸਤਿਗੁਰੁ ਬੇਲੀ ਹੋਵੈ ਕਢਿ ਲਏ ਅੰਤੀ ਵਾਰ॥*
*ਪੰਨਾ - 1281*

ਕਹਿੰਦੀ, "ਮਹਾਰਾਜ! ਮੈਨੂੰ ਕਿਹਾ ਤਾਂ ਕੁਝ ਨਹੀਂ ਤੇ ਮੈਨੂੰ ਝਟਪਟ ਹੀ ਲੈ ਗਏ ਤੇ ਜਦੋਂ ਮੈਨੂੰ ਧਰਮਰਾਜ ਦੇ ਪੇਸ਼ ਕਰਿਆ ਤਾਂ ਓਸ ਵੇਲੇ ਮੇਰੇ ਕਾਗਜ਼ ਟੋਲਣੇ ਸ਼ੁਰੂ ਕਰ ਦਿੱਤੇ, ਮੇਰਾ ਨਾਂ ਨਾ ਨਿਕਲਿਆ ਉਥੇ। ਧਰਮਰਾਜ ਕਹਿਣ ਲੱਗਿਆ ਕਿ ਤੁਸੀਂ ਬੜੀ ਭਾਰੀ ਭੁੱਲ ਕਰੀ ਇਹ ਤਾਂ ਮੇਰੇ ਰਜਿਸਟਰਾਂ ਵਿਚ ਲਿਖੀ ਹੀ ਨਹੀਂ ਹੈ।

ਧਰਮਰਾਜ ਕੋਲ ਕਿਹਨਾਂ ਦਾ ਨਾਂ ਹੁੰਦਾ ਹੈ - ਮਹਾਰਾਜ ਜੀ ਫੁਰਮਾਨ ਕਰਦੇ ਨੇ ਕਿ ਇਕ ਤਾਂ ਗੁਰੂਆਂ ਕੋਲ ਹੋਇਆ ਕਰਦਾ ਹੈ ਨਾ ਦਰਗਾਹ ਵਿਚ, ਇਕ ਹੋਇਆ ਕਰਦਾ ਹੈ ਧਰਮਰਾਜ ਕੋਲ। ਧਰਮਰਾਜ ਵੀ ਅਕਾਲ ਪੁਰਖ ਦਾ ਬਿਠਾਇਆ ਹੋਇਆ ਹੈ -

*ਧਰਮ ਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ॥*
*ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ॥*
*ਪੰਨਾ - 38*

ਜਿਨ੍ਹਾਂ ਨੇ ਗੁਰੂ ਨਹੀਂ ਧਾਰਿਆ, ਦ੍ਵੈਤ ਵਿਚ ਜ਼ਿੰਦਗੀ ਗੁਆ ਦਿੱਤੀ, ਧੋਖੇ ਦਿੱਤੇ, ਚੁਗਲੀਆਂ ਕੀਤੀਆਂ, ਨਿੰਦਿਆ ਕੀਤੀ ਉਹ ਸਭ ਧਰਮਰਾਜ ਦੇ ਪਟੇ ਤੇ ਨੇ।

ਜਦੋਂ ਅਸੀਂ ਯੂ.ਪੀ. (ਉੱਤਰ ਪ੍ਰਦੇਸ਼) ਵਿਚ ਜਾ ਕੇ ਜ਼ਮੀਨਾਂ ਲਈਆਂ ਉਥੇ ਪਟੇ ਕਰਦੇ ਸਨ, ਰਜਿਸਟਰੀ ਨਹੀਂ ਸੀ ਹੁੰਦੀ। ਇਸੇ ਤਰ੍ਹਾਂ ਸਾਡੇ ਪਟੇ ਹੋਏ ਹੋਏ ਨੇ ਜਿਹੜੇ ਗੁਰੂ ਵਾਲੇ ਨੇ, ਗੁਰੂ ਘਰ ਵਿਚ ਉਨ੍ਹਾਂ ਦਾ ਜਨਮ ਹੋਇਆ ਹੋਇਆ ਹੈ। ਉਨ੍ਹਾਂ ਨੇ ਨਹੀਂ ਧਰਮਰਾਜ ਦੇ ਜਾਣਾ। ਜਿੰਨੇ ਨਿਗੁਰੇ ਨੇ, ਮਨਮੁਖ ਨੇ, ਬੇਮੁਖ ਨੇ ਇਹ ਸਾਰੇ ਧਰਮਰਾਜ ਦੇ ਜਾਣਗੇ।

ਸੋ ਮਾਤਾ ਕਹਿਣ ਲੱਗੀ, "ਕਿ ਬਾਬਾ ਜੀ! ਉਥੇ ਮੇਰਾ ਨਾਂ ਨਾ ਨਿਕਲਿਆ। ਧਰਮਰਾਜ ਕਹਿੰਦਾ ਤੁਸੀਂ ਇਸ ਬੀਬੀ ਨੂੰ ਮੇਰੇ ਕੋਲ ਕਿਉਂ ਲਿਆਏ ਹੋ। ਮੈਂ ਕਿਵੇਂ ਜਵਾਬ ਦੇਵਾਂਗਾ। ਇਹ ਤਾਂ ਗੁਰੂ ਨਾਨਕ ਪਾਤਿਸ਼ਾਹ ਦੀ ਦਰਗਾਹ ਵਿਚ ਜਾਣੀ ਸੀ।"

ਜੇ ਕਿਤੇ ਭੁੱਲ ਭੁਲੇਖੇ ਗੁਰੂ ਵਾਲਾ ਚਲਿਆ ਵੀ ਜਾਵੇ ਤਾਂ ਮਹਾਰਾਜ ਜੀ ਕਹਿੰਦੇ ਕਿ ਧਰਮਰਾਜਾ ਆਪਣੇ ਧੰਨ ਭਾਗ ਸਮਝ ਕੇ ਜੀ ਆਇਆ ਕਹਿੰਦਾ ਹੈ ਤੇ ਨਾਲ ਜਿੰਨੀ ਹੋ ਸਕੇ ਸੇਵਾ ਕਰਦਾ ਹੈ, ਏਸ ਤਰ੍ਹਾਂ ਫੁਰਮਾਨ ਕਰਦੇ ਨੇ -

*ਭਾਵ ਅਰਥ - ਧਰਮਰਾਜਾ ਵੀ ਕਰੇਗਾ ਸੇਵਾ,*
*ਸਾਧੂਆਂ ਦੇ ਸੰਗੀਆਂ ਦੀ।*

*ਸਾਧਸੰਗਿ ਧਰਮ ਰਾਇ ਕਰੇ ਸੇਵਾ॥*
*ਸਾਧ ਕੈ ਸੰਗਿ ਸੋਭਾ ਸੁਰਦੇਵਾ॥* *ਪੰਨਾ - 271*

ਸੰਗਤ ਵਿਚ ਆਉਣ ਵਾਲੇ ਪੁਰਸ਼, ਮਨੋ ਤਨੋ ਗੁਰੂ ਦੇ ਹੁਕਮ ਨੂੰ ਮੰਨਣ ਵਾਲੇ ਜੇ ਦਰਗਾਹ ਵਿਚ ਚਲੇ ਜਾਣ ਤਾਂ ਸੇਵਾ ਕਰਦਾ ਹੈ ਧਰਮਰਾਜਾ।

*ਰੇ ਰੇ ਦਰਗਹ ਕਹੈ ਨ ਕੋਊ॥*
*ਆਉ ਬੈਠੁ ਆਦਰੁ ਸੁਭ ਦੇਊ॥* *ਪੰਨਾ - 252*

ਸੋ ਕਹਿਣ ਲੱਗੀ, "ਮਹਾਰਾਜ! ਇਸ ਤਰ੍ਹਾਂ ਮੇਰਾ ਉਨ੍ਹਾਂ ਨੇ ਬੜਾ ਆਦਰ ਸਤਿਕਾਰ ਕਰਿਆ ਤੇ ਉਸ ਤੋਂ ਬਾਅਦ ਕਹਿਣ ਲੱਗੇ ਇਸ ਨੂੰ ਵਾਪਸ ਕਰ ਦਿਓ ਜਲਦੀ। ਮੈਂ ਕਿਹਾ ਕਿ ਹੁਣ ਆਈ ਤਾਂ ਹਾਂ ਮੈਨੂੰ ਉਹ ਵੀ ਦਰਗਾਹ ਦਿਖਾ ਦਿਓ ਜਿਥੇ ਮੇਰਾ ਨਾਂ ਲਿਖਿਆ ਹੈ।

*'ਚਲਦਾ'*

# ਚੜ੍ਹਦੀ ਕਲਾ

***ਰਘਬੀਰ ਸਿੰਘ 'ਬੀਰ'***

**ਨੋਟ**-ਸ. ਰਘਬੀਰ ਸਿੰਘ 'ਬੀਰ' ਇਕ ਮਹਾਨ ਰਹੱਸਵਾਦੀ ਗੁਰਮਤਿ ਨਾਮ-ਅਭਿਆਸੀ ਅਤੇ ਗੁਰਬਾਣੀ ਗਿਆਤਾ ਗੁਰਮੁਖ ਗੁਰਸਿੱਖ ਅਨੁਭਵੀ ਮਹਾਂਪੁਰਸ਼ ਹੋਏ ਹਨ। ਰਜੋ ਤਮੋ ਸਤੋ ਤੋਂ ਉਪਰ ਉਠ ਕੇ ਆਪ ਜੀ ਅਕਸਰ ਤੁਰੀਆ ਦੇ ਵਿਗਾਸਮਈ ਅਨੰਦ ਵਿਚ ਵਿਚਰਦੇ। ਗੁਰੂ ਮਹਾਰਾਜ ਦੀਆਂ ਮਿਹਰਾਂ ਮਾਣਦੇ ਨਿਮਰਤਾ ਵਿਚ ਰਹਿੰਦੇ। "ਆਪ ਜਪਹਿ ਅਵਰਹ ਨਾਮ ਜਪਾਵੈ" ਦੇ ਆਦੇਸ਼ਾਂ ਅਨੁਸਾਰ ਆਪ ਜੀ ਆਪਣੇ ਅਨੁਭਵ ਸੰਗਤਾਂ ਨਾਲ ਸਾਂਝੇ ਕਰਦੇ ਰਹਿੰਦੇ ਅਤੇ ਗੁਰਮਤਿ ਅਨੁਸਾਰ ਨਾਮ ਜਪਣ ਦੀ ਵਿਧੀ ਅਤੇ ਸੰਜਮ ਦਸਦੇ ਰਹਿੰਦੇ। ਆਪ ਜੀ ਨੇ 'ਆਤਮ-ਸਾਇੰਸ' ਲਹਿਰ ਚਲਾਈ ਜਿਸਨੂੰ ਭਰਵਾਂ ਹੁੰਗਾਰਾ ਮਿਲਿਆ। ਆਪ ਜੀ ਨੇ ਆਤਮ-ਸਾਇੰਸ ਰਸਾਲਾ ਕੱਢਿਆ ਜੋ ਅੱਜਕਲ੍ਹ ਮੁਹਾਲੀ 1936 ਫੇਜ਼ 10 ਤੋਂ ਪ੍ਰਕਾਸ਼ਿਤ ਹੋ ਰਿਹਾ ਹੈ। ਪਰਉਪਕਾਰੀ ਭਾਵਨਾ ਅਧੀਨ ਆਪ ਜੀ ਨੇ ਵਿਚ ਡਿਗਸ਼ਈ ਪਬਲਿਕ ਸ਼ਕੂਲ ਡਿਗਸ਼ਈ ਸੋਲਨ (ਹਿਮਾਚਲ) ਦੀ ਨੀਂਹ ਰੱਖੀ ਤਾਕਿ ਸਿੱਖ ਬੱਚੇ ਬੱਚੀਆਂ ਉਚੇਰੀ ਵਿਦਿਆ ਦੇ ਨਾਲ ਨਾਲ ਗੁਰਸਿੱਖੀ ਵਿਚ ਵੀ ਪਰਪੱਕ ਰਹਿਣ। ਇਹ ਰੈਜ਼ੀਡੈਂਸ਼ਲ ਸਕੂਲ ਬਹੁਤ ਚੜ੍ਹਦੀ ਕਲਾ ਵਿਚ ਚਲ ਰਿਹਾ ਹੈ। ਆਪ ਜੀ ਨੇ ਗੁਰਮਤਿ ਗਿਆਨ ਅਧਿਆਤਮਕ ਅਨੁਭਵ ਅਤੇ ਨਾਮ-ਸਿਮਰਨ ਸਬੰਧੀ ਦਰਜਨ ਤੋਂ ਵੱਧ ਪੁਸਤਕਾਂ ਲਿਖੀਆਂ ਜਿਨ੍ਹਾਂ ਵਿਚੋਂ ਪ੍ਰਮੁਖ ਇਹ ਹਨ - ਬੰਦਗੀਨਾਮਾ, ਅਰਦਾਸ ਸ਼ਕਤੀ, ਗੁਰਮਤਿ ਚਾਨਣ, ਸਿਮਰਨ ਮਹਿਮਾ, ਚੜ੍ਹਦੀ ਕਲਾ ਆਦਿ।

ਅਸੀਂ ਆਤਮ-ਸਾਇੰਸ ਟਰੱਸਟ ਦੇ ਧੰਨਵਾਦੀ ਹਾਂ ਜੋ ਉਨ੍ਹਾਂ ਨੇ ਚੜ੍ਹਦੀ ਕਲਾ ਨੂੰ ਲੇਖ-ਲੜੀ ਵਿਚ ਪ੍ਰਕਾਸ਼ਿਤ ਕਰਨ ਦੀ ਆਗਿਆ ਬਖਸ਼ੀ ਹੈ। ਇਹ ਪੁਸਤਕਾਂ ਆਤਮ-ਸਾਇੰਸ ਟਰੱਸਟ, ਏ-1 ਕਾਲਿੰਦੀ ਕਲੌਨੀ ਨਵੀਂ ਦਿੱਲੀ ਤੋਂ ਉਪਲਬਧ ਹਨ।

***ਡਾ. ਜਗਜੀਤ ਸਿੰਘ***
***ਮੁਖ-ਸੰਪਾਦਕ***

## ਚੜ੍ਹਦੀ ਕਲਾ

ਦੁਨੀਆਂ ਵਿਚ ਐਸਾ ਕਿਹੜਾ ਹੋਵੇਗਾ, ਜੋ ਜ਼ਿੰਦਗੀ ਵਿਚ ਕਾਮਯਾਬ ਨਾ ਹੋਣਾ ਚਾਹੁੰਦਾ ਹੋਵੇ। ਗਰੀਬਾਂ ਤੋਂ ਲੈ ਕੇ ਸ਼ਾਹਾਂ ਪਾਤਸ਼ਾਹਾਂ ਤੱਕ ਹਰ ਇਕ ਇਨਸਾਨ ਦੀਆਂ ਕੋਸ਼ਿਸ਼ਾਂ ਦਾ ਮਨੋਰਥ ਕਾਮਯਾਬੀ ਹੈ। ਪਰ ਕਾਮਯਾਬ ਹੋਣ ਵਾਸਤੇ ਜਿਨ੍ਹਾਂ ਸਿਫਤਾਂ ਦਾ ਇਨਸਾਨ ਵਿਚ ਮੌਜੂਦ ਹੋਣਾ ਜ਼ਰੂਰੀ ਹੈ, ਉਨ੍ਹਾਂ ਸਿਫਤਾਂ ਦਾ ਗਿਆਨ, ਸੌ ਵਿਚੋਂ ਪਚੰਤਰ ਫੀ ਸਦੀ ਆਦਮੀਆਂ ਨੂੰ ਨਹੀਂ ਹੁੰਦਾ। ਹਾਲਾਤ ਜਿਸ ਆਦਮੀ ਦੀ ਮਦਦ ਕਰ ਦੇਣ, ਉਹ ਆਮ ਤੌਰ ਤੇ ਕਾਮਯਾਬ ਹੋ ਜਾਂਦਾ ਹੈ, ਜਿਸ ਦੇ ਹਾਲਾਤ ਮਦਦ ਨਾ ਕਰਨ, ਜਿਸ ਨੂੰ ਕੋਈ ਖ਼ਾਸ ਚਾਂਸ ਨਾ ਮਿਲੇ, ਉਹ ਜ਼ਿੰਦਗੀ ਵਿਚ ਨਾਕਾਮਯਾਬ ਰਹਿੰਦਾ ਹੈ।

ਜ਼ਿੰਦਗੀ ਵਿਚ ਕਾਮਯਾਬੀ ਲਈ ਇਨਸਾਨ ਵਿਚ ਖਾਸ ਗੁਣ ਹੋਣੇ ਚਾਹੀਦੇ ਹਨ। ਇਹ ਗੁਣ ਕੀ ਹੋਣੇ ਚਾਹੀਦੇ ਹਨ? ਇਨ੍ਹਾਂ ਗੁਣਾਂ ਨੂੰ ਕਿਵੇਂ ਪ੍ਰਾਪਤ ਕਰਨਾ ਚਾਹੀਦਾ ਹੈ? ਇਨ੍ਹਾਂ ਗੁਣਾਂ ਦੀ ਕਿਵੇਂ ਵਰਤੋਂ ਕਰਨੀ ਚਾਹੀਦੀ ਹੈ? ਇਨ੍ਹਾਂ ਸਵਾਲਾਂ ਦੇ ਜਵਾਬ ਵਿਚ ਕਾਮਯਾਬੀ ਦਾ ਰਾਜ਼ ਲੁਕਿਆ ਹੋਇਆ ਹੈ। ਆਓ, ਅਸੀਂ ਇਸ ਲੇਖ ਵਿਚ ਇਨ੍ਹਾਂ ਸਵਾਲਾਂ ਦਾ ਜਵਾਬ ਲੱਭਣ ਦੀ ਕੋਸ਼ਿਸ਼ ਕਰੀਏ।

ਕਾਮਯਾਬੀ ਵਾਸਤੇ ਸਭ ਤੋਂ ਜ਼ਰੂਰੀ ਜਾਨਣ ਵਾਲੀ ਚੀਜ਼ ਕਾਮਯਾਬੀ ਦੇ ਚਾਹਵਾਨ ਲਈ ਆਪਣੇ ਆਪ ਸਬੰਧੀ, ਆਪਣੇ ਅੰਦਰ ਲੁਕੀਆਂ ਤਾਕਤਾਂ ਸਬੰਧੀ ਪੂਰੀ ਵਾਕਫੀਅਤ ਹੋਣੀ ਲਾਜ਼ਮੀ ਹੈ, ਕਿਉਂਕਿ ਆਪਣੇ ਅੰਦਰ ਲੁਕੀਆਂ ਤਾਕਤਾਂ ਦੀ ਸਹੀ ਜਾਂ ਗਲਤ ਵਰਤੋਂ ਹੀ ਇਨਸਾਨ ਨੂੰ ਕਾਮਯਾਬ ਜਾਂ ਨਾਕਾਮਯਾਬ ਬਣਾਂਦੀ ਹੈ। ਇਸ ਲਈ ਇਨ੍ਹਾਂ ਦਾ ਜਾਨਣਾ ਜੀਵਨ ਵਿਚ ਅਸਲ ਤੇ ਪੱਕੀ ਕਾਮਯਾਬੀ ਦੀ ਬੁਨਿਆਦ ਹੈ।

ਆਪਣੇ ਆਪ ਸਬੰਧੀ ਇਨਸਾਨ ਨੇ ਜੋ ਖੋਜ ਅੱਜ ਤੀਕਰ ਕੀਤੀ ਹੈ, ਉਸ ਦਾ ਸੰਖੇਪ ਵਰਨਣ ਇਸ ਪ੍ਰਕਾਰ ਹੈ - ਜਿਵੇਂ ਕਿਰਨ ਸੂਰਜ ਤੋਂ ਵੱਖ ਇਕ ਆਪਣੀ ਸ਼ਕਲ ਤੇ ਹਸਤੀ ਰਖਦਿਆਂ ਹੋਇਆਂ ਵੀ, ਸੂਰਜ ਨਾਲ ਧੁਰ ਮਰਕਜ਼ ਵਿਚ ਇਕ ਹੁੰਦੀ ਹੈ, ਉਸੇ ਤਰ੍ਹਾਂ ਆਦਮੀ ਰੱਬ ਤੋਂ ਇਲਾਵਾ ਆਪਣਾ ਅੱਡ ਰੂਪ ਤੇ ਆਕਾਰ ਰਖਦਾ ਹੋਇਆ ਵੀ ਧੁਰ ਮਰਕਜ਼ ਵਿਚ ਰੱਬ ਨਾਲ ਇਕ ਹੈ। ਜਿਵੇਂ ਕਿਰਨ ਵਿਚ, ਸੂਰਜ ਤੋਂ ਉਤਪੰਨ ਹੋਣ ਕਰਕੇ, ਸੂਰਜ ਦੀਆਂ ਸਭ ਸਿਫਤਾਂ ਮੌਜੂਦ ਹੁੰਦੀਆਂ ਹਨ, ਉਵੇਂ ਆਦਮੀ ਵਿਚ ਰੱਬ ਤੋਂ ਉਤਪੰਨ ਹੋਣ ਕਰਕੇ ਰੱਬ ਦੀਆਂ ਸਭ ਸਿਫਤਾਂ ਮੌਜੂਦ ਹਨ।

ਦੂਸਰੇ ਪਾਸੇ ਇਨਸਾਨ ਦੀ 'ਰੱਬ' ਜਾਂ ਆਪਣੇ ਧੁਰ ਕੇਂਦਰ ਸਬੰਧੀ ਖੋਜ ਨੇ ਇਹ ਦੱਸਿਆ ਹੈ ਕਿ ਰੱਬ ਜਾਂ ਵਾਹਿਗੁਰੂ ਕਾਮਯਾਬੀ ਜਾਂ ਫਤਹਿ ਦਾ ਰੂਪ ਹੈ। ਰੱਬ ਦੇ ਸੁਭਾਵ ਵਿਚ ਅਸਫਲ ਹੋਣ ਜਾਂ ਨਾਕਾਮਯਾਬ ਹੋਣ ਦੇ ਅਨਸਰ ਹੀ ਨਹੀਂ। ਰੱਬ ਸਰਬ-ਸ਼ਕਤੀਮਾਨ ਤੇ ਸਰਬ-ਗਿਆਤਾ ਹੋਣ ਕਰਕੇ ਉਸ ਦਾ ਰੂਪ ਹੀ ਮੁਜੱਸਮ ਕਾਮਯਾਬੀ ਹੈ। ਏਥੋਂ ਤੱਕ ਕਿ ਰੱਬ ਨੂੰ ਕਾਮਯਾਬ ਹੋਣ ਵਾਸਤੇ ਕੋਸ਼ਿਸ਼

ਹੀ ਨਹੀਂ ਕਰਨੀ ਪੈਂਦੀ, ਕੁਝ ਸੋਚਣਾ ਹੀ ਨਹੀਂ ਪੈਂਦਾ। ਉਸ ਦੇ ਕੇਵਲ ਹੁਕਮ ਜਾਂ ਇਸ਼ਾਰੇ ਵਿਚ ਸਭ ਕੰਮ ਹੋਣ ਲਗ ਪੈਂਦੇ ਹਨ, ਉਸ ਦੇ ਅੱਖਰ 'ਕੁਨ' ਆਖਣ ਤੋਂ ਹੀ ਜਗਤ ਰਚਿਆ ਜਾਂਦਾ ਹੈ।

***ਉਪਾਵ ਸਿਆਨਪ ਸਗਲ ਤੇ ਰਹਤ॥*** ਪੰਨਾ - 270

***ਸਰਬ ਕਲਾ ਭਰਪੂਰ ਪ੍ਰਭ ਬਿਰਥਾ ਜਾਨਨਹਾਰ॥***
ਪੰਨਾ - 282

***ਏਕ *ਕਵਾਵੈ ਤੇ ਸਭਿ ਹੋਆ॥*** ਪੰਨਾ - 1003

***ਕੀਤਾ ਪਸਾਉ ਏਕੋ *ਕਵਾਉ॥*** ਪੰਨਾ - 3

***ਤੂ ਕਰਣ ਕਾਰਣ ਸਮਰਥੁ ਹੈ***
***ਤੂ ਕਰਹਿ ਸੁ ਥੀਆ॥*** ਪੰਨਾ - 585

ਰੱਬ ਜਾਂ ਵਾਹਿਗੁਰੂ ਤੋਂ ਉਤਪੰਨ ਹੋਣ ਕਰਕੇ, ਆਦਮੀ ਵਿਚ ਸਾਰੀਆਂ ਰੱਬ ਵਾਲੀਆਂ ਸ਼ਕਤੀਆਂ ਮੌਜੂਦ ਹਨ ਅਤੇ ਰੱਬ 'ਕਰਨ ਕਾਰਣ ਸਮਰੱਥ' ਹੋਣ ਕਰਕੇ ਆਦਮੀ ਵੀ ਅਸਲ ਵਿਚ ਪੂਰਨ ਸ਼ਕਤੀਮਾਨ ਤੇ ਕਰਨ ਕਾਰਨ ਸਮਰੱਥ ਹੈ। ਜਿਵੇਂ ਕਿਰਨ ਉਹੋ ਕੁਝ ਕਰ ਸਕਦੀ ਹੈ ਜੋ ਸੂਰਜ, ਉਵੇਂ ਰੱਬ ਨੂੰ ਜਾਂ ਆਪਣੇ ਅਸਲੇ ਨੂੰ ਸਮਝਣ ਵਾਲਾ ਆਦਮੀ ਉਹੋ ਕੁਝ ਕਰ ਸਕਦਾ ਹੈ ਜੋ ਉਸ ਦਾ ਰੱਬ।

***ਸੰਤ ਰਾਮ ਕੈ ਏਕੋ ਕਾਮ।***

ਕਾਮਯਾਬੀ ਵਾਸਤੇ ਚਾਹੇ ਦੁਨਿਆਵੀ ਹੋਵੇ ਚਾਹੇ ਆਤਮਿਕ, ਸਭ ਤੋਂ ਜ਼ਰੂਰੀ ਜਾਨਣ ਵਾਲੀ ਬਾਤ ਹੈ ਇਨਸਾਨ ਅਤੇ ਇਸ ਦੀ ਤਹਿ ਵਿਚ ਏਸ ਦੇ ਸ੍ਵਾਸ ਸ੍ਵਾਸ ਨਾਲ ਰਹਿਣ ਵਾਲੀ ਅਕਾਲ ਸ਼ਕਤੀ ਦਾ ਆਪਸ ਵਿਚ ਰਿਸ਼ਤਾ। ਇਸ ਰਿਸ਼ਤੇ ਨੂੰ ਜਾਨਣ ਵਾਲਾ ਆਦਮੀ ਖੁਦ ਸ਼ਕਤੀ ਰੂਪ ਹੋ ਜਾਂਦਾ ਹੈ। ਉਸ ਦੀ ਜ਼ਹਿਨੀਅਤ (Consciousness) ਵਿਚ ਉਚਤਾ ਤੇ ਵਡਿਆਈ ਆ ਜਾਂਦੀ ਹੈ।

ਜਿਸ ਆਦਮੀ ਦੇ ਦਿਲ ਤੇ ਦਿਮਾਗ ਵਿਚ ਈਸ਼ਵਰ ਦੀ ਅੰਸ ਹੋਣ ਦਾ ਯਕੀਨ ਸਮਾ ਜਾਵੇ, ਉਸ ਦੀ ਦ੍ਰਿਸ਼ਟੀ ਸ਼ਕਤੀਵਾਨ ਹੋ ਜਾਂਦੀ ਹੈ। ਉਸ ਦੇ ਦਿਲ ਤੇ ਦਿਮਾਗ ਵਿਚ ਕਾਮਯਾਬੀ, ਸਫਲਤਾ ਤੇ ਫਤਹਿ ਵਸਣ ਲਗ ਜਾਂਦੀਆਂ ਹਨ। ਜਿਸ ਆਦਮੀ ਦੇ ਖਿਆਲਾਂ ਵਿਚ ਕਾਮਯਾਬੀ ਵਸੇ, ਉਸ ਆਦਮੀ ਦੇ ਜੀਵਨ ਵਿਚ, ਆਲੇ-ਦੁਆਲੇ ਵਿਚ, ਉਸ ਦੇ ਕਾਰ-ਵਿਹਾਰ ਵਿਚ, ਸਭ ਪਾਸੇ ਕਾਮਯਾਬੀ ਹੀ ਕਾਮਯਾਬੀ ਨਜ਼ਰ ਆਉਣ ਲਗ ਜਾਂਦੀ ਹੈ। ਏਥੇ ਇਹ ਗੱਲ ਬੜੀ ਅੱਛੀ ਤਰ੍ਹਾਂ ਨੋਟ ਕਰ ਲੈਣੀ ਚਾਹੀਦੀ ਹੈ ਕਿ ਕਾਮਯਾਬੀ ਪਹਿਲੇ ਆਦਮੀ ਦੇ ਦਿਲ ਤੇ ਦਿਮਾਗ ਵਿਚ ਆ ਕੇ ਜ਼ਾਹਿਰ ਹੁੰਦੀ ਹੈ, ਇਸ ਲਈ ਕਾਮਯਾਬੀ ਦੇ ਮੁਤਲਾਸ਼ੀ ਲਈ ਹਮੇਸ਼ਾ ਚੜ੍ਹਦੀ ਕਲਾ ਵਿਚ ਰਹਿਣਾ, ਆਸਵੰਦ ਰਹਿਣਾ, ਕਾਮਯਾਬੀ ਨੂੰ ਆਪਣੇ ਖਿਆਲਾਂ ਦਾ ਅੰਗ ਬਨਾਣਾ, ਇਹ ਸ਼ੱਕ ਕਦੀ ਨਾ ਕਰਨਾ ਕਿ ਮੈਂ ਕਾਮਯਾਬ ਹੋਵਾਂਗਾ ਜਾਂ ਨਹੀਂ, ਕਾਮਯਾਬੀ ਵਾਸਤੇ ਅਤਿ ਲੋੜੀਂਦੀਆਂ ਸ਼ਰਤਾਂ ਹਨ।

ਜਿਸ ਆਦਮੀ ਨੂੰ ਆਪਣੇ ਅੰਦਰ ਲੁਕੀਆਂ ਅਥਾਹ ਰੱਬੀ ਤਾਕਤਾਂ ਦਾ ਇਲਮ ਹੋ ਜਾਵੇ ਅਤੇ ਜਿਸ ਦੇ ਅੰਤਸ਼ਕਰਣ ਵਿਚ ਕਾਮਯਾਬੀ ਵਸਣ ਲਗ ਜਾਵੇ, ਉਸ ਆਦਮੀ ਨੂੰ ਫੇਰ ਕਾਮਯਾਬੀ ਹਾਸਲ ਕਰਨ ਵਾਸਤੇ ਹਾਲਾਤ ਦੀ, ਮੌਕਿਆਂ ਦੀ, ਸਹਾਇਤਾ ਦੀ ਲੋੜ ਨਹੀਂ ਰਹਿੰਦੀ। ਉਹ ਇਸ ਪਾਸੇ ਆਪਣੀ ਉਤਸ਼ਾਹੀ ਨਜ਼ਰ ਨਾਲ ਦੇਖੇ, ਉਸ ਨੂੰ ਉਸੇ ਕਾਮਯਾਬੀ ਦੇ ਮੌਕੇ ਨਜ਼ਰ ਆਉਂਦੇ ਹਨ। ਜਿਥੇ ਆਮ ਲੋਕਾਂ ਨੂੰ ਨਿਰਾਸਤਾ ਤੇ ਨਾਕਾਮਯਾਬੀ ਦਿਸੇ, ਉਥੇ ਉਸ ਨੂੰ ਆਸ ਤੇ ਕਾਮਯਾਬੀ ਦਿਸਦੀ ਹੈ। ਉਹ ਹਾਲਾਤ ਨੂੰ ਅਤੇ ਮੌਕਿਆਂ ਨੂੰ ਆਪਣੀ ਜ਼ਰੂਰਤ ਅਨੁਸਾਰ ਖੁਦ ਪੈਦਾ ਕਰ ਸਕਦਾ ਹੈ। ਉਸ ਦੀ ਨਜ਼ਰ ਵਿਚ ਮੁਸ਼ਕਲਾਂ, ਰੁਕਾਵਟਾਂ, ਦਿਕਤਾਂ ਦੀ ਹਸਤੀ ਤੱਕ ਨਹੀਂ ਰਹਿੰਦੀ, ਉਸ ਨੂੰ ਚਾਰੇ ਪਾਸੇ ਕੁਦਰਤ ਦੀਆਂ ਸ਼ਕਤੀਆਂ, ਆਪਣੇ ਨਾਲ ਮਿਲਵਰਤਣ ਕਰਨ ਲਈ ਉਤਾਵਲੀਆਂ ਨਜ਼ਰ ਆਉਂਦੀਆਂ ਹਨ। ਐਸਾ ਆਦਮੀ ਕਿਸੇ ਕੰਮ ਨੂੰ ਹੱਥ ਪਾਉਣ ਤੋਂ ਪਹਿਲੇ ਆਖ ਸਕਦਾ ਹੈ ਕਿ ਉਸ ਨੂੰ ਉਸ ਕੰਮ ਵਿਚ ਸਫਲਤਾ ਹੋਵੇਗੀ।

ਕਾਮਯਾਬੀ ਦੇ ਆਸ਼ਕ ਵਾਸਤੇ ਨਿਰਾਸਤਾ, ਫਿਕਰ, ਨਾਕਾਮਯਾਬੀ ਦਾ ਖਿਆਲ ਤੱਕ ਲਿਆਉਣਾ ਪਾਪ ਹੈ। ਉਸ ਨੂੰ ਉਠਦਿਆਂ, ਬੈਠਦਿਆਂ, ਸੌਂਦਿਆਂ, ਜਾਗਦਿਆਂ ਇਹ ਸੁਨਹਿਰੀ ਅਸੂਲ ਯਾਦ ਰਖਣਾ ਚਾਹੀਦਾ ਹੈ ਕਿ ਉਹ ਵਾਹਿਗੁਰੂ ਤੋਂ ਉਤਪੰਨ ਹੋਇਆ ਹੈ; ਵਾਹਿਗੁਰੂ ਦਾ ਪੁਤਰ ਹੈ, ਇਸ ਲਈ ਆਪਣੇ ਬਾਪ ਦੀਆਂ ਸਭ ਸ਼ਕਤੀਆਂ ਦਾ ਮਾਲਕ ਹੈ, ਉਸ ਦੇ ਬਾਪ ਨੂੰ ਕਦੀ ਹਾਰ ਨਹੀਂ ਆ ਸਕਦੀ, ਕਦੀ ਨਾਕਾਮਯਾਬੀ ਨਹੀਂ ਦਿਸ ਸਕਦੀ; ਇਸ ਲਈ ਉਸ ਨੂੰ ਵੀ ਕਦੀ ਨਾਕਾਮਯਾਬੀ ਦਾ ਮੂੰਹ ਨਹੀਂ ਦਿਸ ਸਕਦਾ, ਉਸ ਦੀ ਹਰ ਪਾਸੇ ਹੀ ਫਤਹਿ ਹੋਵੇਗੀ। ਉਸ ਨੂੰ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੇ ਬੋਲੇ ਦੇ ਅਸਲੀ ਭੇਦ ਜਾਂ ਅਰਥ ਦਾ ਚੰਗੀ ਤਰ੍ਹਾਂ ਪਤਾ ਹੋਣਾ ਚਾਹੀਦਾ ਹੈ।

***"ਵਾਹਿਗੁਰੂ ਜੀ ਕਾ ਖਾਲਸਾ***
***ਵਾਹਿਗੁਰੂ ਜੀ ਕੀ ਫਤਹਿ।"***

## ਧਰਮ ਨਾਲ ਬੇਇਨਸਾਫੀ!

ਦੁਨੀਆਂ ਵਿਚ ਧਰਮ ਸਬੰਧੀ ਜੋ ਗਲਤਫਹਿਮੀ ਨਜ਼ਰ ਆਉਂਦੀ ਹੈ, ਉਹ ਇਸ ਦੇ ਅਸਲ ਅਰਥਾਂ ਨੂੰ ਨਾ ਸਮਝਣ ਕਰਕੇ ਹੈ। ਇਹ ਗਲਤਫਹਿਮੀ ਤਦ ਹੀ ਦੂਰ ਹੋ ਸਕਦੀ ਹੈ, ਜੇਕਰ ਧਰਮ ਦੇ ਅਸਲ ਅਰਥਾਂ ਨੂੰ ਚੰਗੀ ਤਰ੍ਹਾਂ ਸਮਝਿਆ ਜਾਵੇ।

ਧਰਮ ਆਪਣੇ ਸਹੀ ਅਰਥਾਂ ਵਿਚ ਰੂਹ ਦੇ ਇਲਮ ਜਾਂ ਆਤਮਾ ਦੇ ਗਿਆਨ ਦਾ ਨਾਮ ਹੈ। ਇਸ ਨੂੰ ਸਾਇੰਟਿਫਿਕ ਬੋਲੀ ਵਿਚ ਆਤਮ-ਸਾਇੰਸ ਆਖਦੇ ਹਨ।

ਜਿਸ ਤਰ੍ਹਾਂ ਦੁਨੀਆਂ ਵਿਚ ਕਈ ਇਲਮ ਹਨ ਜਿਹਾ ਕਿ ਸਤਾਰਿਆਂ ਦਾ ਇਲਮ (Astronomy), ਦਰਖਤਾਂ ਦਾ ਇਲਮ (Botany), ਧਾਤਾਂ ਦਾ ਇਲਮ (Chemistry), ਸਰੀਰ ਦਾ ਇਲਮ (Physiology) ਆਦਿ, ਏਸੇ ਤਰ੍ਹਾਂ ਇਨਸਾਨ ਦੀ ਆਤਮਾ ਦਾ ਵੀ ਇਕ ਮੁਕੰਮਲ ਇਲਮ ਹੈ।

ਅਗਰ ਇਨਸਾਨ ਧਰਮ ਦੇ ਅਸਲੀ ਅਰਥਾਂ ਦਾ ਖਿਆਲ ਅੱਖਾਂ ਅੱਗੇ ਰਖਦਾ ਤਾਂ ਦੁਨੀਆਂ ਵਿਚ ਮਜ਼੍ਹਬ ਦੇ ਨਾਮ ਉਤੇ ਹੋਈਆਂ ਅਨੇਕ ਦੁਰਘਟਨਾਵਾਂ ਨਾ ਹੁੰਦੀਆਂ। ਹਰ ਇਲਮ ਸਬੰਧੀ ਇਨਸਾਨ ਵਿਚ ਮਤਭੇਦ ਹੁੰਦੇ ਰਹੇ ਹਨ, ਪਰ ਸਿਵਾਏ ਮਜ਼੍ਹਬ ਦੇ ਹੋਰ ਸਭ ਇਲਮਾਂ ਦੇ ਮਤਭੇਦਾਂ ਕਰਕੇ ਇਨਸਾਨ ਵਿਚ ਕਦੀ ਲੜਾਈ ਝਗੜੇ ਨਹੀਂ ਹੋਏ। ਇਸ ਦਾ ਕਾਰਨ ਇਹ ਹੀ ਹੈ ਕਿ ਮਜ਼੍ਹਬ ਦੇ ਅਸਲ ਅਰਥਾਂ ਨੂੰ ਇਨਸਾਨ ਅੱਖਾਂ ਅੱਗੋਂ ਉਹਲੇ ਕਰਕੇ ਫਜ਼ੂਲ ਜਾਂ ਗੈਰਜ਼ਰੂਰੀ ਬਾਤਾਂ ਵਾਸਤੇ ਕੁਸ਼ਤੋ ਖ਼ੂਨ ਕਰਦਾ ਰਿਹਾ ਹੈ।

ਹਰ ਇਲਮ ਨੂੰ ਸਿੱਖਣ ਅਤੇ ਉਸ ਸਬੰਧੀ ਮਾਹਿਰ ਬਣਨ ਵਾਸਤੇ ਇਨਸਾਨ ਆਪਣੀ ਤਕਰੀਬਨ ਸਾਰੀ ਉਮਰ ਖਰਚ ਕਰ ਦੇਂਦਾ ਹੈ ਅਤੇ ਸਾਰੀ ਉਮਰ ਦੀ ਮਿਹਨਤ ਮਗਰੋਂ ਵੀ ਆਪਣੇ ਮਨੋਰਥ ਵਿਚ ਸਾਰੇ ਕਾਮਯਾਬ ਨਹੀਂ ਹੁੰਦੇ, ਕਮਾਲ ਉਤੇ ਕੋਈ ਕੋਈ ਪਹੁੰਚਦਾ ਹੈ। ਡਾਕਟਰੀ (ਸਰੀਰਕ) ਇਲਮ ਕਿਤਨੇ ਪੜ੍ਹਦੇ ਹਨ, ਪਰ ਕਾਮਯਾਬ ਤੇ ਮੁਕੰਮਲ ਡਾਕਟਰ ਕਿਤਨੇ ਥੋੜ੍ਹੇ ਨਜ਼ਰ ਆਉਂਦੇ ਹਨ। ਰਾਗ ਵਿਦਿਆ ਕਿਤਨੇ ਸਿਖਦੇ ਹਨ ਪਰ ਪੂਰਨਰਾਗੀ ਕੋਈ ਕੋਈ ਬਣਦਾ ਹੈ। ਵਪਾਰ ਦੇ ਇਲਮ (Commercial Science) ਨੂੰ ਅਨੇਕਾਂ ਇਨਸਾਨ ਸਿਖਦੇ ਹਨ, ਪਰ ਕਾਮਯਾਬ, ਕ੍ਰੋੜਾਂਪਤੀ ਵਿਰਲੇ ਹੀ ਅਖਵਾਂਦੇ ਹਨ। ਏਸੇ ਤਰ੍ਹਾਂ ਮਜ਼੍ਹਬ (Science of Soul) ਨੂੰ ਜੋ ਕਿ ਸਭ ਇਲਮਾਂ ਤੋਂ ਮੁਸ਼ਕਲ ਇਲਮ ਹੈ, ਸਮਝਣ ਅਤੇ ਇਸ ਦਾ ਮਾਹਿਰ ਬਣਨ ਵਾਸਤੇ ਸਾਰੇ ਇਲਮਾਂ ਤੋਂ ਜ਼ਿਆਦਾ ਸਮਾਂ ਤੇ ਕੋਸ਼ਿਸ਼ ਦਰਕਾਰ ਹੈ। ਇਹ ਇਲਮ ਆਦਮੀ ਦੀ ਆਪਣੀ ਖਸਲਤ, ਆਪਣੀ ਆਤਮਕ ਬਨਾਵਟ, ਆਪਣੇ ਅਸਲੇ, ਆਪਣੇ ਮੂਲ ਦੀ ਖੋਜ ਹੈ, ਇਸ ਵਾਸਤੇ ਇਹ ਦੂਸਰੇ ਇਲਮਾਂ ਨਾਲੋਂ ਜ਼ਿਆਦਾ ਮਿਹਨਤ, ਜ਼ਿਆਦਾ ਉਡੀਕ ਤੇ ਜ਼ਿਆਦਾ ਹੌਂਸਲਾ ਮੰਗਦਾ ਹੈ।

ਡਾਕਟਰੀ ਸਬੰਧੀ ਜੋ ਆਦਮੀ ਖੁਦ ਡਾਕਟਰ ਨਹੀਂ, ਨੁਕਤਾਚੀਨੀ ਕਰਦੇ ਝਿਜਕਦੇ ਹਨ, ਬੋਟਨੀ (Botany) ਜਾਂ ਜ਼ੁਆਲੌਜੀ (Zoology) ਸਬੰਧੀ ਜੋ ਆਦਮੀ ਇਨ੍ਹਾਂ ਤੋਂ ਵਾਕਿਫ ਨਹੀਂ, ਇਤਰਾਜ਼ ਨਹੀਂ ਕਰਦੇ ਪਰ ਸ਼ੋਕ ਦੀ ਗੱਲ ਹੈ ਕਿ ਮਜ਼੍ਹਬ ਦੀ ਅਸਲੀਅਤ ਨੂੰ ਜੋ ਆਦਮੀ ਨਹੀਂ ਵੀ ਜਾਣਦੇ, ਉਹ ਵੀ ਇਸ ਨੂੰ ਕੋਸਣਾ ਤੇ ਭੰਡਣਾ ਆਪਣਾ ਪੈਦਾਇਸ਼ੀ ਹੱਕ ਖਿਆਲ ਕਰਦੇ ਹਨ। ਮਜ਼੍ਹਬ ਨੂੰ ਆਮ ਤੌਰ ਤੇ ਨਿੰਦਣ ਵਾਲੇ ਉਹ ਦੋਸਤ ਹੁੰਦੇ ਹਨ ਜੋ ਮਜ਼੍ਹਬ (Science of Soul) ਨੂੰ ਜਾਂ ਤੇ ਖੁਦ ਬਿਲਕੁਲ ਨਹੀਂ ਜਾਣਦੇ, ਜਾਂ ਇਸ ਸਬੰਧੀ ਬਿਲਕੁਲ ਓਪਰੀ (Superficial) ਵਾਕਫੀਅਤ ਰਖਦੇ ਹਨ। ਮਜ਼੍ਹਬ ਸਬੰਧੀ ਖੁਦ ਕੁਝ ਨਾ ਜਾਣਦੇ ਹੋਏ ਇਸ ਤੇ ਬੇਦਰੇਗ ਨੁਕਤਾਚੀਨੀ ਕਰਦੇ ਹਨ। ਮਜ਼੍ਹਬ ਸਬੰਧੀ ਖੁਦ ਕੁਝ ਨਾ ਜਾਣਦੇ ਹੋਏ ਇਸ ਤੇ ਬੇਦਰੇਗ ਨੁਕਤਾਚੀਨੀ ਕਰਨੀ, ਭਾਰੀ ਬੇਇਨਸਾਫੀ ਹੈ। ਜੋ ਆਦਮੀ ਰਾਗ ਵਿਦਿਆ ਨੂੰ ਖੁਦ ਨਾ ਜਾਣੇ, ਉਸ ਵਾਸਤੇ ਗਵੱਯਾ ਦੇ ਅਲਾਪਾਂ ਨੂੰ ਚੀਕਾਂ ਮਾਰਨੀਆਂ ਆਖਣਾ ਰਾਗ ਸਬੰਧੀ ਆਪਣੀ ਅਗਿਆਨਤਾ ਜ਼ਾਹਿਰ ਕਰਨਾ ਹੈ।

ਦੁਨੀਆਂ ਵਿਚ ਅਸਲ ਤੇ ਨਕਲ ਦੋਵੇਂ ਚੀਜ਼ਾਂ ਹੀ ਮੌਜੂਦ ਹਨ ਤੇ ਰਹਿਣਗੀਆਂ, ਪਰ ਨਕਲ ਦੇ ਹੋਣ ਕਰਕੇ ਅਸਲ ਚੀਜ਼ ਤੋਂ ਇਨਸਾਨ ਮੁਨਕਰ ਨਹੀਂ ਹੋ ਸਕਦਾ। ਨਕਲੀ ਡਾਕਟਰ ਅਨੇਕਾਂ ਹਨ ਜੋ ਔਸ਼ਧ ਵਿਦਿਆ ਨੂੰ ਨਾ ਜਾਣਦੇ ਹੋਏ ਆਪਣੇ ਆਪ ਨੂੰ ਵੈਦ ਸਦਵਾਂਦੇ ਹਨ ਅਤੇ ਲੋਕਾਂ ਨੂੰ ਝੂਠੀਆਂ ਅਤੇ ਨਕਲੀ ਦਵਾਈਆਂ ਦੇ ਕੇ ਆਪਣਾ ਪੇਟ ਪਾਲਦੇ ਹਨ। ਪਰ ਇਨ੍ਹਾਂ ਨਕਲੀ ਡਾਕਟਰਾਂ ਦੀ ਹੋਂਦ ਕਰਕੇ ਅਸਲੀ ਡਾਕਟਰਾਂ ਦੀ ਕਦਰ ਤੇ ਜ਼ਰੂਰਤ ਘਟ ਨਹੀਂ ਜਾਂਦੀ, ਸਗੋਂ ਜਿਥੇ ਨਕਲ ਜ਼ਿਆਦਾ ਹੋਵੇ, ਅਸਲ ਦੀ ਕੀਮਤ ਤੇ ਕਦਰ ਵਧ ਜਾਂਦੀ ਹੈ। ਨਕਲੀ ਮੋਤੀ ਅਸਲੀ ਮੋਤੀਆਂ ਦੀ ਹਸਤੀ ਨੂੰ ਸਾਬਤ ਵੀ ਕਰਦੇ ਹਨ ਅਤੇ ਉਨ੍ਹਾਂ ਨੂੰ ਮਹਿੰਗਾ ਵੀ ਬਣਾਂਦੇ ਹਨ। ਜੋ ਮਿੱਤਰ ਮਜ਼੍ਹਬ ਨੂੰ ਇਸ ਵਾਸਤੇ ਮਾੜਾ ਆਖਦੇ ਹਨ ਕਿ ਕਈ ਨਕਲੀ ਮਜ਼੍ਹਬੀ ਲੋਕਾਂ ਨੇ ਦੁਨੀਆਂ ਨੂੰ ਧੋਖਾ ਦਿਤਾ ਹੈ, ਉਹ ਅਸਲ ਮਜ਼੍ਹਬ ਨਾਲ ਬੇਇਨਸਾਫੀ ਕਰਦੇ ਹਨ। ਨਕਲੀ ਧਾਰਮਕ ਲੋਕ ਵੀ ਏਸੇ ਤਰ੍ਹਾਂ ਦੁਨੀਆਂ ਤੇ ਹੁੰਦੇ ਰਹਿਣਗੇ, ਜਿਵੇਂ ਨਕਲੀ ਡਾਕਟਰਾਂ ਕਰਕੇ ਅਸਲੀ ਡਾਕਟਰਾਂ ਦਾ ਮਾਣ ਤੇ ਜ਼ਰੂਰਤ ਘਟਦੀ ਨਹੀਂ, ਉਸੇ ਤਰ੍ਹਾਂ ਨਕਲੀ ਧਾਰਮਕ ਆਦਮੀਆਂ ਕਰਕੇ ਅਸਲੀ ਧਾਰਮਕ ਲੋਕਾਂ ਦੀ ਵਡਿਆਈ ਤੇ ਮਹਾਨਤਾ ਵੀ ਨਹੀਂ ਘਟ ਸਕਦੀ। ਜੇਕਰ ਕਿਹਾ ਜਾਵੇ ਕਿ ਅਸਲੀ ਧਾਰਮਕ ਲੋਕ ਬਹੁਤ ਥੋੜ੍ਹੇ ਹੁੰਦੇ ਹਨ ਤਾਂ ਇਸ ਦਾ ਜਵਾਬ ਸਾਫ ਹੈ। ਅਸਲੀ ਡਾਕਟਰ, ਅਸਲੀ ਨਜੂਮੀ, ਅਸਲੀ ਹਿਸਾਬਦਾਨ, ਅਸਲੀ ਇੰਜੀਨੀਅਰ, ਅਸਲੀ ਮੁਸੱਵਰ, ਅਸਲ ਕਵੀ, ਅਸਲੀ ਸਿਪਾਹੀ, ਅਸਲੀ ਵਿਉਪਾਰੀ, ਅਸਲੀ ਲਿਖਾਰੀ; ਗੱਲ ਕੀ ਆਪੋ ਆਪਣੀ ਮਦ ਵਿਚ ਚੋਟੀ ਤੇ ਪਹੁੰਚੇ ਹੋਏ ਇਨਸਾਨ ਸਭ ਪਾਸਿਆਂ ਵਿਚ ਬਹੁਤ ਘੱਟ ਹੁੰਦੇ ਹਨ।

ਜਿਵੇਂ ਕਈ ਆਦਮੀਆਂ ਨੂੰ ਰਾਗ ਚੰਗਾ ਨਹੀਂ

ਲਗਦਾ, ਕਈਆਂ ਨੂੰ ਇਲਮ ਹਿਸਾਬ ਨਾਲ ਦਿਲਚਸਪੀ ਨਹੀਂ ਹੁੰਦੀ, ਕਈਆਂ ਨੂੰ ਕਵਿਤਾ ਦੀ ਲੋੜ ਨਹੀਂ ਭਾਸਦੀ, ਇਸੇ ਤਰ੍ਹਾਂ ਇਹ ਗੱਲ ਮੰਨਣ ਵਾਸਤੇ ਤਿਆਰ ਹਾਂ ਕਿ ਕਈਆਂ ਸੱਜਣਾਂ ਨੂੰ ਮਜ਼੍ਹਬ, ਸੱਚੇ ਧਰਮ ਦੀ ਲੋੜ ਪ੍ਰਤੀਤ ਨਾ ਹੋਵੇ, ਕਈ ਦੁਨੀਆਂ ਦੇ ਆਰਜ਼ੀ ਸੁਖਾਂ ਵਿਚ ਇਤਨੇ ਲੀਨ ਹੋਣ ਕਿ ਉਨ੍ਹਾਂ ਨੂੰ ਦੁਨੀਆਂ ਦੇ ਸੁਖਾਂ ਜਾਂ ਇੰਦਰੀਆਂ ਦੇ ਵਿਸ਼ਿਆਂ ਤੋਂ ਪਰ੍ਹੇ ਕੋਈ ਹੋਰ ਸੁਖ ਨਾ ਭਾਸੇ, ਪਰ ਐਸੇ ਸੱਜਣਾਂ ਦਾ ਮਜ਼੍ਹਬ ਨੂੰ ਬੁਰਾ ਭਲਾ ਕਹਿਣਾ ਜਾਂ ਰੱਬ ਦੀ ਹਸਤੀ ਸਬੰਧੀ ਨਾਜਾਇਜ਼ ਇਤਰਾਜ਼ ਕਰਨੇ ਉਸੇ ਤਰ੍ਹਾਂ ਦੀ ਭੁੱਲ ਹੈ, ਜਿਸ ਤਰ੍ਹਾਂ ਰਾਗ ਨੂੰ ਨਾ ਸਮਝਣ ਕਰਕੇ ਪੱਕੇ ਰਾਗਾਂ ਨੂੰ ਰੌਲਾ ਤੇ ਸ਼ੋਰ ਆਖਣਾ ਹੈ।

ਅਗਰ ਕੋਈ ਡਾਕਟਰ ਨਕਲੀ ਡਾਕਟਰ ਸਾਬਤ ਹੋ ਜਾਵੇ, ਜਾਂ ਕਿਸੇ ਡਾਕਟਰ ਨੂੰ ਆਪਣਾ ਕੰਮ ਚੰਗੀ ਤਰ੍ਹਾਂ ਨਾ ਆਵੇ, ਤਾਂ ਉਸ ਦੀ ਮਿਸਾਲ ਦੇ ਕੇ ਇਹ ਨਤੀਜਾ ਕੱਢਣਾ ਕਿ ਦਵਾਈਆਂ ਦਾ ਇਲਮ (Science of Medicine) ਹੀ ਮਾੜਾ ਹੈ, ਜਾਂ ਦਵਾਈਆਂ ਦੀ ਜ਼ਰੂਰਤ ਹੀ ਨਹੀਂ, ਇਸ ਇਲਮ ਨਾਲ ਧੱਕੇਸ਼ਾਹੀ ਕਰਨੀ ਹੈ। ਏਸੇ ਤਰ੍ਹਾਂ ਕਿਸੇ ਪਾਦਰੀ, ਮੁੱਲਾਂ ਜਾਂ ਗ੍ਰੰਥੀ ਦੀ ਗਲਤੀ ਜਾਂ ਕਮਜ਼ੋਰੀ ਦੇ ਕਾਰਨ ਪਵਿੱਤਰ ਅੰਜੀਲ, ਕੁਰਾਨ ਸਰੀਫ ਜਾਂ ਗੁਰੂ ਗ੍ਰੰਥ ਜੀ ਨੂੰ ਮਾੜਾ ਆਖਣਾ ਜਾਂ ਮਜ਼੍ਹਬ ਨੂੰ ਪਾਖੰਡ ਤੇ ਧੋਖਾ ਦਸਣਾ, ਮਜ਼੍ਹਬ ਨਾਲ ਭਾਰੀ ਅਨਿਆਇ ਕਰਨਾ ਹੈ। ਇਕ ਸੱਜਣ ਜੋ ਰੱਬ ਨੂੰ ਬਹੁਤ ਬੁਰਾ ਭਲਾ ਕਿਹਾ ਕਰਦੇ ਸਨ, ਇਸ ਦਾ ਸਬੱਬ ਪੁਛਣ ਤੇ ਆਖਣ ਲੱਗੇ - ਸਾਡੇ ਪਿੰਡ ਦਾ ਗ੍ਰੰਥੀ ਚੋਰੀ ਕਰਦਾ ਪਕੜਿਆ ਗਿਆ ਸੀ, ਜਿਸ ਰੱਬ ਦੇ ਏਜੰਟ (ਭਾਈ, ਮੁੱਲਾਂ, ਗ੍ਰੰਥੀ) ਇਤਨੇ ਮਾੜੇ ਹੋਣ ਉਹ ਆਪ ਖਵਰੇ ਕਿੱਡਾ ਮਾੜਾ ਹੋਵੇਗਾ, ਇਸ ਕਰਕੇ ਮੈਂ ਮਜ਼੍ਹਬ ਨੂੰ ਮਾੜੇ ਕੰਮ ਕਰਨ ਦੀ ਆੜ ਤੇ ਦੁਨੀਆਂ ਨੂੰ ਧੋਖਾ ਦੇਣ ਦਾ ਅੱਡਾ ਸਮਝਦਾ ਹਾਂ।

ਡਾਕਟਰਾਂ ਪਾਸੋਂ ਗਲਤ ਦਵਾਈਆਂ ਦਿੱਤੇ ਜਾਣ ਦੇ ਕਾਰਨ ਜਾਂ ਮਰੀਜ਼ਾਂ ਨੂੰ ਰਾਜ਼ੀ ਨਾ ਕਰ ਸਕਣ ਕਰਕੇ, ਜਾਂ ਆਪ ਬੀਮਾਰ ਹੋ ਜਾਣ ਕਰਕੇ ਦਵਾਈ ਦੇ ਇਲਮ, ਜਾਂ ਦਵਾਈਆਂ ਦੀਆਂ ਪੁਸਤਕਾਂ ਨੂੰ ਬੁਰਾ ਤੇ ਫਜ਼ੂਲ ਆਖੀਏ ਜਾਂ ਹਸਪਤਾਲਾਂ ਨੂੰ ਕਤਲਗਾਹ ਤੇ ਲੋਕਾਂ ਨੂੰ ਮਾਰਨ ਦਾ ਅੱਡਾ ਸਮਝੀਏ ਤਾਂ ਸਾਡੀ ਭੁੱਲ ਹੋਵੇਗੀ। ਸਾਨੂੰ ਤਸਵੀਰ ਦੇ ਦੋਵੇਂ ਪਾਸੇ ਵੇਖ ਕੇ ਰਾਏ ਕਾਇਮ ਕਰਨੀ ਚਾਹੀਦੀ ਹੈ। ਹਸਪਤਾਲਾਂ ਵਿਚ ਲੱਖਾਂ ਮਰੀਜ਼ ਆਉਂਦੇ ਹਨ ਅਤੇ ਉਨ੍ਹਾਂ ਵਿਚੋਂ ਜੇ ਕੁਝ ਹਜ਼ਾਰ ਰਾਜ਼ੀ ਨਾ ਹੋ ਸਕਣ ਤਾਂ ਹਸਪਤਾਲਾਂ ਜਾਂ ਡਾਕਟਰਾਂ ਜਾਂ ਡਾਕਟਰੀ ਦੀਆਂ ਪੁਸਤਕਾਂ ਨੂੰ ਫਜ਼ੂਲ ਆਖਣਾ ਆਪਣੀ ਵਿਚਾਰ ਸ਼ਕਤੀ ਨੂੰ ਹਾਸੋ-ਹੀਣਿਆਂ ਬਨਾਣਾ ਹੈ। ਮਜ਼੍ਹਬ ਦੇ ਨਾਂ ਉਤੇ ਅਗਰ ਕਈ ਜ਼ੁਲਮ ਹੋਏ ਹਨ ਤਾਂ ਮਜ਼੍ਹਬ ਦੇ ਨਾਮ ਉਤੇ ਕ੍ਰੋੜਾਂ ਨੇਕ ਕੰਮ ਵੀ ਹੋਏ ਹਨ। ਮਜ਼੍ਹਬ ਦੀ ਆੜ ਹੇਠਾਂ ਜੇ ਕਿਸੇ ਵੇਲੇ ਦੁਨੀਆਂ ਨੂੰ ਧੋਖਾ ਦਿਤਾ ਗਿਆ ਹੈ ਤਾਂ ਮਜ਼੍ਹਬ ਦੇ ਸਾਏ ਹੇਠਾਂ ਕ੍ਰੋੜਾਂ ਦੁਖੀਆਂ ਤੇ ਨਿਆਸਰਿਆਂ ਨੂੰ ਤਸੱਲੀ ਤੇ ਆਸ ਵੀ ਮਿਲੀ ਹੈ, ਬੇਅੰਤ ਅਸੰਤੁਸ਼ਟ ਰੂਹਾਂ ਨੂੰ ਸੱਚੀ ਰਾਹਤ ਵੀ ਹਾਸਲ ਹੋਈ ਹੈ।

ਮਜ਼੍ਹਬ ਸਬੰਧੀ ਕਹਿਣਾ ਕਿ ਇਹ ਦਿਖਾਵਾ ਤੇ ਪਾਖੰਡ ਸਿਖਾਂਦਾ ਹੈ, ਮਜ਼੍ਹਬ ਤੋਂ ਅਨਜਾਣਪੁਣਾ ਜ਼ਾਹਿਰ ਕਰਨਾ ਹੈ। ਅਸਲੀਅਤ ਇਹ ਹੈ ਕਿ ਖੁਦਗਰਜ਼ੀ ਤੇ ਪਾਖੰਡ ਨੂੰ ਮਜ਼੍ਹਬ ਖੁਦ ਪਾਪ ਕਰਾਰ ਦੇਂਦਾ ਹੈ। ਦਿਖਾਵੇ, ਝੂਠ, ਦੰਭ ਦਾ ਮਜ਼੍ਹਬ ਨਾਲੋਂ ਹੋਰ ਕੌਣ ਵੱਡਾ ਵੈਰੀ ਹੈ?

*ਅਵਰ ਉਪਦੇਸੈ ਆਪਿ ਨਾ ਕਰੈ।।*
*ਆਵਤ ਜਾਵਤ ਜਨਮੈ ਮਰੈ।।* *ਪੰਨਾ - 269*

*ਭੇਖ ਦਿਖਾਇਓ ਜਗਤ ਕੋ ਲੋਗਨ ਕੋ ਬਸ ਕੀਨ।*
*ਅੰਤ ਕਾਲ ਕਾਤੀ ਕਟਿਓ ਵਾਸ ਨਰਕ ਮੋ ਲੀਨ।*

*ਕਹਾ ਭਯੋ ਜੋ ਦੋਊ ਲੋਚਨ ਮੂੰਦ ਕੈ*
*ਬੈਠਿ ਰਹਿਓ ਬਕ ਧਿਆਨ ਲਗਾਇਓ।।*

***ਸਵਯੈ ਪਾਤਸ਼ਾਹੀ ੧੦***

ਮਜ਼੍ਹਬ ਨਾਲ ਜੋ ਬੇਇਨਸਾਫੀ ਹੋਈ ਹੈ, ਉਸ ਦਾ ਨਤੀਜਾ ਅੱਜ ਸਾਰੀ ਦੁਨੀਆਂ ਅਸ਼ਾਂਤੀ, ਈਰਖਾ, ਬੇਸਬਰੀ, ਨਫ਼ਰਤ ਅਤੇ ਖ਼ੂਨ-ਖਰਾਬੇ ਦੀ ਸ਼ਕਲ ਵਿਚ ਭੁਗਤ ਰਹੀ ਹੈ। ਇਨਸਾਨ ਤਦ ਤਕ ਸੁਖੀ ਹੋ ਕੇ ਨਹੀਂ ਵਸ ਸਕਦਾ ਜਦ ਤਕ ਇਹ ਮਜ਼੍ਹਬ (Religion) ਦੀ ਸਹੀ ਅਰਥਾਂ ਵਿਚ ਸ਼ਰਨ ਨਹੀਂ ਪਕੜਦਾ। ਦੁਨੀਆਂ ਦੀਆਂ ਸਾਰੀਆਂ ਗੁੰਝਲਾਂ, ਸਾਰੇ ਝਗੜਿਆਂ, ਸਭ ਮੁਸੀਬਤਾਂ ਦਾ ਇਲਾਜ ਮਜ਼੍ਹਬ ਦੇ ਅਸਲੀ ਅਰਥਾਂ ਨੂੰ ਸਮਝਣਾ ਅਤੇ ਮਜ਼੍ਹਬ ਦੀ ਉਚ ਸਿਖਸ਼ਾ ਉਤੇ ਅਮਲ ਕਰਨਾ ਹੈ।

## ਈਰਖਾ

ਈਰਖਾ ਕਰਨ ਵਾਲਾ ਪੁਰਸ਼ ਬੜਾ ਦੁਖੀ ਤੇ ਤਰਸਯੋਗ ਹੁੰਦਾ ਹੈ। ਉਸ ਨੂੰ ਦੂਸਰੇ ਦੀ ਉਚਤਾ ਤੇ ਆਪਣੀ ਨੀਚਤਾ ਦਾ ਖਿਆਲ ਸਦਾ ਬੇਚੈਨ ਰਖਦਾ ਹੈ। ਈਰਖਾ ਦੀ ਅਸਲ ਤਸਵੀਰ ਉਹ ਦਿਮਾਗ ਹੁੰਦਾ ਹੈ, ਜਿਸ ਵਿਚ ਆਪ ਉਚੇ ਹੋਣ ਦੀ ਹਿੰਮਤ ਜਾਂ ਖਾਹਿਸ਼ ਨਾ ਹੋਵੇ, ਸਗੋਂ ਇਹ ਇਛਿਆ ਹੋਵੇ ਕਿ ਦੂਜਾ ਵੀ ਨੀਵਾਂ ਹੋ ਜਾਵੇ। ਇਸ ਦਿਮਾਗ ਜਾਂ ਜ਼ਹਿਨੀਅਤ ਵਾਲਾ ਆਦਮੀ ਜੇ ਕਦੀ ਆਪਣੇ ਇਰਾਦੇ ਵਿਚ ਕਾਮਯਾਬ ਹੋ ਵੀ ਜਾਵੇ ਤਾਂ ਖੱਟਦਾ ਕੁਝ ਨਹੀਂ, ਜੇ ਉਹ ਕੋਸ਼ਿਸ਼ ਕਰਕੇ ਕਿਸੇ ਦੂਜੇ ਨੂੰ ਨੀਵਾਂ ਕਰ ਵੀ ਲਵੇ ਤਾਂ ਉਸ ਵਿਚ ਉਸ ਦਾ ਆਪਣਾ ਜਾਂ ਦੁਨੀਆਂ ਦਾ ਕੋਈ ਭਲਾ ਨਹੀਂ ਹੁੰਦਾ।

ਜੇਕਰ ਈਰਖਾ ਕਰਨ ਵਾਲੇ ਮਨੁੱਖ ਨੂੰ ਆਤਮ

ਗਿਆਨ ਹੋਵੇ ਤਾਂ ਕਦੀ 'ਈਰਖਾ' ਵਰਗੀ ਭੁੱਲ ਨਾ ਕਰੇ। ਆਤਮ-ਸਾਇੰਸ ਅਨੁਸਾਰ ਆਦਮੀ ਦੇ ਇਰਾਦੇ ਦ੍ਰਿੜ੍ਹ ਹੁੰਦੇ ਹੁੰਦੇ ਕਿਸੇ ਦਿਨ ਸਾਖਸ਼ਾਤ ਸੱਚ ਹੋ ਜਾਂਦੇ ਹਨ। ਜੋ ਕੁਝ ਆਦਮੀ ਸੋਚਦਾ ਰਹੇ, ਉਸ ਨੂੰ ਉਹੀ ਕੁਝ ਭਾਸਣ ਲਗ ਜਾਂਦਾ ਹੈ, ਉਸ ਦੀ ਦੁਨੀਆਂ ਵਿਚ ਉਹੀ ਕੁਝ ਨਜ਼ਰ ਆਉਣ ਲਗ ਜਾਂਦਾ ਹੈ। ਈਰਖਾ ਕਰਨ ਵਾਲਾ ਨਾ ਆਪਣਾ ਭਲਾ ਸੋਚਦਾ ਹੈ ਨਾ ਦੂਜੇ ਦਾ, ਜਿਸ ਦਾ ਨਤੀਜਾ ਇਹ ਹੁੰਦਾ ਹੈ ਕਿ ਜੇਕਰ ਉਹ ਆਪਣੇ ਇਰਾਦੇ ਵਿਚ ਸਫਲਤਾ ਪ੍ਰਾਪਤ ਵੀ ਕਰ ਲਵੇ ਤਾਂ ਆਪ ਸੱਖਣਾ ਹੀ ਰਹਿੰਦਾ ਹੈ। ਜੇਕਰ ਇਕ ਹਲਵਾਈ, ਜਿਸ ਦਾ ਕੰਮ ਮਾਮੂਲੀ ਚਲਦਾ ਹੋਵੇ, ਦੂਸਰੇ ਹਲਵਾਈ ਨਾਲ, ਜਿਸ ਦਾ ਕੰਮ ਬਹੁਤ ਅੱਛਾ ਚਲਦਾ ਹੋਵੇ, ਈਰਖਾ ਕਰਨ ਲਗ ਜਾਵੇ ਅਤੇ ਚਾਹੇ ਕਿ ਕਿਸੇ ਤਰ੍ਹਾਂ ਕਾਮਯਾਬ ਹਲਵਾਈ ਦਾ ਕੰਮ ਵੀ ਮਾੜਾ ਪੈ ਜਾਵੇ ਅਤੇ ਫਰਜ਼ ਕਰ ਲਵੋ ਕਿ ਉਸ ਦੀਆਂ ਸ਼ਰਾਰਤਾਂ ਜਾਂ ਗਲਤ ਪ੍ਰਾਪੇਗੰਡੇ ਨਾਲ ਕਿਸੇ ਤਰ੍ਹਾਂ ਕਾਮਯਾਬ ਹਲਵਾਈ ਦਾ ਕੰਮ ਵੀ ਖਰਾਬ ਹੋ ਜਾਵੇ ਤਾਂ ਉਸ ਤੋਂ ਈਰਖਾ ਕਰਨ ਵਾਲੇ ਦਾ ਕੀ ਸੌਰਿਆ?

'ਰੀਸ' ਅਤੇ 'ਈਰਖਾ' ਵਿਚ ਇਹ ਫਰਕ ਹੁੰਦਾ ਹੈ ਕਿ ਰੀਸ ਕਰਨ ਵਾਲੇ ਆਦਮੀ ਦੇ ਦਿਲ ਵਿਚ, ਜਿਸ ਦੀ ਉਹ ਰੀਸ ਕਰੇ, ਉਸ ਵਰਗਾ ਬਣ ਜਾਣ ਦੀ ਖਿੱਚ ਪੈਦਾ ਹੁੰਦੀ ਹੈ, ਪਰ ਈਰਖਾ ਕਰਨ ਵਾਲੇ ਵਿਚ ਆਪ ਕੁਝ ਬਣਨ ਦੀ ਖਿੱਚ ਨਹੀਂ ਹੁੰਦੀ, ਸਗੋਂ ਉਸ ਦੀ ਖਾਹਿਸ਼ ਇਹ ਹੁੰਦੀ ਹੈ ਕਿ ਦੂਜਾ ਵੀ ਡਿੱਗ ਕੇ ਉਸ ਵਰਗਾ ਹੋ ਜਾਵੇ। ਇਸ ਕਰਕੇ ਈਰਖਾ ਨੂੰ ਇਕ ਪਾਪ ਮੰਨਿਆ ਹੈ। ਜਿਥੇ ਚੰਗੀ ਰੀਸ ਕਰਨੀ ਉਨਤੀ ਦਾ ਕਾਰਨ ਹੋ ਸਕਦਾ ਹੈ, ਉਥੇ ਈਰਖਾ ਕਰਨੀ ਅਪਰਾਧ ਬਣ ਜਾਂਦਾ ਹੈ।

ਈਰਖਾ ਤੋਂ ਗੁੱਸਾ ਤੇ ਵੈਰ ਪੈਦਾ ਹੁੰਦੇ ਹਨ ਅਤੇ ਗੁੱਸਾ ਤੇ ਵੈਰ ਦੀ ਖਾਹਿਸ਼ ਇਨਸਾਨ ਦੀ ਸੋਚ ਸ਼ਕਤੀ ਨੂੰ ਖਰਾਬ ਕਰ ਦੇਂਦੀ ਹੈ। ਗੁੱਸੇ ਵਿਚ ਆਦਮੀ ਹਮੇਸ਼ਾਂ ਗਲਤੀਆਂ ਕਰਦਾ ਹੈ ਅਤੇ ਗਲਤੀਆਂ ਦੀ ਸਜ਼ਾ ਕੁਦਰਤ ਵਲੋਂ ਦੁਖ, ਭੁੱਖ, ਬੀਮਾਰੀ ਅਤੇ ਅਸ਼ਾਂਤੀ ਦੀ ਸ਼ਕਲ ਵਿਚ ਭੁਗਤਦਾ ਹੈ।

ਇਨਸਾਨ ਨਾਵਾਕਫੀਅਤ ਕਰਕੇ ਆਖਦਾ ਹੈ ਕਿ ਕੁਦਰਤ ਮੈਨੂੰ ਤਕਲੀਫ ਦੇ ਰਹੀ ਹੈ ਪਰ ਉਹ ਇਹ ਨਹੀਂ ਜਾਣਦਾ ਕਿ ਉਸ ਦੇ ਆਪਣੇ ਮੰਦੇ ਕਰਮ ਉਸ ਦੀ ਤਕਲੀਫ ਤੇ ਚਿੰਤਾ ਦਾ ਕਾਰਨ ਹਨ।

ਜਦ ਮਨ ਵਿਚ ਈਰਖਾ ਪੈਦਾ ਹੋ ਜਾਵੇ ਤਾਂ ਉਸ ਨੂੰ ਇਕ ਬੀਮਾਰੀ ਸਮਝ ਕੇ ਉਸ ਤੋਂ ਬਚਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਮਨ ਨੂੰ ਨੀਵਾਂ ਕਰਨ ਦੀ ਜਗ੍ਹਾ ਚੜ੍ਹਦੀ ਕਲਾ ਵਿਚ ਲੈ ਜਾਣਾ ਚਾਹੀਦਾ ਹੈ। ਐਸੇ ਖਿਆਲ ਮਨ ਵਿਚ ਪੈਦਾ ਕਰਨੇ ਚਾਹੀਦੇ ਹਨ, ਜਿਨ੍ਹਾਂ ਨਾਲ ਈਰਖਾ, ਸ਼ੁਭ ਰੀਸ ਦੀ ਸਕਲ ਇਖਤਿਆਰ ਕਰ ਜਾਵੇ। ਜੋ ਆਦਮੀ ਅਮੀਰ ਨੂੰ ਵੇਖ ਕੇ ਈਰਖਾ ਕਰਦਾ ਹੈ, ਉਸ ਨੂੰ ਖੁਦ ਅਮੀਰ ਬਣਨ ਦੀ ਕੋਸ਼ਿਸ਼ ਵਿਚ ਰੁਝ ਜਾਣਾ ਚਾਹੀਦਾ ਹੈ, ਜੋ ਸੁਖੀ ਨੂੰ ਵੇਖ ਕੇ ਉਸ ਨਾਲ ਈਰਖਾ ਕਰਦਾ ਹੈ, ਉਸ ਨੂੰ ਇਸ ਕੋਸ਼ਿਸ ਵਿਚ ਰੁਝਣਾ ਚਾਹੀਦਾ ਹੈ ਕਿ ਉਹ ਵੀ ਸੁਖੀ ਬਣਨ ਦਾ ਵਲ ਸਿਖੇ ਅਤੇ ਸੁਖੀ ਬਣ ਜਾਵੇ।

ਇਹ ਖਿਆਲ ਕਿ ਸਾਰੀ ਦੁਨੀਆਂ ਸੁਖੀ ਜਾਂ ਅਮੀਰ ਨਹੀਂ ਹੋ ਸਕਦੀ, ਗਲਤ ਹੈ। ਆਤਮ-ਗਿਆਨ ਅਨੁਸਾਰ ਕੁਲ ਦੁਨੀਆਂ ਥੁੜ ਤੋਂ ਉਚੀ ਅਤੇ ਪੂਰਨ ਸੁਖੀ ਹੋ ਸਕਦੀ ਹੈ ਕਿਉਂਕਿ ਕੁਦਰਤ ਦਾ ਮਨਸ਼ਾ ਇਨਸਾਨ ਨੂੰ ਪੂਰਨ ਸੁਖੀ, ਪੂਰਨ ਅਰੋਗ ਬਣਾ ਕੇ ਰੱਖਣ ਦਾ ਹੈ। ਈਰਖਾ ਕਰਨ ਵਾਲਾ ਆਦਮੀ ਆਪਣੇ ਉਚੇ ਤੇ ਸੁਖੀ ਹੋਣ ਵਿਚ ਸ਼ੱਕ ਕਰਦਾ ਹੈ ਅਤੇ ਉਸ ਦੇ ਦਿਲ ਦੀ ਕਿਤੇ ਲੁਕਵੀਂ ਤਹਿ ਵਿਚ Inferior complex ਜਾਂ ਇਹ ਖਿਆਲ ਹੁੰਦਾ ਹੈ ਕਿ ਮੈਂ ਤਾਂ ਉਚਾ ਹੋ ਨਹੀਂ ਸਕਦਾ, ਕਿਉਂ ਨਾ ਦੂਜੇ ਨੂੰ ਨੀਵਾਂ ਕਰਕੇ ਆਪਣੇ ਵਰਗਾ ਬਣਾ ਲਵਾਂ, ਪਰ ਉਸ ਦਾ ਐਸਾ ਸੋਚਣਾ ਵਿਚਾਰ ਸ਼ਕਤੀ ਦੀ ਗਲਤ ਵਰਤੋਂ ਹੈ। ਈਸ਼ਵਰ ਦੇ ਭੰਡਾਰ ਇਤਨੇ ਭਰਪੂਰ ਹਨ ਕਿ ਸਭ ਜੀਅ ਜੰਤ ਦੀਆਂ ਲੋੜਾਂ ਜੇ ਕਰੋੜਾਂ ਗੁਣਾਂ ਵੀ ਵੱਧ ਜਾਣ ਤਾਂ ਵੀ ਪੂਰੀਆਂ ਹੋ ਕੇ ਉਹ ਭੰਡਾਰੇ ਫੇਰ ਵੀ ਭਰਪੂਰ ਰਹਿਣਗੇ।

# ਚਉਥੈ ਪਹਰਿ ਸਬਾਹ ਕੈ

## ਸੁਰਤਿਆ ਉਪਜੈ ਚਾਉ

**(ਅੰਮ੍ਰਿਤ ਵੇਲੇ ਆਸਾ ਜੀ ਦੀ ਵਾਰ ਦੀ ਸਮਾਪਤੀ ਉਪਰੰਤ ਕੀਤੇ ਬਚਨ)**


*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ।*


### ਹੁਕਮਨਾਮਾ

**ਤਿਲੰਗ ਘਰੁ ੨ ਮਹਲਾ ੫॥**

*ਤੁਧੁ ਬਿਨੁ ਦੂਜਾ ਨਾਹੀ ਕੋਇ॥*
*ਤੂ ਕਰਤਾਰੁ ਕਰਹਿ ਸੋ ਹੋਇ॥*
*ਤੇਰਾ ਜੋਰੁ ਤੇਰੀ ਮਨਿ ਟੇਕ॥*
*ਸਦਾ ਸਦਾ ਜਪਿ ਨਾਨਕ ਏਕ॥੧॥*
*ਸਭ ਊਪਰਿ ਪਾਰਬ੍ਰਹਮੁ ਦਾਤਾਰੁ॥*
*ਤੇਰੀ ਟੇਕ ਤੇਰਾ ਆਧਾਰੁ॥ਰਹਾਉ॥*
*ਹੈ ਤੂਹੈ ਤੂ ਹੋਵਨਹਾਰ॥*
*ਅਗਮ ਅਗਾਧਿ ਊਚ ਆਪਾਰ॥*
*ਜੋ ਤੁਧੁ ਸੇਵਹਿ ਤਿਨ ਭਉ ਦੁਖੁ ਨਾਹਿ॥*
*ਗੁਰ ਪਰਸਾਦਿ ਨਾਨਕ ਗੁਣ ਗਾਹਿ॥੨॥*
*ਜੋ ਦੀਸੈ ਸੋ ਤੇਰਾ ਰੂਪੁ॥*
*ਗੁਣ ਨਿਧਾਨ ਗੋਵਿੰਦ ਅਨੂਪ॥*
*ਸਿਮਰਿ ਸਿਮਰਿ ਸਿਮਰਿ ਜਨ ਸੋਇ॥*
*ਨਾਨਕ ਕਰਮਿ ਪਰਾਪਤਿ ਹੋਇ॥੩॥*
*ਜਿਨਿ ਜਪਿਆ ਤਿਸ ਕਉ ਬਲਿਹਾਰ॥*
*ਤਿਸ ਕੈ ਸੰਗਿ ਤਰੈ ਸੰਸਾਰ॥*
*ਕਹੁ ਨਾਨਕ ਪ੍ਰਭ ਲੋਚਾ ਪੂਰਿ॥*
*ਸੰਤ ਜਨਾ ਕੀ ਬਾਛਉ ਧੂਰਿ॥੪॥੨॥*

*ਪੰਨਾ - 723*

ਸਾਧ ਸੰਗਤ ਜੀ!

*ਵਾਹਿਗੁਰੂ ਜੀ ਕਾ ਖਾਲਸਾ॥*
*ਵਾਹਿਗੁਰੂ ਜੀ ਕੀ ਫਤਹਿ॥*

ਆਪ ਅੰਮ੍ਰਿਤ ਵੇਲੇ ਤੋਂ ਗੁਰੂ ਮਹਾਰਾਜ ਜੀ ਦਾ ਜਸ ਸਰਵਣ ਕਰ ਰਹੇ ਸੀ। ਜੋ ਹੁਕਮ ਦਿੱਤਾ ਹੈ ਜੇ ਇਸ ਹੁਕਮ ਨੂੰ ਸਮਝ ਲਿਆ ਜਾਵੇ ਤੇ ਕਮਾ ਲਿਆ ਜਾਵੇ ਤਾਂ ਉਸ ਨੂੰ ਹੋਰ ਕੁਝ ਕਰਨ ਦੀ ਲੋੜ ਨਹੀਂ ਹੈ, ਉਸ ਦਾ ਆਉਣਾ-ਜਾਣਾ ਖਤਮ ਹੋ ਜਾਂਦਾ ਹੈ, ਸਾਰੇ ਪਾਪਾਂ ਦਾ ਨਾਸ਼ ਹੋ ਜਾਂਦਾ ਹੈ ਪਰ ਇਸ ਥਾਂ ਦੇ ਉੱਤੇ ਕੋਈ ਸੋਝੀ ਵਾਲੀ ਬਿਰਤੀ ਪੈਦਾ ਨਾ ਹੋਣ ਕਰਕੇ ਸਾਨੂੰ ਏਸ ਚੀਜ਼ ਦਾ ਗਿਆਨ ਨਹੀਂ ਹੁੰਦਾ ਕਿਉਂਕਿ ਸਾਡੇ ਮਨ ਦੀ ਮਤ ਐਨੀ ਭਾਰੀ ਹੋ ਗਈ ਹੈ ਜਿਸ ਨੂੰ ਕਿਸੇ ਕੀਮਤ ਤੇ ਵੀ ਅਸੀਂ ਛੱਡਣ ਵਾਸਤੇ ਤਿਆਰ ਨਹੀਂ ਹਾਂ। ਚਾਹੇ ਗੁਰੂ ਸਾਹਿਬ ਆਖੀ ਜਾਣ, ਚਾਹੇ ਰੱਬ ਪ੍ਰਗਟ ਹੋ ਕੇ ਆਖ ਦੇਵੇ, ਬਿਲਕੁਲ ਅਸੀਂ ਮੰਨਣ ਨੂੰ ਤਿਆਰ ਨਹੀਂ ਹਾਂ ਇਨ੍ਹਾਂ ਗੱਲਾਂ ਨੂੰ ਕਿਉਂਕਿ ਸਾਡੇ ਕਰੋੜਾ ਜਨਮਾਂ ਦੇ ਸੰਸਕਾਰ ਐਸੇ ਬਣ ਚੁੱਕੇ ਨੇ, ਦਿਮਾਗੀ ਦਰਜੇ ਤੋਂ ਅਸੀਂ ਐਨੇ ਹੇਠਾਂ ਆ ਚੁੱਕੇ ਹਾਂ ਕਿ ਆਪਣੇ ਆਪ ਨੂੰ ਬਚਾ ਕੇ ਰੱਖਣਾ ਹੀ ਹੈ ਚਾਹੇ ਕੋਈ ਤਰੀਕਾ ਨਿਕਲ ਆਵੇ। ਜੇ ਗੁਰੂ ਮਹਾਰਾਜ ਇਹ ਕਹਿੰਦੇ ਨੇ ਕਿ ਤੁਹਾਡੇ ਤੋਂ ਬਗੈਰ ਇਥੇ ਹੋਰ ਕੋਈ ਨਹੀਂ ਹੈ ਤਾਂ ਅਸੀਂ ਇਸ ਦਾ ਮਤਲਬ ਹੋਰ ਤਰ੍ਹਾਂ ਕੱਢ ਲੈਂਦੇ ਹਾਂ ਕਿ ਸੱਚੇ ਪਾਤਸ਼ਾਹ! ਮੈਂ ਵੀ ਹਾਂ, ਮੇਰਾ ਪਰਿਵਾਰ ਵੀ ਹੈ, ਮੇਰੀ ਜਾਇਦਾਦ ਵੀ ਹੈ, ਦੁਨੀਆਂ ਵੀ ਹੈ, ਚੰਗੇ ਵੀ ਹਨ, ਮੰਦੇ ਵੀ ਹਨ, ਰਾਜੇ ਵੀ ਹਨ,

ਸੰਤ ਵਰਿਆਮ ਸਿੰਘ ਜੀ ਸੰਗਤਾਂ ਵਿਚ ਪ੍ਰਵਚਨ ਕਰਦੇ ਹੋਏ

ਰਿਆਇਆ (ਪਰਜਾ) ਵੀ ਹੈ, ਗਿਆਨੀ ਵੀ ਹਨ ਤੇ ਅਗਿਆਨੀ ਵੀ ਹਨ, ਗੁਰਮੁਖ ਵੀ ਹਨ, ਮਨਮੁਖ ਵੀ ਹਨ ਤੇ ਤੇਰਾ ਬਚਨ ਵੀ ਅਸੀਂ ਮੰਨਦੇ ਹਾਂ ਪਰ ਆਹ ਜਿੰਨਾ ਕੁਝ ਅਸੀਂ ਗਿਣਿਆ ਹੈ ਇਹ ਤਾਂ ਹੈ ਨਾਹ ਫੇਰ ਜਰੂਰ ਹੀ, ਹਾਂ। ਇਕ ਗੱਲ ਨਾਲ ਅਸੀਂ ਸਹਿਮਤ ਹੋ ਜਾਂਦੇ ਹਾਂ ਕਿ ਇਸ ਸੰਸਾਰ ਨੂੰ ਚਲਾਉਣ ਵਾਲਾ ਤੇਰੇ ਬਿਨਾ ਹੋਰ ਕੋਈ ਨਹੀਂ ਹੈ। ਨਾ ਕੋਈ ਬਰ੍ਹਮਾ ਹੈ, ਨਾ ਕੋਈ ਵਿਸ਼ਨੂੰ ਹੈ, ਨਾ ਕੋਈ ਸ਼ਿਵਜੀ ਹੈ ਤੇ ਨਾ ਕੋਈ ਹੋਰ ਹੈ, ਇਹ ਤੂੰ ਹੀ ਹੈ-

***ਤੂ ਕਰਤਾਰੁ ਕਰਹਿ ਸੋ ਹੋਇ॥*** *ਪੰਨਾ - 723*

ਇਸਦੇ ਵਿਚ ਕਿੰਨਾ ਗਲਤ ਕੰਮ ਹੋ ਗਿਆ ਤੇ ਤੂੰ ਵੀ ਹੈ ਤੇ ਅਸੀਂ ਵੀ ਹਾਂ। ਜੇ ਤੈਨੂੰ ਦੇਵਤਿਆਂ ਦਾ ਅਸੀਂ ਕਹਿ ਦਿੱਤਾ ਕਿ ਉਹ ਨਹੀਂ ਹਨ ਤਾਂ ਇਸ ਦੇ ਨਾਲ ਕੋਈ ਫਰਕ ਨਹੀਂ ਪੈਂਦਾ। ਇਹ ਕੁਝ ਬਾਤ ਸਮਝ 'ਚ ਆਉਣੀ ਔਖੀ ਹੈ ਕਿਉਂ ਸਾਡੇ ਮਨ ਦੀ ਧਾਰਨਾ ਐਸੀ ਬਣ ਚੁੱਕੀ ਹੈ, ਪੱਕੀ ਹੋ ਚੁੱਕੀ ਹੈ ਕਿ ਅਸੀਂ ਇਸ ਚੱਕਰ ਵਿਚੋਂ ਨਿਕਲਣ ਲਈ ਤਿਆਰ ਨਹੀਂ ਹਾਂ। ਆਖਰ ਕਿਉਂ ਹੈ ਇਹ ਚੀਜ਼? ਵਿਚਾਰਵਾਨਾਂ ਨੂੰ, ਅਭਿਆਸੀਆਂ ਨੂੰ ਸੋਚਣੀ ਪੈਂਦੀ ਹੈ ਕਿ ਜੇ ਮਹਾਰਾਜ ਜੀ ਇਹ ਕਹਿੰਦੇ ਨੇ ਤਾਂ ਇਸ ਦਾ ਕਿਵੇਂ ਅਨੁਭਵ ਹੋਵੇ?

ਇਕ ਤਾਂ ਇਹ ਹੈ ਕਿ ਤੂੰ ਜਿਹੜਾ ਕੁਝ ਕਰਦਾ ਹੈਂ ਉਹ ਹੁੰਦਾ ਹੈ ਤੇ ਮੈਂ ਤਾਂ ਇਹ ਵੀ ਨਹੀਂ ਮੰਨਣ ਨੂੰ ਤਿਆਰ, ਮੇਰੇ ਨਾਲ ਲੋਕ ਜਿਹੜਾ ਕੁਝ ਕਰਦੇ ਨੇ ਓਹੀ ਕੁਝ ਹੁੰਦਾ ਹੈ। ਮੇਰੇ ਦੁਸ਼ਮਣ ਮੈਨੂੰ ਨੁਕਸਾਨ ਪਹੁੰਚਾਉਣ ਵਾਲੇ ਜਿਹੜਾ ਕੁਝ ਕਰਦੇ ਨੇ ਓਹੀ ਹੁੰਦਾ ਹੈ। ਇਹੀ ਵੀ ਮੈਂ ਸੱਚੇ ਪਾਤਸ਼ਾਹ! ਮੰਨਣ ਨੂੰ ਤਿਆਰ ਨਹੀਂ ਹਾਂ ਕਿਉਂਕਿ ਜੇ ਤੂੰ ਕੁਝ ਕਰੇਂਗਾ ਤਾਂ ਚੰਗਾ ਹੀ ਕਰੇਂਗਾ, ਮਾੜਾ ਤਾਂ ਨਹੀਂ ਕਰਦਾ। ਮੇਰੇ ਨਾਲ ਤਾਂ ਮਾੜੀਆਂ ਗੱਲਾਂ ਵੀ ਹੋ ਜਾਂਦੀਆਂ ਹਨ, ਮੈਨੂੰ ਘਾਟੇ ਵੀ ਪੈ ਜਾਂਦੇ, ਮੈਨੂੰ ਨਿਰਾਦਰੀ ਵੀ ਸਹਿਣੀ ਪੈਂਦੀ ਹੈ, ਕਿਤੇ ਮੇਰੀ ਉਪਮਾ ਵੀ ਬਹੁਤ ਹੁੰਦੀ ਹੈ। ਸੋ ਇਨ੍ਹਾਂ ਖਿਆਲਾਂ ਨੂੰ ਦੁਅੰਧ ਦੇ ਖਿਆਲ ਕਹਿੰਦੇ ਨੇ। ਦੋ ਪਾਸਿਆਂ ਦੇ ਖਿਆਲ ਚੱਲੀ ਜਾਣੇ ਅਰਥ ਆਪਣਾ ਹੀ ਕਢਣਾ ਤੇ ਉਸ ਦੇ ਮੁਤਾਬਿਕ ਸਤੁੰਸ਼ਟ ਰਹਿਣਾ, ਆਪਣੇ ਆਪ ਨੂੰ ਤਸੱਲੀ ਦੇ ਦੇਣੀ। ਗੁਰੂ ਮਹਾਰਾਜ ਕਹਿੰਦੇ ਕਿ ਏਸ ਤਰ੍ਹਾਂ ਦਾ ਕੰਮ ਨਹੀਂ ਚੱਲਣਾ। ਇਹ ਜਿਹੜੇ ਅਰਥ ਕੱਢਦਾ ਹੈ ਇਹ ਕੌਣ ਕੱਢਦਾ ਹੈ?

ਕਹਿੰਦਾ, "ਜੀ! ਮੇਰੀ ਬੁੱਧੀ ਕੱਢਦੀ ਹੈ।"

ਕਹਿੰਦੇ, ਫੇਰ! ਤੂੰ ਕੌਣ ਹੋਇਆ? ਤੂੰ ਆਪਣੇ ਆਪ ਨੂੰ ਦੇਖ।"

ਕਈ ਇਸ ਸੋਚ ਵਿਚ ਪਏ ਹੋਏ ਇਥੇ ਖੜ੍ਹ ਗਏ ਕਿ ਮੈਂ ਸੀ? ਮੇਰਾ ਨਾਸ ਕਦੇ ਨਹੀਂ ਹੋਇਆ? ਤੇ ਸਦਾ ਸਦਾ ਤੋਂ ਮੈਂ ਹਾਂ। ਜਦੋਂ ਸੰਸਾਰ ਨਹੀਂ ਹੋਏਗਾ ਤਾਂ ਵੀ ਮੈਂ ਹੋਵਾਂਗਾ। ਉਨ੍ਹਾਂ ਨੇ ਆਪਣੇ ਨਾਲ ਇਹ ਵੀ ਰਲਾ ਲਿਆ ਕਿ ਜਿਹੜੀ ਮਾਇਆ ਹੈ ਇਸ ਦੀ ਹੋਂਦ ਵੀ ਪੱਕੀ ਹੈ, ਇਸ ਸੰਸਾਰ ਦੀ ਹੋਂਦ ਵੀ ਪੱਕੀ ਹੈ ਜਿਵੇਂ ਮੇਰੀ ਤੇ ਵਾਹਿਗੁਰੂ ਦੀ ਹੋਂਦ ਸਥਿਰ ਹੈ ਤੇ ਜਿਹੜੀਆਂ ਉਸ ਦੀਆਂ ਸ਼ਕਤੀਆਂ ਨੇ ਇਨ੍ਹਾਂ ਦੀ ਹੋਂਦ ਵੀ ਪੱਕੀ ਹੈ। ਸੋ ਜੀਵ ਇਥੇ ਜਾ ਕੇ ਖੜ੍ਹ ਗਿਆ। ਉਸ ਦੇ ਨਾਲ ਫਲਸਫੇ ਬਣੇ, ਸ਼ਾਸਤਰ ਬਣੇ, ਚਿੰਤਕਾਂ ਨੇ ਬਹੁਤ ਕਿਤਾਬਾਂ ਲਿਖੀਆਂ। ਆਦਮੀ ਨੂੰ ਕੁਝ ਤਸੱਲੀ ਹੁੰਦੀ ਗਈ ਕਿ ਇਸ ਮਾਇਆ ਵਿਚੋਂ ਜੇ ਨਿਕਲ ਜਾਈਏ ਤਾਂ ਕੋਈ ਸੁਖ ਦਾ ਸਾਹ ਆ ਸਕਦਾ ਹੈ ਕਿਉਂਕਿ ਮਾਇਆ ਦਾ ਇਹ ਹੈ ਕਿ ਇਸ ਦੇ ਵਿਚ ਜੰਮਣਾ-ਮਰਣਾ ਬਣਿਆ ਰਹਿੰਦਾ ਹੈ, ਜੰਮਾਂਗੇ-ਮਰਾਂਗੇ, ਜੰਮਣ ਦਾ ਤਾਂ ਸਾਨੂੰ ਪਤਾ ਨਹੀਂ ਭੁੱਲ ਜਾਂਦੇ ਹਾਂ ਕਿ ਕਿਸ ਤਰ੍ਹਾਂ ਦੇ ਨਾਲ ਕਿੰਨੀ ਤਕਲੀਫ ਹੋਈ। ਮਹਾਤਮਾ ਜਨ ਦਸਦੇ ਨੇ ਕਿ ਜਿੰਨੀ 400 ਤਲਵਾਰ ਇਕੋ ਥਾਂ ਤੇ ਮਾਰੀ ਜਾਵੇ ਵਾਰੋ-ਵਾਰੀ ਜਾਂ 1000 ਬਿੱਛੂ ਇਕੱਠਾ ਲੜ ਜਾਵੇ। ਉਹ ਤਾਂ ਅਸੀਂ ਭੁੱਲ ਜਾਂਦੇ ਹਾਂ ਕਿਉਂਕਿ ਸਾਡੀ ਓਸ ਵੇਲੇ ਤਾਂ ਯਾਦਾਸ਼ਤ ਹੁੰਦੀ ਨਹੀਂ ਤੇ ਐਨੀ ਤਕਲੀਫ ਨੂੰ ਅਸੀਂ ਗਿਣਦੇ ਨਹੀਂ ਹਾਂ ਲੇਕਿਨ ਜਿਹੜਾ ਆਉਣਾ ਹੈ ਸਾਹਮਣੇ ਕਿ ਸੰਸਾਰ ਤੋਂ ਜਾਣਾ ਹੈ ਉਹ ਸਾਡੇ ਸਾਹਮਣੇ ਰਹਿੰਦਾ ਹੈ। ਇਹ ਵੀ ਬੜਾ ਔਖਾ ਹੈ। ਪ੍ਰਾਪਰਟੀਆਂ ਬਣਾਈਆਂ, ਕੋਠੀਆਂ ਬਣਾਈਆਂ, ਘਰ ਬਣਾਏ ਸਾਰੀ ਜਿੰਦਗੀ ਖਪਦੇ ਰਹੇ ਤੇ ਬੇਅੰਤ ਬੈਂਕਾਂ ਵਿਚ ਧਨ ਜੋੜਿਆ, ਬੜਾ ਨਾਉਂ ਖਟਿਆ ਤੇ ਇਹ ਬਸ ਗਿਆ ਆਇਆ ਹੋ ਗਿਆ, ਇਹ ਤਾਂ ਕੁਝ ਵੀ ਨਾ ਮੇਰੇ ਨਾਲ ਗਿਆ। ਉਹ ਜਿਹੜਾ ਛਡਣਾ ਹੈ ਇਸ ਚੀਜ਼ ਨੂੰ ਇਸ ਦਾ ਬੜਾ ਦੁਖ ਹੈ ਕਿਉਂਕਿ ਛੱਡਿਆ ਤਾਂ ਇਕ ਕਮੀਜ ਵੀ ਨਹੀਂ ਜਾਂਦਾ ਸਾਥੋਂ। ਕੋਈ ਸਾਡਾ ਕਮੀਜ ਸਾਹਮਣਿਓ ਚੁੱਕ ਲਏ, ਉਹ ਵੀ ਔਖਾ ਹੈ ਕਿ ਕਮੀਜ ਲੈ ਗਿਆ ਮੇਰਾ, ਇਕ ਕੱਪੜਾ ਛੱਡਣਾ ਵੀ ਔਖਾ ਹੈ।

ਸੋ ਐਨੀ ਜਾਇਦਾਦ ਛੱਡਣੀ ਕੋਈ ਮਜਬੂਰੀ ਕਰਕੇ ਛੱਡ ਸਕਦਾ ਹੈ ਲੇਕਿਨ ਦੁਖ ਬੜਾ ਜਬਰਦਸਤ ਹੁੰਦਾ ਹੈ। ਸੋ ਇਹ ਚੀਜ਼ ਬਾਰ-ਬਾਰ ਆਉਣ ਕਰਕੇ ਮਨੁੱਖ ਕਹਿੰਦਾ ਹੈ ਕਿ ਕੀ ਮੈਨੂੰ ਕੋਈ ਐਸਾ ਟਿਕਾਣਾ ਮਿਲ ਸਕਦਾ ਹੈ ਕਿ ਮੈਂ ਜੰਮਾਂ ਤੇ ਮਰਾਂ ਨਾ, ਟਿਕ ਕੇ ਰਹਾਂ, ਹੋਵਾਂ ਮੈਂ ਜਰੂਰ ਪਰ ਮੇਰੇ ਉੱਤੇ ਕੋਈ ਦੁਖ ਨਾ ਹੋਵੇ। ਇਸ ਦੇ ਉੱਤੇ ਚਿੰਤਕਾਂ ਨੇ ਬੜੇ ਸਾਧਨ ਕੀਤੇ, ਬੜੀਆਂ ਵਿਚਾਰਧਾਰਾਵਾਂ ਬਣੀਆਂ, ਪਾਤੰਜਲ ਨੇ ਅੰਦਰਲੀ ਸਾਧਨਾ ਕਰੀ ਬੜੀ ਜਬਰਦਸਤ, ਮਨ ਨੂੰ ਮਾਇਆ ਤੋਂ ਵਖਰੇ ਕਰਨ ਦੇ ਸਾਧਨ, 6 ਚੱਕਰ ਛੇਦ ਕੇ ਦਸਵੇਂ ਦੁਆਰੇ ਵਿਚ ਜਾਣ ਦਾ ਸਾਧਨ ਜਿਥੇ ਫੁਰਨਾ ਨਹੀਂ ਹੈ ਜਿਥੇ ਆਨੰਦ ਹੈ, ਇਹ ਉਸ ਨੇ ਪਾਤੰਜਲ ਨੇ ਦੁਨੀਆਂ ਦੇ ਵਿਚ ਪ੍ਰਚਾਰਿਆ। ਰਿੱਧੀਆਂ ਸਿਧੀਆਂ ਸ਼ਕਤੀਆਂ ਤੋਂ ਆਪਣੇ ਆਪ ਨੂੰ ਨਿਵੇਕਲਾ ਕੱਢ ਲਿਆ, ਵੱਖਰਾ ਕੱਢ ਲਿਆ ਕਿ ਜੀਵ ਜਿਹੜਾ ਹੈ ਇਹ ਪਰਮ ਪਦ ਦੀ ਪ੍ਰਾਪਤੀ ਕਰਕੇ ਕੈਵਲਯ (ਇਕ ਤਰ੍ਹਾਂ ਦੀ ਮੁਕਤੀ) ਹੋ ਜਾਂਦਾ ਹੈ ਫੇਰ ਜੰਮਦਾ ਮਰਦਾ ਨਹੀਂ ਹੈ। ਇਸੇ ਵਿਚਾਰਧਾਰਾ ਨੂੰ ਮਹਾਤਮਾ ਬੁੱਧ ਨੇ ਅਪਣਾਇਆ, ਜੈਨੀਆਂ ਨੇ ਅਪਣਾਇਆ, ਨਿਆਏ ਸਾਸ਼ਤਰ ਨੇ ਅਪਣਾਇਆ, ਸਾਂਖ ਨੇ ਅਪਣਾਇਆ ਲੇਕਿਨ ਵੈਦਾਂਤ ਨੇ ਏਸ ਨੂੰ ਮੰਨਿਆ ਨਾ। ਉਹ ਕਹਿਣ ਲੱਗੇ ਇਹ ਤਾਂ ਗਲਤ ਹੈ। ਜਿਸ ਤਰ੍ਹਾਂ

(ਬਾਕੀ ਪੰਨਾ 48 ਤੇ)

# ਹਿਮਾਲੀਅਨ ਯੋਗੀ ਦਾ ਸੰਗ
# (Walking With Himalayan Master)

*ਡਾ. ਜਸਟਿਨ ਓਬਰਾਇਨ*
*ਅਨੁਵਾਦਕ - ਡਾ. ਬੀਬੀ ਤੇਜਿੰਦਰ ਮਲਹੋਤਰਾ*

## ਸਮਾਧੀ

ਜਦੋਂ ਤੁਸੀਂ ਸਥਿਰ ਹੋਣਾ ਸਿੱਖ ਲੈਂਦੇ ਹੋ, ਆਪਣਾ ਸਿਰ, ਗਰਦਨ ਅਤੇ ਧੜ ਇਕ ਹੀ ਲਾਈਨ ਵਿਚ ਸਿੱਧਾ ਰੱਖ ਸਕਦੇ ਹੋ ਤੇ ਸੁਆਸ ਵੀ ਸ਼ਾਂਤ ਕਰ ਲੈਂਦੇ ਹੋ ਤੇ ਆਪਣੇ ਵਿਚਾਰਾਂ ਤੇ ਕਾਬੂ ਪਾ ਲੈਂਦੇ ਹੋ, ਉਹ ਵਿਚਾਰ ਜਿਹੜੇ ਪਤਾ ਨਹੀਂ ਕਿਥੋਂ ਆਉਂਦੇ ਹਨ। ਸਾਨੂੰ ਇਨ੍ਹਾਂ ਵਿਚਾਰਾਂ ਨਾਲ ਲੜਾਈ ਨਹੀਂ ਕਰਨੀ ਚਾਹੀਦੀ, ਨਾ ਹੀ ਇਨ੍ਹਾਂ ਵਿਚਾਰਾਂ ਨੂੰ ਦਬਾਉਣਾ ਚਾਹੀਦਾ ਹੈ, ਬਲਕਿ ਇਨ੍ਹਾਂ ਨੂੰ ਦੇਖਣਾ ਚਾਹੀਦਾ ਹੈ, ਇਨ੍ਹਾਂ ਦਾ ਨਰੀਖਣ ਕਰਨਾ ਚਾਹੀਦਾ ਹੈ। ਇਸ ਗੱਲ ਦਾ ਫੈਸਲਾ ਕਰ ਲਓ, ਪੱਕਾ ਨਿਸ਼ਚਾ ਕਰ ਲਓ, ਚਾਹੇ ਕੁਝ ਕਿਉਂ ਨਾ ਹੋ ਜਾਵੇ, ਤੁਸੀਂ ਧਿਆਨ ਤੇ ਜ਼ਰੂਰ ਹੀ ਬੈਠੋਗੇ। ਪਹਿਲਾਂ ਪਹਿਲਾਂ ਇਸ ਤਰ੍ਹਾਂ ਕਰਨਾ ਔਖਾ ਹੋਵੇਗਾ ਪਰ ਅਭਿਆਸ ਨਾਲ ਨਿਰੰਤਰ ਅਭਿਆਸ ਬਣ ਜਾਵੇਗਾ। ਇਸ ਨਿਰੰਤਰ ਅਭਿਆਸ ਨਾਲ ਤੁਸੀਂ ਨਿਰਪੱਖ ਹੋ ਜਾਂਦੇ ਹੋ, ਅੱਡ ਹੋ ਜਾਂਦੇ ਹੋ ਤੇ ਇਸ ਅਵਸਥਾ ਤੇ ਪਹੁੰਚ ਜਾਂਦੇ ਹੋ ਜਿਥੇ ਤੁਸੀਂ ਇਕ ਦਰਸ਼ਕ ਬਣ ਜਾਂਦੇ ਹੋ, ਕਰਤਾ ਨਹੀਂ ਰਹਿੰਦੇ, ਓਦੋਂ ਹੀ ਤੁਸੀਂ ਪੂਰੀ ਤਰ੍ਹਾਂ ਨਾਲ ਸ਼ਾਂਤ ਹੋ ਸਕਦੇ ਹੋ, ਉਦੋਂ ਹੀ ਤੁਸੀਂ ਮਾਨਸਿਕ, ਸਰੀਰਕ ਪੱਖੋਂ ਪੂਰੀ ਤਰ੍ਹਾਂ ਨਿਸਲ ਹੋ ਕੇ ਆਰਾਮ ਕਰ ਸਕਦੇ ਹੋ।

**ਸੰਪਾਦਕ ਵਲੋਂ** - ਸਵਾਮੀ ਜੀ ਦੇ ਲੇਖਾਂ ਵਿਚ ਸਮਾਧੀ ਸਬੰਧੀ ਆਤਮ ਅਭਿਆਸ ਦੀ ਜੋ ਵਿਚਾਰਧਾਰਾ ਮਿਲਦੀ ਹੈ, ਉਸ ਤੋਂ ਸ਼ਾਂਤੀ ਤੇ ਸੁਖ ਪ੍ਰਾਪਤ ਹੁੰਦਾ ਹੈ। ਇਨ੍ਹਾਂ ਲੇਖਾਂ ਦਾ ਆਧਾਰ ਵੇਦਾਂਤ ਹੈ। ਗੁਰਮਤਿ ਅਨੁਸਾਰ ਸਿਮਰਨ ਅਭਿਆਸ ਅਤੇ ਸੰਜਮ ਅਤੇ ਸੇਵਾ ਦੇ ਲਾਭ ਗੁਰਬਾਣੀ ਵਿਚ ਦਰਸਾਏ ਗਏ ਹਨ। ਗੁਰਬਾਣੀ ਅਨੁਸਾਰ ਕੋਈ ਅਭਿਆਸ ਜਾਂ ਸਮਾਧੀ ਪੂਰੇ ਸਤਿਗੁਰੂ ਦੇ ਉਪਦੇਸ਼ ਅਤੇ ਗੁਰਮੰਤ੍ਰ ਅਤੇ ਨਾਮ ਤੋਂ ਬਿਨਾਂ ਜਨਮ ਮਰਣ ਦੇ ਗੇੜ ਕੱਟਣ ਦੇ ਸਮਰੱਥ ਨਹੀਂ ਹੁੰਦੀ। ਗੁਰਵਾਕ ਹੈ –

*ਬਿਨੁ ਗੁਰ ਸਬਦ ਨ ਛੂਟਸਿ ਕੋਇ॥*
*ਪਾਖੰਡਿ ਕੀਨੈ ਮੁਕਤਿ ਨ ਹੋਇ॥ ਪੰਨਾ - 839*

*ਸਬਦੁ ਸੁਰਤਿ ਬਿਨੁ ਆਈਐ ਜਾਈਐ॥ ਪੰਨਾ - 1042*

*ਗੁਰਮੰਤ੍ਰ ਹੀਣਸ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ॥*
*ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ॥*
*ਪੰਨਾ - 1357*

ਭਾਰਤ ਵਿਚ ਪ੍ਰਚਲਤ ਸਮੂਹ ਕਰਮਕਾਂਡੀ ਕਿਰਿਆਵਾਂ ਨੂੰ ਅਪ੍ਰਵਾਨ ਕਰਦਿਆਂ ਗੁਰੂ ਜੀ ਨੇ ਨਾਮ ਸਿਮਰਨ ਅਤੇ ਪ੍ਰਭੂ ਕੀਰਤਨ ਨੂੰ ਸਰਵੋਤਮ ਅਧਿਆਤਮਕ ਕਰਮ ਮੰਨਿਆ ਹੈ। ਫੁਰਮਾਨ ਹੈ –

*ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ॥*
*ਹਾਰਿ ਪਰਿਓ ਸੁਆਮੀ ਕੈ ਦੁਆਰੈ ਦੀਜੈ ਬੁਧਿ ਬਿਬੇਕਾ॥*
*ਪੰਨਾ - 641*

ਮੈਂ ਆਪਣੇ ਲੈਕਚਰਾਂ ਵਿਚ ਵੱਧ ਤੋਂ ਵੱਧ ਵਿਦਿਆਰਥੀਆਂ ਨੂੰ ਸਮਝਾਉਂਦਾ, ਉਨ੍ਹਾਂ ਨੂੰ ਸੰਪੂਰਨ ਜੀਵਨ ਜੀਉਣ ਦੀ ਜਾਚ ਦਸਦਾ। ਧਰਮ ਸ਼ਾਸਤਰ ਅਨੁਸਾਰ ਸੰਪੂਰਨ ਮਨੁੱਖ ਧਰਮ ਸਾਸ਼ਤਰ ਦਾ ਭਾਗ ਹੈ। ਹਰ ਇਕ ਵਿਆਖਿਆਕਾਰ ਨੇ ਧਰਮ ਸ਼ਾਸਤਰ ਦੀ ਆਪਣੀ ਪਰਿਭਾਸ਼ਾ ਦਿਤੀ ਹੈ, ਉਸ ਦੇ ਗੁਣ ਉਸ ਦੀਆਂ ਸੀਮਾਂ, ਉਸ ਦਾ ਵਿਕਾਸ ਦਿਤਾ ਹੈ। ਇਹ ਪ੍ਰੀਭਾਸ਼ਾ ਆਈਆਂ ਕਿਥੋਂ ਹਨ? ਇਨ੍ਹਾਂ ਨੂੰ ਬਨਾਣ ਵਾਲਾ ਕੌਣ ਸੀ? ਉਨ੍ਹਾਂ ਕੋਲ ਇਨ੍ਹਾਂ ਦੇ ਕੀ ਸਬੂਤ ਸੀ? ਉਨ੍ਹਾਂ ਨੇ ਇਹ ਤੱਤ ਕਿਵੇਂ ਕੱਢੇ? ਉਨ੍ਹਾਂ ਕੋਲ ਕਿਹੜੀ ਇਹੋ ਜਿਹੀ ਕਸੌਟੀ ਸੀ ਜਿਸ ਨਾਲ ਉਨ੍ਹਾਂ ਨੇ ਇਹ ਸਭ ਕੁਝ ਨਾਪਿਆ? ਸਾਰਾ ਸਿਮੈਸਟਰ ਮੈਂ ਇਨ੍ਹਾਂ ਪ੍ਰਸ਼ਨਾਂ ਤੇ ਦਮਾਗ ਲਗਾਇਆ। ਇਸ ਤਰ੍ਹਾਂ ਕਰਨ ਦੇ ਦੋ ਕਾਰਣ ਸੀ। ਇਕ ਤਾਂ ਸੀ ਕਿ ਵਿਦਿਆਰਥੀ ਕੇਵਲ ਸਰੋਤੇ ਨਾ ਰਹਿਣ ਤੇ ਧਰਮ ਸ਼ਾਸਤਰ ਦੀ ਹਰ ਗੱਲ ਚੁੱਪ ਕਰਕੇ ਨਾ ਮੰਨ ਲੈਣ, ਉਹ ਹਰ ਗੱਲ ਦਾ ਵਿਸ਼ਲੇਸ਼ਨ ਕਰਨ, ਦੇਖਣ ਤੇ ਜਾਂਚਣ। ਦੂਸਰਾ ਇਹ ਸੀ ਕਿ ਜਦੋਂ ਤਕ ਉਹ ਗਿਆਨ ਵਿਵੇਕ ਤੋਂ ਅੱਗੇ ਨਹੀਂ ਜਾਣਗੇ ਉਨ੍ਹਾਂ ਦਾ ਧਰਮ ਸਾਸ਼ਤਰ ਦਾ ਗਿਆਨ ਕੇਵਲ ਇਕ ਦਾਵਾ ਬਣ ਕੇ ਰਹਿ ਜਾਵੇਗਾ ਉਹ ਇਸ ਨੂੰ ਤੱਤ ਗਿਆਨ ਨਹੀਂ ਕਹਿ ਸਕਣਗੇ।

ਪ੍ਰਯੋਗਸ਼ਾਲਾ ਵਿਚ ਇਕ ਪ੍ਰਯੋਗ ਅਸੀਂ ਕੀਤਾ। ਉਹ ਸੀ ਸਾਧੂਆਂ, ਸੰਤਾਂ ਬਾਰੇ ਤੇ ਉਨ੍ਹਾਂ ਦੀ ਪੀੜਾ ਹਰਨ ਦੀ ਸ਼ਕਤੀ, ਹਵਾ ਵਿਚ ਉਡਣ ਦੀਆਂ ਗੱਲਾਂ ਦਾ ਪਤਾ ਲਗਾਣਾ, ਮਨਾਂ ਦੀ ਬੁਝ ਲੈਣੀਆਂ ਹੋਰ ਬਹੁਤ ਸਾਰੇ ਕੌਤਕ। ਇਨ੍ਹਾਂ ਸਾਰੀਆਂ ਗੱਲਾਂ ਨਾਲ ਉਨ੍ਹਾਂ ਦੇ ਮਨ ਤੇ ਕਲਪਨਾ ਬਹੁਤ ਹੀ ਹੈਰਾਨ ਸੀ। ਵਿਦਿਆਰਥੀਆਂ ਲਈ ਸਭ ਤੋਂ ਔਖਾ ਸੀ ਕਿ ਉਹ ਆਪਣੇ ਮਜ਼ਹਬ ਨੂੰ ਕਿਵੇਂ ਇਕ ਪਾਸੇ ਕਰਕੇ ਰਹੱਸਮਈ ਅਲੌਕਿਕ ਗੱਲਾਂ ਨੂੰ ਦੇਖਣ ਤੇ ਪਰਖਣ ਤਾਂ ਜੋ ਉਨ੍ਹਾਂ ਦੇ ਕੱਟੜਵਾਦ ਨੂੰ ਵੀ ਠੇਸ ਨਾਂਹ ਪਹੁੰਚੇ।

ਇਕ ਗੱਲ ਉਨ੍ਹਾਂ ਨੂੰ ਜ਼ਰੂਰ ਚੰਗੀ ਤਰ੍ਹਾਂ ਸਮਝ ਆ ਗਈ ਕਿ ਇਸ ਖੋਜ ਵਿਚ ਸਭ ਤੋਂ ਮਹੱਤਵਪੂਰਨ ਭਾਗ ਚੇਤਨਤਾ ਹੈ, ਕਿਥੋਂ ਤਕ ਤੁਸੀਂ ਚੇਤਨਾ ਨੂੰ ਵਿਕਸਿਤ ਕਰ ਸਕਦੇ ਹੋ, ਮੈਂ ਇਹ ਸਲਾਹ ਦਿਤੀ ਕਿ ਅਸੀਂ ਕਲਾਸ ਵਿਚ ਪ੍ਰਯੋਗ ਕਰੀਏ ਜਿਸ ਨਾਲ ਰਹੱਸ ਤੇ ਅਲੌਕਿਕਤਾ ਤੇ ਗਤੀਸ਼ੀਲਤਾ ਤੇ ਚਾਨਣ ਪੈ ਸਕੇ।

ਅਗਲੇ ਸੋਮਵਾਰ ਮੈਂ ਉਨ੍ਹਾਂ ਨੂੰ ਆਪਣਾ ਤਾਪਮਾਨ ਪੰਜ ਡਿਗਰੀ ਵਧਾਣ ਲਈ ਵਿਦਿਆਰਥੀਆਂ ਨੂੰ ਕਿਹਾ। ਜਿਹੜਾ ਵੀ ਆਪਣਾ ਤਾਪਮਾਨ ਪੰਜ ਡਿਗਰੀ ਵਧਾ ਸਕੇਗਾ, ਉਸ ਨੂੰ ਮੈਂ ‘A’ ਦਿਆਂਗਾ। ਇਕ ਤੋਂ ਬਾਅਦ ਇਕ ਥਰਮਾਮੀਟਰ ਲਗਾਉਂਦਾ ਗਿਆ। ਹਰ ਵਾਰੀ ਉਨ੍ਹਾਂ ਦਾ ਤਾਪਮਾਨ ਠੰਡਾ ਹੁੰਦਾ ਗਿਆ ਜਿਸ ਦਾ ਭਾਵ ਸੀ ਕਿ ਉਹ ਬੋਝ ਮਹਿਸੂਸ ਕਰ ਰਹੇ ਹਨ। ਮੈਂ ਕਿਸੇ ਨੂੰ ਵੀ ਇਸ ਪ੍ਰਯੋਗ ਲਈ ‘A’ ਨਹੀਂ ਦੇ ਸਕਿਆ।

ਬਾਅਦ ਵਿਚ ਮੈਂ ਉਨ੍ਹਾਂ ਨੂੰ ਦੱਸਿਆ ਕਿ ਜਦੋਂ ਤੁਸੀਂ ਘਬਰਾ ਜਾਂਦੇ ਹੋ ਜਾਂ ਕਿਸੇ ਤਾਂਘ ਵਿਚ ਹੁੰਦੇ ਹੋ, ਛੋਟੀਆਂ ਛੋਟੀਆਂ ਨਾੜੀਆਂ ਤੰਗ ਹੋ ਜਾਂਦੀਆਂ ਹਨ, ਹੱਥ ਪੈਰ ਠੰਡੇ ਪੈ ਜਾਂਦੇ ਹਨ। ਤੁਸੀਂ ਸਾਰੇ ਆਪਣੇ ਆਪ ਨਾਲ ‘A’ ਲੈਣ ਦਾ ਫੈਸਲਾ ਕਰ ਰਹੇ ਸੀ। ਤੁਸੀਂ ਆਪਣੇ ਸਰੀਰ ਨੂੰ ਖਿੱਚ ਰਹੇ ਸੀ। ਜ਼ਬਰਦਸਤੀ ਸਰੀਰ ਨੂੰ ਆਰਾਮ ਵਿਚ ਲੈ ਜਾਣਾ ਚਾਹੁੰਦੇ ਸੀ। ਇਸ ਤਰ੍ਹਾਂ ਨਹੀਂ ਹੋ ਸਕਦਾ, ਤੁਹਾਡਾ ਸਰੀਰ ਉਹ ਹੀ ਕਰ ਰਿਹਾ ਸੀ ਜੋ ਤੁਸੀਂ ਕਹਿ ਰਹੇ ਸੀ। ਤੁਸੀਂ ਸੋਚਦੇ ਸੀ ਕਿ ਤੁਸੀਂ ਆਪਣੇ ਅੰਦਰ ਦੇ ਸਰੀਰ ਨੂੰ ਜਬਰਦਸਤੀ ਉਹ ਕਰਾ ਲਓਗੇ ਜੋ ਤੁਸੀਂ ਚਾਹੁੰਦੇ ਹੋ। ਉਨ੍ਹਾਂ ਨੇ ਮੈਨੂੰ ਵੰਗਾਰਿਆ, ਹੋਰ ਰੌਚਿਕ ਬਣਾਉਣ ਲਈ ਮੈਂ ਇਕ ਹੋਰ ਗੱਲ ਅੱਗੇ ਰੱਖੀ। ਉਹ ਸੀ ਕਿ ਜੇ ਮੈਂ ਆਪਣਾ ਤਾਪਮਾਨ ਦੱਸ ਡਿਗਰੀ ਨਾ ਵਧਾ ਸਕਿਆ ਤਾਂ ਮੈਂ ਸਾਰੀ ਕਲਾਸ ਨੂੰ ‘A’ ਦਿਆਂਗਾ। ਜੇ ਮੈਂ ਦੱਸ ਦਰਜੇ ਤਕ ਕਰ ਲਿਆ ਤਾਂ ਜੋ ਵੀ ਗਰੇਡ ਉਨ੍ਹਾਂ ਨੂੰ ਮਿਲਿਆ ਹੈ ਉਸ ਤੋਂ ਇਕ ਘੱਟ ਉਨ੍ਹਾਂ ਨੂੰ ਮਿਲੇਗਾ। ਬੜੀ ਲੰਮੀ ਚੁੱਪ ਰਹੀ। ਉਨ੍ਹਾਂ ਨੂੰ ਸਮਝ ਨਹੀਂ ਆ ਰਹੀ ਸੀ ਮੇਰੇ ਨਾਲ ਸ਼ਰਤ ਲਗਾਣ ਜਾਂ ਨਾ ਲਗਾਣ। ਮੈਂ ਹੱਸ ਕੇ ਕਿਹਾ ਚਲੋ ਸਾਰੀਆਂ ਸ਼ਰਤਾਂ ਖਤਮ ਕਰਦੇ ਹਾਂ, ਦੇਖੋ ਕੀ ਹੁੰਦਾ ਹੈ।

ਡਾ. ਸਵਾਮੀ ਰਾਮ ਜੀ

ਮੈਂ ਆਪਣੇ ਹੱਥ ਤੇ ਤਾਰਾਂ ਲਗਾਈਆਂ ਤੇ ਮੈਂ ਕਲਾਸ ਨੂੰ ਲੈਕਚਰ ਕਰਨ ਲਗ ਪਿਆ। ਮੈਂ ਉਨ੍ਹਾਂ ਨੂੰ ਸਰੀਰ ਤੇ ਮਨ ਦੇ ਸਬੰਧ ਤੇ ਦੱਸਣ ਲਗ ਪਿਆ। ਥਰਮਾਮੀਟਰ ਕਲਾਸ ਵਲ ਸੀ ਤਾਂ ਜੋ ਉਹ ਦੇਖ ਸਕਣ। ਬਾਰ੍ਹਾਂ ਮਿੰਟ ਬਾਅਦ ਤਾਪਮਾਨ 78 ਡਿਗਰੀ ਤੋਂ 95 ਡਿਗਰੀ ਪਹੁੰਚ ਗਿਆ।

ਮੈਨੂੰ ਇਕ ਗੱਲ ਬੜੀ ਅਜੀਬ ਲੱਗੀ ਕਿ ਡਾ. ਹਰਬਰਟ ਬੈਨਸਨ ਹਾਰਵਰਡ ਵਿਸ਼ਵਵਿਦਿਆਲੇ ਤੋਂ ਹਜ਼ਾਰਾਂ ਡਾਲਰ ਖਰਚ ਕੇ ਤਿੱਬਤ ਕਿਉਂ ਗਏ। ਇਹ ਦੇਖਣ ਕਿ ਤਾਪਮਾਨ ਕਿਵੇਂ ਵਧਾਇਆ ਜਾ ਸਕਦਾ ਹੈ ਜਦੋਂ ਕਿ ਕੋਈ ਵੀ ਮੈਡੀਟੇਸ਼ਨ ਕਰਨ ਵਾਲਾ ਅਮਰੀਕਾ ਵਿਚ ਵੀ ਤਾਪਮਾਨ ਵਧਾ ਸਕਦਾ ਹੈ। ਤਿੱਬਤ ਵਿਚ ਤਾਂ ਉਨ੍ਹਾਂ ਨੂੰ 100 ਡਿਗਰੀ ਤੋਂ ਵੱਧ ਵਧਾ ਸਕਣ ਵਾਲੇ ਨਹੀਂ ਮਿਲੇ।

**ਖਾਸ ਸਿਖਿਆ** - ਸਵਾਮੀ ਜੀ ਨੇ ਸਿਖਿਆ ਲਈ ਬਹੁਤ ਸਾਰੇ ਕੇਂਦਰ ਖੋਲ੍ਹੇ। ਜਿਨ੍ਹਾਂ ਨੇ ਸਵਾਮੀ ਜੀ ਕੋਲੋਂ ਸਿਖਿਆ ਲਈ ਉਹ ਇਨ੍ਹਾਂ ਕੇਂਦਰਾਂ ਵਿਚ ਪੜ੍ਹਾਉਣ ਲਗ ਪਏ ਤੇ ਹੌਲੀ ਹੌਲੀ ਉਹ ਗਿਆਨ ਦੇ ਪਾਤਰ ਬਣ ਗਏ।

ਕਦੀ ਕਦੀ ਮੇਰਾ ਗੁਰੂ ਭਾਈ ਲਾਡ ਲੇਕ ਜਾਨੀਦਾ ਤੋਂ ਖਾਸ ਸਮਾਂ ਲੈ ਕੇ ਆਉਂਦਾ ਤੇ ਸਵਾਮੀ ਜੀ ਨੂੰ ਮਿਲਦਾ। ਸਵਾਮੀ ਜੀ ਉਸ ਨੂੰ ਗੁੱਝੀ ਵਿਦਿਆ ਦਿੰਦੇ, ਚਾਨਣ ਦਿੰਦੇ। ਸਵਾਮੀ ਜੀ ਨੇ ਉਸ ਨੂੰ ਦੱਸਿਆ, ਬੇਟੇ ਜਦੋਂ ਤੁਸੀਂ ਇਸ ਦਾ ਅਭਿਆਸ ਕਰੋਗੇ ਜੋ ਮੈਂ ਤੁਹਾਨੂੰ

ਦੱਸਿਆ ਹੈ, ਤੁਸੀਂ ਬਹੁਤ ਸਾਰਿਆਂ ਦੇ ਜੀਵਨ ਬਦਲ ਸਕੋਗੇ। ਇਸ ਸਿਖਿਆ ਨੂੰ ਮੇਰੀ ਸਿਖਿਆ ਦਾ ਹਿੱਸਾ ਬਣਾ ਕੇ ਦੇਣਾ।

ਲਾਡ ਨੂੰ ਆਪਣਾ ਨਵਾਂ ਗਿਆਨ ਪ੍ਰਾਪਤ ਕਰਕੇ ਬਹੁਤ ਹੀ ਖੁਸ਼ੀ ਸੀ। ਫੇਰ ਉਸ ਨੇ ਇਸ ਗਿਆਨ ਨੂੰ ਆਪਣੇ ਕੰਮ ਵਿਚ ਪ੍ਰਯੋਗ ਕੀਤਾ। ਪਿਛਲੇ ਕੁਝ ਸਾਲਾਂ ਵਿਚ ਮੈਂ ਉਸ ਦੇ ਸੈਮੀਨਾਰ ਗੋਸ਼ਟੀਆਂ ਵਿਚ ਜਾਂਦਾ ਰਿਹਾ ਹਾਂ। ਉਸ ਨੇ ਸਦਾ ਹੀ ਸਰੋਤਿਆਂ ਨੂੰ ਅਜੂਬਾ ਦਿਖਾਇਆ ਹੈ, ਸਦਾ ਉਨ੍ਹਾਂ ਨੂੰ ਪਰੋਸਾਹਿਤ ਕੀਤਾ ਹੈ, ਹਾਂ ਪਰ ਇਹ ਸਭ ਕੁਝ ਇਸ ਨੇ ਪਹਿਲਾਂ ਆਪ ਅਨੁਭਵ ਕੀਤਾ ਹੈ, ਯੋਗੀਆਂ ਕੋਲ ਰਹਿ ਕੇ ਸਭ ਬਾਹਰ ਦੀ ਨਿਗ੍ਹਾ ਤੇ ਅੰਦਰ ਦਾ ਦੇਖਣਾ ਦੋਨਾਂ ਬਾਰੇ। ਲਾਡ ਨੇ ਮੈਨੂੰ ਵੀ ਸਾਫ ਤੇ ਠੀਕ ਦੇਖਣ ਦਾ ਸਬੰਧ ਮਨ ਦੀ ਸ਼ਾਂਤੀ ਨਾਲ ਦੱਸਿਆ। ਇਕ ਬੜਾ ਹੀ ਰੌਚਿਕ ਨੁਕਤਾ ਉਸ ਨੇ ਦੱਸਿਆ। ਉਹ ਸੀ ਚੀਜ਼ਾਂ ਨੂੰ ਐਵੇਂ ਹੀ ਦੇਖਣਾ, ਜਿਸ ਨਾਲ ਖਿਚਾਓ ਪੈਂਦਾ ਹੈ, ਦਬਾਅ ਪੈਂਦਾ ਹੈ, ਦਿਮਾਗ ਤੇ ਬੋਝ ਪੈਂਦਾ ਹੈ ਤੇ ਦੂਸਰਾ ਹੈ ਬੜੇ ਤਰੀਕੇ ਨਾਲ ਤੇ ਹਲਕੀ ਤਰ੍ਹਾਂ ਨਾਲ ਦੇਖਣਾ ਸੂਖਮ ਤਰੀਕੇ ਨਾਲ ਦੇਖਣ ਵਾਲ ਸੋਝੀ ਵਧਦੀ ਹੈ, ਸੋਝੀ ਡੂੰਘੀ ਹੁੰਦੀ ਹੈ। ਮੈਂ ਆਪ ਇਹ ਕਰਕੇ ਦੇਖਿਆ ਹੈ।

ਇਕ ਦਿਨ ਸ਼ਾਮ ਨੂੰ ਅਸੀਂ ਇਕ ਸੋਹਣੀ ਝੀਲ ਦੇ ਕੰਢੇ ਇਕ ਹਾਲ ਵਿਚ ਗਏ। ਉਥੇ ਸਵਾਮੀ ਜੀ ਦੇ ਇਕ ਵਿਦਿਆਰਥੀ ਨੇ ਜਿਸ ਦਾ ਨਾਂ ਬਰੂਨੈਟ ਸੀ ਉਸ ਨੇ ਸਵਾਮੀ ਜੀ ਨੂੰ ਪ੍ਰਵਚਨਾਂ ਲਈ ਬੁਲਾਇਆ ਸੀ। ਵੱਡਾ ਕਮਰਾ ਭਰਿਆ ਪਿਆ ਸੀ। ਜਦੋਂ ਸਵਾਮੀ ਜੀ ਨੇ ਸ਼ੁਰੂ ਕੀਤਾ, ਸਰੋਤੇ ਕੀਲੇ ਗਏ, ਸਵਾਮੀ ਜੀ ਕਰਮਾਂ ਬਾਰੇ ਦੱਸ ਰਹੇ ਸੀ ਤੇ ਪੁਨਰ ਜਨਮ ਬਾਰੇ ਦਸ ਰਹੇ ਸੀ, ਸਾਰੇ ਹੀ ਸਵਾਮੀ ਜੀ ਤੇ ਮੋਹਿਤ ਹੋ ਗਏ। ਬਹੁਤ ਸਾਰੇ ਸਵਾਲ ਜਵਾਬ ਹੋਏ, ਸਵਾਮੀ ਜੀ ਬਹੁਤ ਹੀ ਅਨੰਦ ਵਿਚ ਸੀ। ਸਵਾਮੀ ਜੀ ਨੂੰ ਹਮੇਸ਼ਾ ਇਹ ਚੰਗਾ ਲਗਦਾ ਸੀ। ਜਦੋਂ ਸੁਣਨ ਵਾਲੇ ਪੂਰੇ ਧਿਆਨ ਨਾਲ ਸੁਣਦੇ, ਸਵਾਮੀ ਜੀ ਨੂੰ ਇਹ ਪਤਾ ਹੁੰਦਾ ਕਿ ਸਰੋਤੇ ਕਿਥੇ ਕੁ ਹਨ। ਜਿਸ ਤਰ੍ਹਾਂ ਦੇ ਪ੍ਰਸ਼ਨ ਉਹ ਪੁਛਦੇ ਸਵਾਮੀ ਜੀ ਜਾਣ ਜਾਂਦੇ।

ਪ੍ਰਵਚਨਾਂ ਤੋਂ ਬਾਅਦ ਇਕ ਸਰੋਤਾ ਉਠ ਕੇ ਕਹਿਣ ਲੱਗਾ, ਮੈਨੂੰ ਵਿਸ਼ਵਾਸ਼ ਨਹੀਂ ਕਿ ਮੈਂ ਪੁਨਰ ਜਨਮ ਵਿਚ ਵਿਸ਼ਵਾਸ਼ ਰਖਦਾ ਹਾਂ ਕਿ ਨਹੀਂ।

ਸਵਾਮੀ ਜੀ ਕਹਿਣ ਲੱਗੇ, ਇਸ ਨਾਲ ਕੋਈ ਫਰਕ ਨਹੀਂ ਪੈਂਦਾ, ਤੁਸੀਂ ਵਿਸ਼ਵਾਸ਼ ਕਰੋ ਚਾਹੇ ਨਾ ਕਰੋ, ਇਹ ਇਕ ਵਾਸਤਵਿਕਤਾ ਹੈ।

ਇਕ ਹੋਰ ਵਿਦਿਆਰਥੀ ਪੁਛਣ ਲੱਗਾ ਕਿ ਮੈਡੀਟੇਸ਼ਨ ਕਰਕੇ ਕਰਮਾਂ ਦਾ ਪ੍ਰਭਾਵ ਘਟ ਸਕਦਾ ਹੈ, ਦੂਸਰਾ ਇਹ ਕਿ ਮੈਡੀਟੇਸ਼ਨ ਕਰਕੇ ਨਿਸ਼ਕਾਮ ਕਰਕੇ ਕਰਮਾਂ ਦੇ ਪ੍ਰਭਾਵ ਨੂੰ ਘਟਾਇਆ ਜਾ ਸਕਦਾ ਹੈ।

ਬਰੂਨਟ ਨੇ ਹਸਦਿਆਂ ਕਿਹਾ ਮੈਂ ਤੁਹਾਨੂੰ ਸਭ ਨੂੰ ਭਾਰਤ ਲੈ ਜਾਣਾ ਚਾਹੁੰਦਾ ਹਾਂ।

ਫੇਰ ਇਕ ਪ੍ਰਸ਼ਨ ਇਹੋ ਜਿਹਾ ਆਇਆ ਕਿ ਸਾਰਿਆਂ ਦਾ ਧਿਆਨ ਵਕਤਾ ਉਤੇ ਜਾ ਇਕਤਰ ਹੋਇਆ।

ਇਕ ਸਰੋਤਾ ਖੜ੍ਹਾ ਹੋਇਆ ਤੇ ਕਹਿਣ ਲੱਗਾ, "ਸ੍ਰੀ ਮਾਨ! ਇਹ ਕਿਹਾ ਜਾਂਦਾ ਹੈ ਕਿ ਤੁਸੀਂ ਸੰਤ ਪੀਟਰ ਦੇ ਅਵਤਾਰ ਹੋ।"

ਸਾਰੇ ਹਾਲ ਵਿਚ ਚੁਪ ਛਾ ਗਈ। ਲੱਗਣ ਲੱਗਾ ਜਿਵੇਂ ਸਮਾਂ ਖਲੋ ਗਿਆ ਹੋਵੇ। ਮੇਰਾ ਤਾਂ ਉਤਲਾ ਸਾਹ ਉਤੇ ਤੇ ਥੱਲੇ ਦਾ ਥੱਲੇ ਰਹਿ ਗਿਆ ਕਿਉਂਕਿ ਇਹ ਗੱਲ ਸੁਣੀ ਮੈਂ ਵੀ ਸੀ, ਇਸ ਦਾ ਉਤਰ ਸੁਣਨਾ ਮੈਂ ਵੀ ਚਾਹੁੰਦਾ ਸੀ।

ਸਵਾਮੀ ਜੀ ਨੇ ਸਰੋਤੇ ਦੇ ਚਿਹਰੇ ਤੇ ਦੇਖਿਆ, ਉਸ ਦੀ ਪੂਰੀ ਸਹਿਰਦਤਾ ਤੇ ਸਰਲਤਾ ਨੂੰ ਦੇਖਿਆ ਤੇ ਕਹਿਣ ਲੱਗੇ, "ਜੇ ਮੈਂ ਕਹਾਂ ਹਾਂ ਤੇ ਲੱਗੇਗਾ ਕਿ ਮੈਂ ਵੱਡਾ ਬਣ ਰਿਹਾ ਹਾਂ, ਸ਼ੇਖੀ ਮਾਰ ਰਿਹਾ ਹਾਂ, ਜੇ ਮੈਂ ਕਹਾਂ ਨਹੀਂ ਤਾਂ ਮੈਂ ਝੂਠ ਬੋਲ ਰਿਹਾ ਹੋਵਾਂਗਾ।

ਕੁਝ ਦੇਰ ਤਕ ਸਾਰੇ ਹਾਲ ਵਿਚ ਚੁੱਪ ਬਣੀ ਰਹੀ। ਉਤਰ ਸਾਰੇ ਹਾਲ ਵਿਚ ਸੁਣਾਈ ਦੇ ਗਿਆ ਸੀ ਤੇ ਸਾਰਿਆਂ ਦੇ ਦਿਲਾਂ ਵਿਚ ਉਤਰ ਗਿਆ ਸੀ। ਫੇਰ ਹਾਲ ਵਿਚ ਹਲਚਲ ਹੋਈ। ਲੋਕਾਂ ਨੇ, ਸਰੋਤਿਆਂ ਨੇ ਇਕ ਦੂਜੇ ਨਾਲ ਗੱਲਬਾਤ ਕੀਤੀ। ਉਤਰ ਸਾਰੇ ਜਾ ਫੈਲਿਆ, ਉਤਰ ਦੀ ਗੂੰਜ ਦੂਰ ਦੂਰ ਤਕ ਗਈ, ਹਾਲ ਵਿਚ ਰੌਲਾ ਜਿਹਾ ਪੈ ਗਿਆ, ਸਾਰੇ ਉਤੇਜਿਤ ਹੋ ਉਠੇ, ਸਾਰੇ ਅਨੰਦ ਵਿਚ ਸੀ। ਸਵਾਮੀ ਜੀ ਨੇ ਬਰੂਨਟ ਨੂੰ ਕਿਹਾ ਉਹ ਪ੍ਰਵਚਨਾਂ ਦੀ ਸਮਾਪਤੀ ਕਰ ਦੇਵੇ ਤੇ ਸਵਾਮੀ ਜੀ ਚੁੱਪ ਚਾਪ ਸਟੇਜ ਤੋਂ ਉਤਰ ਕੇ ਆ ਗਏ।

ਜਦੋਂ ਅਸੀਂ ਵਾਪਸ ਆ ਰਹੇ ਸੀ, ਮੈਂ ਵੀ ਬਹੁਤ ਹੀ ਉਤਸੁਕ ਸੀ, ਮੇਰੇ ਕੋਲੋਂ ਵੀ ਰਿਹਾ ਨਾ ਗਿਆ, ਮੈਂ ਵੀ ਸਵਾਮੀ ਜੀ ਨੂੰ ਪੁੱਛ ਹੀ ਲਿਆ, ਈਸਾ ਦੇ ਸਮੇਂ, ਸੰਤ ਪੀਟਰ ਦੇ ਸਮੇਂ ਮੈਂ ਵੀ ਕਿਤੇ ਨਾਲ ਹੀ ਸੀ।"

ਸਵਾਮੀ ਜੀ ਨੇ ਅੱਖਾਂ ਭਰ ਕੇ ਮੈਨੂੰ ਦੇਖਿਆ, ਉਨ੍ਹਾਂ ਜਿਵੇਂ ਇਹ ਨਿਰਣਾ ਲਿਆ ਹੋਵੇ ਕਿ ਉਹ ਮੈਨੂੰ ਕਿੰਨਾ ਕੁਝ ਦਸਣਾ ਚਾਹੁੰਦੇ ਹਨ। ਫੇਰ ਕਹਿਣ ਲੱਗੇ, "ਜਸਟਿਨ ਤੂੰ ਉਨ੍ਹਾਂ ਵਿਚ ਸੀ ਜਿਨ੍ਹਾਂ ਨੂੰ ਬਾਅਦ ਵਿਚ ਸੂਲੀ ਚੜ੍ਹਾਇਆ ਗਿਆ।" ਇਸ ਤੋਂ ਬਾਅਦ ਕੋਈ ਗੱਲ ਨਹੀਂ ਹੋਈ।

**ਹੋਰ ਥਾਵਾਂ ਤੇ ਜਾਣਾ** - ਜਿਵੇਂ ਜਿਵੇਂ ਸਮਾਂ ਬੀਤਦਾ ਗਿਆ, ਸਵਾਮੀ ਜੀ ਦੇ ਲੈਕਚਰ ਹੋਰ ਬਹੁਤ ਸਾਰੀਆਂ

ਥਾਵਾਂ ਤੇ ਹੋਣ ਲੱਗੇ। ਹਰ ਪੱਖ ਤੇ ਸਵਾਮੀ ਜੀ ਪ੍ਰਵਚਨ ਕਰ ਰਹੇ ਸੀ। ਸਰੀਰ ਤੇ ਸਰੀਰ-ਮਨ ਦਾ ਸਬੰਧ, ਸਰੀਰ/ ਮਨ ਦਾ ਠੀਕ ਰੱਖਣਾ, ਮਨੋਵਿਗਿਆਨ, ਜੀਵਨ ਦੇ ਰਹੱਸ, ਨੀਂਦ ਭਾਵ ਹਰ ਪੱਖ ਤੇ ਸਵਾਮੀ ਜੀ ਨੇ ਗਿਆਨ ਦਿੱਤਾ। ਸਵਾਮੀ ਜੀ ਦੇਸ਼ ਵਿਦੇਸ਼ ਸਾਰੀ ਥਾਂ ਤੇ ਜਾ ਕੇ ਪ੍ਰਵਚਨ ਕਰ ਰਹੇ ਸੀ। ਪੋਰਟੋਰੀਕੋ ਵਿਚ ਇਕ ਕਾਨਫਰੰਸ ਵਿਚ ਸਵਾਮੀ ਜੀ ਦੀ ਬਹੁਤ ਸ਼ਲਾਘਾ ਹੋਈ, ਇਹ ਕਾਨਫਰੰਸ ਚੇਤਨਤਾ ਤੇ ਸੀ ਪਰ ਕੁਝ ਲੋਕ ਘਬਰਾ ਗਏ ਕਿ ਸਵਾਮੀ ਜੀ ਬਹੁਤ ਹੀ ਹਰਮਨ ਪਿਆਰੇ ਹੋ ਰਹੇ ਹਨ, ਸਾਰੇ ਸਰੋਤੇ ਸਵਾਮੀ ਜੀ ਵਲ ਹੀ ਜਾ ਰਹੇ ਹਨ। ਬਹੁਤ ਸਾਰੇ ਪੱਤਰਕਾਰ ਆਉਂਦੇ, ਅਖਬਾਰਾਂ ਵਿਚ ਲੰਮੇ ਲੰਮੇ ਲੇਖ ਨਿਕਲਦੇ ਜਿਸ ਵਿਚ ਸਵਾਮੀ ਜੀ ਨੂੰ ਇਕ ਵਿਗਿਆਨਕ ਯੋਗੀ ਦੱਸਿਆ ਜਾਂਦਾ। ਸਾਰੇ ਅਖਬਾਰ, ਸਾਰੇ ਮੈਗਜ਼ੀਨ ਸਵਾਮੀ ਜੀ ਦੇ ਬਾਰੇ ਵੱਖ ਵੱਖ ਪੱਖੋ ਭਰੇ ਹੁੰਦੇ।

ਇਕ ਵਾਰੀ ਜਦੋਂ ਸਵਾਮੀ ਜੀ ਨੇ ਆਪਣੇ ਪ੍ਰਵਚਨ ਖਤਮ ਕੀਤੇ, ਇਹ ਇਕ ਹੋਟਲ ਵਿਚ ਸੀ। ਸਵਾਮੀ ਜੀ ਥੱਲੇ ਉਤਰ ਕੇ ਸੜਕ ਤੇ ਘੁੰਮਣ ਲਗ ਪਏ। ਅਜੇ ਪੂਰੀ ਤਰ੍ਹਾਂ ਹਨ੍ਹੇਰਾ ਨਹੀਂ ਸੀ ਹੋਇਆ। ਐਨੇ ਵਿਚ ਸਵਾਮੀ ਜੀ ਨੇ ਕੀ ਦੇਖਿਆ, ਇਕ ਆਦਮੀ ਦੇ ਹੱਥ ਵਿਚ ਚਾਕੂ ਸੀ ਤੇ ਉਹ ਚਾਕੂ ਉਸ ਨੇ ਇਕ ਬਜ਼ੁਰਗ ਔਰਤ ਦੀ ਛਾਤੀ ਤੇ ਰੱਖਿਆ ਹੋਇਆ ਸੀ ਤੇ ਉਸ ਕੋਲੋਂ ਪਰਸ ਮੰਗ ਰਿਹਾ ਸੀ। ਸਵਾਮੀ ਜੀ ਇਕ ਦਮ ਉਸ ਆਦਮੀ ਉਤੇ ਜ਼ੋਰ ਦੀ ਚੀਖੇ ਤੇ ਕਹਿਣ ਲੱਗੇ, ਛੱਡ ਦੇ ਇਹ ਕੀ ਕਰ ਰਿਹਾ ਹੈਂ।"

ਜਿਵੇਂ ਹੀ ਹਮਲਾ ਕਰਨ ਵਾਲੇ ਨੇ ਮੁੜ ਕੇ ਦੇਖਿਆ ਕਿ ਕੌਣ ਹੈ ਜਿਹੜਾ ਉਹਦੇ ਉਤੇ ਚੀਕਿਆ ਹੈ। ਸਵਾਮੀ ਜੀ ਅੱਗੇ ਹੋਏ ਆਪਣਾ ਹੱਥ ਚੁਕਿਆ, ਆਪਣੀ ਸ਼ਾਲ ਮੋਢੇ ਤੋਂ ਉਤਾਰੀ ਉਹਦੇ ਉਤੇ ਪਾਈ, ਖਿੱਚ ਕੇ ਉਸ ਨੂੰ ਥੱਲੇ ਸੁੱਟਿਆ ਤੇ ਗਲੇ ਉਤੇ ਆਪਣਾ ਪੈਰ ਰੱਖ ਦਿਤਾ। ਉਸ ਔਰਤ ਨੂੰ ਸਵਾਮੀ ਜੀ ਕਹਿਣ ਲੱਗੇ। ਬੀਬੀ ਪੁਲਿਸ ਬੁਲਾਓ, ਉਹ ਦੌੜੀ ਗਈ ਤੇ ਇਕ ਬਹੁਤ ਚੰਗੇ ਪੁਲਿਸ ਵਾਲੇ ਨੂੰ ਲੈ ਕੇ ਆਈ।

ਸ਼ਾਲ ਉਸ ਦੇ ਮੂੰਹ ਤੋਂ ਚੁੱਕੀ। ਉਹ ਡਰਿਆ ਪਿਆ ਸੀ, ਨਾਲ ਹੀ ਉਹ ਸਵਾਮੀ ਜੀ ਲਈ ਸ਼ਰਧਾ ਵਿਚ ਸੀ, ਬੀਬੀ ਨੂੰ ਸਵਾਮੀ ਜੀ ਨੇ ਸ਼ਾਂਤ ਕੀਤਾ। ਉਹ ਚੋਰ ਕਹਿਣ ਲੱਗਾ, ਸ੍ਰੀ ਮਾਨ ਇਹ ਤੁਸੀਂ ਕਿਵੇਂ ਕੀਤਾ? ਅੱਜ ਤਕ ਕਿਸੇ ਨੇ ਮੇਰੇ ਨਾਲ ਇਸ ਤਰ੍ਹਾਂ ਕਰਨ ਦੀ ਹਿੰਮਤ ਨਹੀਂ ਕੀਤੀ। ਕੀ ਤੁਸੀਂ ਮੈਨੂੰ ਦਿਖਾ ਸਕਦੇ ਹੋ, ਤੁਸੀਂ ਕਿਵੇਂ ਕੀਤਾ? ਕੀ ਤੁਸੀਂ ਮੇਰੇ ਗੁਰੂ ਬਣੋਗੇ?

ਸਵਾਮੀ ਜੀ ਨੇ ਉਸ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਦੇਖਿਆ। ਉਨ੍ਹਾਂ ਨੇ ਕੀ ਦੇਖਿਆ ਇਹ ਤਾਂ ਉਹ ਹੀ ਜਾਨਣ ਪਰ ਕੁਝ ਦੇਰ ਬਾਅਦ ਉਹ ਕਹਿਣ ਲੱਗੇ, ਅਫਸਰ! ਇਹ ਬੰਦਾ ਮੇਰਾ ਚੇਲਾ ਹੈ, ਅੱਗੇ ਤੋਂ ਇਹ ਮੇਰੀ ਹੀ ਜ਼ਿੰਮੇਵਾਰੀ ਹੋਵੇਗੀ।"

ਬੀਬੀ ਆਪਣਾ ਪਰਸ ਲੈ ਕੇ ਖੁਸ਼ ਸੀ। ਉਹ ਪਰਸ ਬਾਂਹ ਦੇ ਥੱਲੇ ਦੱਬ ਕੇ ਤੁਰ ਗਈ, ਪੁਲਿਸ ਵਾਲੇ ਨੇ ਚੋਰ ਨੂੰ ਭਾਸ਼ਣ ਦਿਤਾ ਤੇ ਸਵਾਮੀ ਜੀ ਦੇ ਹਵਾਲੇ ਕਰਕੇ ਤੁਰ ਗਿਆ। ਸਵਾਮੀ ਜੀ ਨੇ ਦੱਸਿਆ, ਉਹ ਆਦਮੀ ਕਿੰਨੇ ਦਿਨ ਆਉਂਦਾ ਰਿਹਾ, ਪ੍ਰਸ਼ਨ ਪੁਛਦਾ ਰਿਹਾ, ਸਵਾਮੀ ਜੀ ਕੋਲੋਂ ਸੇਧ ਸਿਖਿਆ ਲੈਂਦਾ ਰਿਹਾ, ਝਾੜਾਂ ਵੀ ਖਾਂਦਾ ਰਿਹਾ ਜੀਵਨ ਵੀ ਸੁਧਾਰਦਾ ਰਿਹਾ। ਕਦੀ ਕਦੀ ਸਵਾਮੀ ਜੀ ਨੂੰ ਵੀ ਉਸ ਦਾ ਟੈਲੀਫੋਨ ਆ ਜਾਂਦਾ, ਕੋਈ ਚਿੱਠੀ ਆ ਜਾਂਦੀ। ਉਹ ਆਪਣੀ ਸਫਲਤਾ ਬਾਰੇ ਦਸਦਾ ਤੇ ਆਪਣੀ ਬਦਲਦੀ ਤਕਦੀਰ ਬਾਰੇ ਸਵਾਮੀ ਜੀ ਨੂੰ ਦਸਦਾ ਕਹਿੰਦਾ।

ਇਕ ਘਟਨਾ ਹੋਰ ਹੋਈ ਜਿਸ ਨਾਲ ਮੇਰੀ ਸ਼ਰਧਾ ਮੇਰੇ ਗੁਰੂ ਪ੍ਰਤੀ ਹੋਰ ਵਧੀ। ਇਹ ਵੀ ਸਮਝਣ ਵਿਚ ਆਇਆ ਕਿ ਮੇਰਾ ਗੁਰੂ ਕਿੰਨਾ ਸਮਰੱਥ ਹੈ, ਜਦੋਂ ਮੈਂ ਕਾਲਜ ਵਿਚ ਸੀ, ਮੈਨੂੰ ਇਨਸਾਫ ਦੇ ਬਾਰੇ ਇਨਸਾਫ ਦੀ ਧਾਰਨਾ ਬਾਰੇ ਬਹੁਤ ਹੀ ਰੁਚੀ ਸੀ। ਮੈਨੂੰ ਇਹ ਸਮਝਣ ਨੂੰ ਬਹੁਤ ਦੇਰ ਨਹੀਂ ਲੱਗੀ ਕਿ ਸਾਡੇ ਦੇਸ਼ ਦਾ ਇਨਸਾਫ ਕੋਈ ਇਨਸਾਫ ਨਹੀਂ ਕੇਵਲ ਇਕ ਨਾਮ ਹੀ ਹੈ। ਇਥੇ ਦਾ ਇਨਸਾਫ ਤਾਂ ਇਕ ਦੂੰਦ ਦਾ ਪ੍ਰਬੰਧ ਹੈ, ਇਕ ਦੂੰਦ ਦਾ ਬੰਦੋਬਸਤ ਹੈ। ਮੈਨੂੰ ਕਦੀ ਵੀ ਇਸ ਤਰ੍ਹਾਂ ਨਹੀਂ ਲੱਗਾ ਕਿ ਇਨਸਾਫ ਬੜਾ ਹੀ ਸਖਤ ਹੋਵੇ ਜਾਂ ਰਹਿਮ ਤੋਂ ਰਹਿਤ ਤੇ ਸੰਵੇਦਨਾ ਰਹਿਤ ਹੋਵੇ। ਇਸ ਤੋਂ ਉਲਟ ਮੈਨੂੰ ਇਸ ਤਰ੍ਹਾਂ ਲੱਗਾ, ਇਨਸਾਫ ਇਕ ਸਮਾਨਤਾ ਲਈ ਕੋਸ਼ਿਸ਼ ਹੈ, ਸਥਿਤੀ ਨੂੰ ਸਾਮਾਨ ਕਰਨ ਦੀ ਕੋਸ਼ਿਸ਼ ਹੈ। ਇਸ ਗੱਲ ਲਈ ਯਤਨ ਕਰਕੇ ਪਹਿਲੇ ਵਾਲੀ ਸਥਿਤੀ ਨੂੰ ਮੁੜ ਕੇ ਲਿਆਂਦਾ ਜਾਵੇ। ਨਿਆਏਸ਼ੀਲ ਉਹ ਹੈ ਜਿਹੜਾ ਸੋਝੀ ਦੀ ਨਿਗ੍ਹਾ ਰਖਦਾ ਹੋਵੇ ਤੇ ਇਹ ਜਾਣਦਾ ਹੋਵੇ ਕਿ ਕਿਹੜੀ ਚੀਜ਼ ਕਿਹੜੀ ਗੱਲ ਕਿਵੇਂ ਹੋਣੀ ਚਾਹੀਦੀ ਹੈ ਤੇ ਉਸ ਦੀ ਰੱਖਿਆ ਕਰ ਸਕਦਾ ਹੋਵੇ।

ਇਕ ਦਿਨ ਦੁਪਹਿਰ ਨੂੰ ਮੈਂ ਸੰਸਥਾ ਦੀ ਇਕ ਬੀਬੀ ਨਾਲ ਗੱਲਬਾਤ ਕਰਨ ਲਗ ਪਿਆ। ਉਹ ਮੇਰੀ ਗੱਲਬਾਤ ਤੋਂ ਮੇਰੇ ਗੱਲ ਕਰਨ ਦੇ ਅੰਦਾਜ਼ ਤੋਂ ਬਹੁਤ ਪ੍ਰਭਾਵਿਤ ਹੋਈ। ਮੈਂ ਉਸ ਨੂੰ ਸਾਰੇ ਤੱਤ ਦੱਸੇ, ਇਸ ਵਿਸ਼ੇ ਤੇ ਪੂਰੀ ਪੂਰੀ ਜਾਣਕਾਰੀ ਦਿਤੀ ਤੇ ਉਸ ਦੀਆਂ ਦਲੀਲਾਂ ਮੈਂ ਸਾਰੀਆਂ ਰੱਦ ਕਰ ਦਿਤੀਆਂ। ਜਦੋਂ ਉਹ ਰੋਣਹਾਕੀ ਹੋ ਕੇ ਤੁਰ ਗਈ, ਮੈਨੂੰ ਆਪਣੇ ਆਪ ਨੂੰ ਇਕ ਤਰ੍ਹਾਂ ਇਹ ਮਹਿਸੂਸ ਹੋਇਆ ਜਿਵੇਂ ਮੈਂ ਵਿਜੈਤਾ ਹੋਵਾਂ, ਮੈਂ ਉਸ ਤੋਂ ਉਚਾ ਹੋਵਾਂ। ਮੈਂ ਅਜੇ ਦਸ ਕੁ ਫੁੱਟ ਹੀ ਤੁਰਿਆ ਹੋਵਾਂਗਾ ਕਿ ਮੈਨੂੰ ਸਵਾਮੀ ਜੀ ਮਿਲ ਗਏ ਤੇ ਉਹ ਐਨ ਮੇਰੇ ਮੂੰਹ ਦੇ ਅੱਗੇ ਆ ਕੇ ਖੜ੍ਹੇ ਹੋ ਗਏ। ਇਹ ਕੋਈ ਬਹੁਤ ਦੋਸਤਾਨਾਂ ਤਰੀਕਾ ਨਹੀਂ ਸੀ। ਸਵਾਮੀ ਜੀ ਮੇਰੇ ਉਤੇ ਬਰਸ ਪਏ, ਉਹ ਉਚੀ ਸਾਰੀ

ਕਹਿਣ ਲੱਗੇ, "ਤੂੰ ਉਸ ਬੀਬੀ ਨਾਲ ਇਸ ਤਰ੍ਹਾਂ ਕਿਉਂ ਕੀਤਾ? ਉਹ ਠੀਕ ਸੀ ਜਾਂ ਗਲਤ ਪਰ ਤੇਰਾ ਉਸ ਨਾਲ ਇਸ ਤਰ੍ਹਾਂ ਦਾ ਵਰਤਾਵ ਠੀਕ ਨਹੀਂ ਸੀ। ਤੂੰ ਇਕ ਮੌਕੇ ਦਾ ਫਾਇਦਾ ਉਠਾਇਆ ਹੈ। ਕੀ ਤੂੰ ਸੰਵੇਦਨ ਰਹਿਤ ਹੈਂ?

ਮੈਂ ਸਵਾਮੀ ਜੀ ਦੀ ਅਵਾਜ਼ ਤੋਂ ਦੱਸ ਸਕਦਾ ਸੀ ਕਿ ਉਨ੍ਹਾਂ ਨੂੰ ਇਹ ਚੰਗੀ ਤਰ੍ਹਾਂ ਪਤਾ ਸੀ ਕਿ ਮੈਂ ਕਿਵੇਂ ਆਪਣੇ ਆਪ ਨੂੰ ਬੜਾ ਉਚਾ ਤੇ ਬੜਾ ਗਿਆਨੀ ਸਮਝ ਰਿਹਾ ਸੀ। ਇਹ ਕਹਿ ਕੇ ਸਵਾਮੀ ਜੀ ਅੱਗੇ ਚਲੇ ਗਏ। ਮੈਂ ਸ਼ਰਮ ਦਾ ਮਾਰਾ ਮੂੰਹ ਨੀਵਾਂ ਕਰਕੇ ਚਲਾ ਗਿਆ। ਇਸ ਛੋਟੀ ਜਿਹੀ ਗੱਲ ਨਾਲ ਇਸ ਥੋੜ੍ਹੇ ਜਿਹੇ ਸਮੇਂ ਵਿਚ ਮੇਰੇ ਗੁਰੂ ਨੇ ਮੈਨੂੰ ਇਹ ਦੱਸ ਦਿਤਾ ਕਿ ਬੇਇਨਸਾਫੀ ਕੀ ਹੁੰਦੀ ਹੈ ਤੇ ਮੈਨੂੰ ਬੇਇਨਸਾਫੀ ਨਾਲ ਨਫਰਤ ਵੀ ਹੋ ਗਈ। ਇਹੋ ਜਿਹੀ ਨਫਰਤ ਹੋਈ ਕਿ ਮੈਂ ਦੱਸ ਨਹੀਂ ਸਕਦਾ ਤੇ ਮੈਨੂੰ ਕਦੀ ਭੁਲੇਗੀ ਵੀ ਨਹੀਂ ਤੇ ਗੁਰੂ ਦੀ ਮੇਰੇ ਉਤੇ ਐਨੀ ਮੇਹਰ ਹੋਈ ਕਿ ਮੈਂ ਮੁੜ ਕੇ ਇਸ ਤਰ੍ਹਾਂ ਕੀਤਾ ਵੀ ਨਹੀਂ।

ਕੁਝ ਦਿਨਾਂ ਬਾਅਦ ਸਵਾਮੀ ਜੀ ਮੈਨੂੰ ਕਹਿਣ ਲੱਗੇ ਕਿ ਮੈਂ ਉਨ੍ਹਾਂ ਨੂੰ ਗੁਆਂਢੀ ਸਟੇਟ ਵਿਚ ਲੈ ਜਾਵਾਂ। ਸਵਾਮੀ ਜੀ ਨੇ ਓਥੇ ਵਪਾਰੀਆਂ ਨਾਲ ਇਕ ਮੀਟਿੰਗ ਰੱਖੀ ਹੋਈ ਸੀ। ਕਦੀ ਕਦੀ ਉਹ ਵਪਾਰੀਆਂ ਨੂੰ ਸਲਾਹ ਦਿਆ ਕਰਦੇ ਸੀ ਤੇ ਉਹ ਲੋਕ ਸਵਾਮੀ ਜੀ ਨੂੰ ਬੁਲਾਉਂਦੇ ਸੀ ਤੇ ਸਵਾਮੀ ਜੀ ਦੀ ਸਲਾਹ ਲੈਂਦੇ ਸੀ। ਉਹ ਸਵਾਮੀ ਜੀ ਦੇ ਗਿਆਨ ਤੇ ਸੋਝੀ ਨੂੰ ਪਛਾਣਦੇ ਸੀ। ਉਹ ਜਾਣਦੇ ਸੀ ਕਿ ਸਵਾਮੀ ਜੀ ਸੰਸਾਰ ਦੀ ਹਰ ਗੱਲ ਦੇ ਪੂਰੇ ਪੂਰੇ ਗਿਆਨੀ ਹੀ ਨਹੀਂ ਪੂਰਨ ਸੋਝੀਵਾਨ ਹਨ। ਸੰਸਾਰ ਦੀ ਸਾਰੀ ਸਥਿਤੀ ਰਾਜਨੀਤੀ ਤੋਂ ਲੈ ਕੇ ਵਪਾਰ ਤਕ ਜਾਣਦੇ ਹਨ ਤੇ ਇਹ ਵੀ ਪੂਰੀ ਤਰ੍ਹਾਂ ਜਾਣਦੇ ਹਨ ਕੀ ਹੋਣ ਵਾਲਾ ਹੈ, ਸਵਾਮੀ ਜੀ ਇਹ ਵੀ ਜਾਣਦੇ ਹਨ ਕਿ ਉਹ ਕੀ ਗਲਤੀਆਂ ਕਰ ਸਕਦੇ ਹਨ। ਉਹ ਭਵਿੱਖ ਬਾਰੇ ਵੀ ਜਾਣਦੇ ਹਨ ਤੇ ਉਹ ਇਸ ਬਾਰੇ ਦੱਸ ਵੀ ਸਕਦੇ ਹਨ। ਸਵਾਮੀ ਜੀ ਅਵੱਸ਼ ਹੀ ਉਨ੍ਹਾਂ ਨੂੰ ਉਨ੍ਹਾਂ ਦੇ ਧੰਦਿਆਂ ਬਾਰੇ, ਵਪਾਰ ਬਾਰੇ, ਪੂਰੀ ਪੂਰੀ ਜਾਣਕਾਰੀ ਉਨ੍ਹਾਂ ਨੂੰ ਦੇਣਗੇ, ਇਸ ਤੇ ਉਨ੍ਹਾਂ ਨੂੰ ਪੂਰਾ ਪੂਰਾ ਭਰੋਸਾ ਸੀ। ਬਹੁਤ ਵਾਰੀ ਜਿਸਨੂੰ ਸਵਾਮੀ ਜੀ ਦੀ ਸਲਾਹ ਨਾਲ ਬਹੁਤ ਲਾਭ ਹੁੰਦਾ ਉਹ ਬਹੁਤ ਸਾਰਾ ਦਾਨ ਵੀ ਦਿੰਦਾ। ਸਵਾਮੀ ਜੀ ਉਹ ਪੈਸਾ ਆਪਣੀ ਦਾਨ ਪਾਤਰ ਵਿਚ ਰੱਖ ਲੈਂਦੇ, ਕਈ ਵਾਰੀ ਕੋਈ ਭੇਟਾ ਨਾ ਹੁੰਦੀ, ਉਹ ਉਨ੍ਹਾਂ ਦੇ ਆਪਣੇ ਕਰਮ।

ਸਵਾਮੀ ਜੀ ਤੇ ਮੈਂ ਇਕ ਛੋਟੇ ਜਿਹੇ ਹੋਟਲ ਵਿਚ ਠਹਿਰੇ ਜਿਹੜਾ ਸ਼ਹਿਰ ਤੋਂ ਬਾਹਰ ਸੀ। ਰਾਤ ਦਾ ਸਮਾਂ ਅਸੀਂ ਗੱਲਬਾਤ ਕੀਤੀ, ਚਾਹ ਪੀਤੀ, ਮੈਡੀਟੇਸ਼ਨ ਕੀਤੀ। ਜਦੋਂ ਸਵੇਰ ਹੋਈ ਅਸੀਂ ਜਾਣ ਲੱਗੇ ਤਾਂ ਦੋ ਹੋਟਲ ਦੀਆਂ ਬੀਬੀਆਂ ਜਿਹੜੀਆਂ ਓਥੇ ਕੰਮ ਕਰਦੀਆਂ ਸੀ ਉਹ ਆਈਆਂ, ਉਹ ਸਵਾਮੀ ਜੀ ਨੂੰ ਮਿਲ ਕੇ ਬਹੁਤ ਉਤੇਜਿਤ ਹੋਈਆਂ। ਉਹ ਸਵਾਮੀ ਜੀ ਬਾਰੇ ਪਹਿਲੇ ਸੁਣ ਚੁਕੀਆਂ ਸੀ। ਉਨ੍ਹਾਂ ਨੇ ਸੰਗਦਿਆਂ ਸੰਗਦਿਆਂ ਸਵਾਮੀ ਜੀ ਕੋਲੋਂ ਕੁਝ ਪ੍ਰਸ਼ਨ ਪੁਛੇ ਇਹ ਦੇਖਣ ਲਈ ਕਿ ਕੀ ਇਹ ਸਵਾਮੀ ਰਾਮ ਹੀ ਹਨ ਤੇ ਜਦੋਂ ਉਨ੍ਹਾਂ ਨੂੰ ਇਹ ਭਰੋਸਾ ਹੋ ਗਿਆ ਕਿ ਇਹ ਸਵਾਮੀ ਰਾਮ ਹੀ ਹਨ ਫੇਰ ਉਨ੍ਹਾਂ ਨੇ ਹੋਰ ਪ੍ਰਸ਼ਨ ਪੁਛੇ।

ਇਕ ਬੀਬੀ ਕਹਿਣ ਲੱਗੀ ਕਿ ਕੀ ਤੁਸੀਂ ਮੈਨੂੰ ਦੱਸੋਗੇ ਕਿ ਮੈਂ ਆਪਣੇ ਜੋੜਾਂ ਦੇ ਦਰਦ ਲਈ ਕੀ ਲਿਆ ਕਰਾਂ? ਫੇਰ ਉਹ ਕਹਿਣ ਲੱਗੀ, ਸਵਾਮੀ ਜੀ ਮੈਂ ਆਪਣੇ ਪੁੱਤਰ ਦਾ ਕੀ ਕਰਾਂ, ਉਹ ਹਮੇਸ਼ਾ ਔਕੜਾਂ ਵਿਚ ਹੀ ਪਿਆ ਰਹਿੰਦਾ ਹੈ? ਤੁਸੀਂ ਕੀ ਸੋਚਦੇ ਹੋ ਕਿ ਜੋ ਮੈਂ ਗਲਤੀਆਂ ਮੈਂ ਪਿਛੇ ਕੀਤੀਆਂ ਹਨ, ਪ੍ਰਮਾਤਮਾ ਮੈਨੂੰ ਉਨ੍ਹਾਂ ਦੀ ਸਜ਼ਾ ਦੇਵੇਗਾ? ਕੀ ਤੁਸੀਂ ਮੈਨੂੰ ਪਿੱਠ ਦਰਦ ਲਈ ਕੋਈ ਯੋਗਾ ਦੱਸੋਗੇ? ਕੀ ਮੈਨੂੰ ਉਸ ਬੰਦੇ ਨਾਲ ਵਿਆਹ ਕਰ ਲੈਣਾ ਚਾਹੀਦਾ ਹੈ ਜਿਸ ਨੂੰ ਮੈਂ ਪਿਆਰ ਕਰਦੀ ਹਾਂ? ਇਕ ਤੋਂ ਬਾਅਦ ਉਹ ਬੀਬੀਆਂ ਪ੍ਰਸ਼ਨ ਪੁਛਦੀਆਂ ਗਈਆਂ ਤੇ ਸਵਾਮੀ ਜੀ ਉਤਰ ਦਿੰਦੇ ਗਏ।

ਅੰਤ ਵਿਚ ਉਹ ਕਹਿਣ ਲੱਗੇ, ਮੈਂ ਹੁਣ ਜਾਣਾ ਹੈ, ਕੀ ਤੁਸੀਂ ਮੇਰਾ ਪਜਾਮਾ ਧੋ ਦਿਓਗੇ?"

ਬੀਬੀਆਂ ਨੂੰ ਜਿਵੇਂ ਕੋਈ ਧੱਕਾ ਲੱਗਾ ਹੋਵੇ। ਕਹਿਣ ਲੱਗੀਆਂ ਨਹੀਂ ਨਹੀਂ। ਮੈਂ ਤਾਂ ਕਿਸੇ ਦੇ ਕਪੜੇ ਨਹੀਂ ਧੋਂਦੀ। ਉਹ ਦੋਨੋਂ ਹੀ ਕਹਿਣ ਲੱਗੀਆਂ। ਸਵਾਮੀ ਜੀ ਬੜੇ ਦੁਖੀ ਹੋ ਕੇ ਮੁਸਕਰਾਏ ਤੇ ਉਨ੍ਹਾਂ ਨੇ ਆਪਣਾ ਸੂਟਕੇਸ ਚੁੱਕ ਲਿਆ ਤੇ ਬੂਹੇ ਵਲ ਤੁਰ ਪਏ ਤੇ ਕਹਿਣ ਲੱਗੇ, ਤੁਸੀਂ ਤਾਂ ਮੇਰਾ ਪਜਾਮਾ ਧੋਣ ਨੂੰ ਤਿਆਰ ਨਹੀਂ ਤੇ ਮੇਰੇ ਕੋਲੋਂ ਇਹ ਆਸ ਰਖਦੇ ਹੋ ਕਿ ਮੈਂ ਤੁਹਾਡੀਆਂ ਆਤਮਾਵਾਂ ਧੋਵਾਂ?" ਐਨਾ ਕਹਿੰਦੇ ਹੋਏ ਨਾਲ ਹੀ ਹੋਟਲ ਦਾ ਬੂਹਾ ਬੰਦ ਹੋ ਗਿਆ।

(ਪੰਨਾ 42 ਦੀ ਬਾਕੀ)

ਪਹਿਲਾਂ ਜੀਵ ਫਸਿਆ ਹੈ ਮਾਇਆ ਵਿਚ ਉਦੋਂ ਵੀ ਤਾਂ ਇਹ ਸੁਤੰਤਰ ਰਹਿੰਦਾ ਹੀ ਸੀ। ਕਦੇ ਨਾ ਕਦੇ ਤਾਂ ਸੰਸਾਰ ਐਸਾ ਹੋਏਗਾ ਹੀ ਕਿ ਨਹੀਂ ਹੋਣਾ ਕਿਉਂਕਿ ਸੰਸਾਰ ਕਾਇਮ ਹੈ ਵਾਹਿਗੁਰੂ ਦੀ ਸੱਤਾ ਤੇ। ਜੇ ਉਹ ਆਪਣੀ ਸੱਤਾ ਖਿੱਚ ਲਵੇ ਤਾਂ ਸੰਸਾਰ ਖਤਮ ਹੋ ਜਾਂਦਾ ਹੈ। ਜੀਵ ਜਿਹੜਾ ਹੈ ਉਹ ਮਾਇਆ ਦੇ ਅਧੀਨ ਫੇਰ ਵੀ ਰਹਿੰਦਾ ਹੈ ਕਿਉਂਕਿ ਉਸ ਨੇ ਕਰਮ ਕੀਤੇ ਹੋਏ ਹੁੰਦੇ ਨੇ। ਜਦੋਂ ਸੰਸਾਰ ਫੇਰ ਰਚਿਆ ਜਾਂਦਾ ਹੈ ਉਹ ਕਰਮਾਂ ਦੇ ਅਧੀਨ ਹੋ ਕੇ ਫੇਰ ਸੰਸਾਰ ਵਿਚ ਆ ਜਾਂਦਾ ਹੈ ਪਰ ਪਹਿਲਾਂ ਵੀ ਤਾਂ ਫਸਿਆ ਹੋਇਆ ਹੈ। ਇਹ ਕੋਈ ਤਾਂ ਸਮਾਂ ਹੋਏਗਾ ਜਦੋਂ ਇਸ ਨੇ ਕੋਈ ਪਾਪ ਨਹੀਂ ਸੀ ਕਰਿਆ, ਕੋਈ ਕਰਮ ਨਹੀਂ ਸੀ ਕਰਿਆ। ਉਸ ਵੇਲੇ ਤਾਂ ਬਿਲਕੁਲ ਨਿਰਮਲ ਸੀ ਤੇ ਜਿਵੇਂ ਉਸ ਵੇਲੇ ਫਸਿਆ ਉਵੇਂ ਹੁਣ ਵੀ ਫਸ ਸਕਦਾ ਹੈ।

ਸੋ ਇਸ ਤਰ੍ਹਾਂ ਉਹ ਇਸ ਨਤੀਜੇ ਤੇ ਪਹੁੰਚੇ ਕਿ ਨਹੀਂ ਇਥੇ ਪ੍ਰਮੇਸ਼ਰ ਤੋਂ ਬਗੈਰ ਹੋਰ ਕੋਈ ਨਹੀਂ ਹੈ। ਆਪੇ ਹੀ ਆਪਣੇ ਕੌਤਕ ਕਰਦਾ ਹੈ। ਆਪੇ ਹੀ ਰਚਨਾ ਰਚਦਾ ਹੈ ਲੇਕਿਨ ਉਸ ਨੇ ਇਕ ਗੱਲ ਕਹਿ ਦਿੱਤੀ ਕਿ ਜੀਵ ਤਾਂ ਭਲਾ ਨਹੀਂ ਸੀ ਪਰ ਮਾਇਆ ਹੈ। ਜਦੋਂ ਉਸ ਨੂੰ ਪੁਛਿਆ ਕਿ ਮਾਇਆ ਕਿਵੇਂ ਹੈ? ਉਹ ਕਹਿੰਦਾ ਕਿ ਇਹ ਗੱਲ ਮੇਰੇ ਨਾਲ ਨਾ ਕਰੀਂ ਕਿਉਂਕਿ ਇਹ ਅਨਰ ਬਚਨਯ ਹੈ ਤੇ ਕੋਈ ਨਿਰਣਾ ਨਹੀਂ ਇਸ ਦਾ ਹੋਣਾ, ਐਵੇਂ ਪਾਣੀ ਰਿੜਕ ਕੇ ਮੱਖਣ ਕੱਢਣ ਵਾਲੀ ਗੱਲ ਹੈ, ਖਪ ਜਾਵਾਂਗੇ ਕਿਉਂਕਿ ਇਸ ਮਾਇਆ ਦੇ ਪਸਾਰੇ ਦਾ ਨਾ ਕੋਈ ਅੰਤ ਹੈ, ਨਾ ਕੋਈ ਆਦਿ ਹੈ, ਨਾ ਕੋਈ ਗਿਣਤੀ ਹੈ ਕਿਸੇ ਥਾਂ ਤੇ ਅਸੀਂ ਕਹਿ ਨਹੀਂ ਸਕੇ ਕਿ ਕਰੋੜ ਬ੍ਰਹਿਮੰਡ ਹੈ ਜਾਂ ਖਰਬ ਬ੍ਰਹਿਮੰਡ ਹੈ। ਜਿੰਨਾ ਕਹਾਂਗੇ ਉਦੋਂ ਅੱਗੇ ਓਨਾ ਹੀ ਹੋਰ ਪਿਆ ਹੈ। ਮਹਾਰਾਜ ਜੀ ਨੇ ਵੀ ਇਨ੍ਹਾਂ ਚੀਜ਼ਾਂ ਨੂੰ 'ਜਪੁਜੀ ਸਾਹਿਬ' ਦੇ ਅੰਦਰ ਮੰਨਿਆ ਕਿ ਪਸਾਰੇ ਦਾ ਅੰਤ ਕੋਈ ਨਹੀਂ, ਕਿੰਨੇ ਹੀ ਕਹਿ ਗਏ ਨੇ, ਐਨੇ ਹੀ ਹੋਰ ਹੋ ਜਾਣ ਉਹ ਵੀ ਕਹਿ ਜਾਣ, ਐਨੇ ਹੀ ਹੋਰ ਹੋ ਜਾਣ ਉਹ ਵੀ ਕਹਿ ਜਾਣ ਪਰ ਫੇਰ ਵੀ ਹੱਥ ਕੁਝ ਨਹੀਂ ਆਉਂਦਾ।

ਕਿੰਨੀਆਂ ਹੀ ਗੱਲਾਂ ਨੇ ਪਰ 'ਜਪੁਜੀ ਸਾਹਿਬ' ਅਸੀਂ ਪੜ੍ਹ ਜਾਂਦੇ ਹਾਂ ਲੇਕਿਨ ਸਾਡਾ ਮਨ ਰੁਕਦਾ ਨਹੀਂ ਹੈ। ਇਨ੍ਹਾਂ ਬਚਨਾਂ ਦੇ ਉੱਤੇ ਨਾ ਰੁਕਣ ਕਰਕੇ ਸਾਨੂੰ ਪ੍ਰਕਾਸ਼ ਨਹੀਂ ਆਉਂਦਾ, ਹਨ੍ਹੇਰੇ ਵਿਚ ਰਹਿੰਦੇ ਹਾਂ।

ਸੋ ਇਹੀ ਜੋ ਬਚਨ ਹੈ ਮਹਾਰਾਜ ਜੀ ਦਾ, ਇਹੀ ਬਚਨ ਜੇ ਸਮਝ ਲਿਆ ਜਾਵੇ ਤਾਂ ਸਾਰੇ ਹੀ ਸੁਖ ਪ੍ਰਾਪਤ ਹੋ ਜਾਂਦੇ ਨੇ। ਗੁਰੂ ਮਹਾਰਾਜ ਜੀ ਨੇ ਜੋ ਚੀਜ਼ ਦੱਸੀ ਸਾਨੂੰ ਆ ਕੇ, ਉਹ ਕਿਉਂ ਵਿਸ਼ੇਸ਼ ਹੈ ਵੇਦਾਂਤ ਨੂੰ ਸੋਧ ਕੇ ਦੱਸੀ ਹੈ। ਜਿਹੜੀਆਂ ਉਸ ਦੇ ਵਿਚ ਕੋਈ ਕਮੀਆਂ ਸਨ ਉਨ੍ਹਾਂ ਨੂੰ ਛੱਡ ਦਿੱਤਾ ਜਿਹੜਾ ਤੱਤ ਸੀ ਉਹ ਲੈ ਲਿਆ।

ਗੁਰੂ ਮਹਾਰਾਜ ਕਹਿੰਦੇ ਮਾਇਆ ਅਨਾਦੀ ਨਹੀਂ ਹੈ ਭਾਈ! ਇਹ ਤਾਂ ਜਦੋਂ ਵਾਹਿਗੁਰੂ ਦਾ ਜੀਅ ਕਰਦਾ ਹੈ, ਜਦੋਂ ਉਸ ਦੀ ਮੌਜ ਹੁੰਦੀ ਹੈ, ਜਿਵੇਂ ਸਮੁੰਦਰ ਦੀ ਮੌਜ ਨੂੰ ਲਹਿਰ ਕਹਿੰਦੇ ਨੇ ਕਿ ਲਹਿਰ ਆਉਂਦੀ ਹੈ, ਸਮੁੰਦਰ ਉਛਲਣ ਲੱਗ ਜਾਂਦਾ ਹੈ। ਵੱਡੀਆਂ-ਵੱਡੀਆਂ ਲਹਿਰਾਂ ਉਠਦੀਆਂ ਨੇ, ਹਵਾ ਦੇ ਨਾਲ ਮਿਲ ਕੇ ਉਹ ਕਲੋਲ ਕਰਦਾ ਹੈ। ਐਸੇ ਤਰ੍ਹਾਂ ਪ੍ਰਮੇਸ਼ਰ ਦੀ ਮੌਜ ਦੇ ਵਿਚ ਆਹ ਸਾਰੀਆਂ ਸ੍ਰਿਸ਼ਟੀਆਂ ਆਪੇ ਹੀ ਪੈਦਾ ਹੋ ਜਾਂਦੀਆਂ ਹਨ –

*ਕੀਤਾ ਪਸਾਉ ਏਕੋ ਕਵਾਉ॥*
*ਤਿਸ ਤੇ ਹੋਏ ਲਖ ਦਰੀਆਉ॥* *ਪੰਨਾ - 3*

*ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ॥*
*ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ॥*
*ਪੰਨਾ - 537*

ਬੇਅੰਤ ਪਸਾਰਾ ਆਪਣੇ ਆਪ ਤੋਂ ਆਪੇ ਹੀ ਕਰ ਦਿੱਤਾ। ਆਪੇ ਹੀ ਮਾਇਆ ਪੈਦਾ ਕਰ ਦਿੱਤੀ, ਆਪੇ ਹੀ ਜੀਵ ਪੈਦਾ ਕਰ ਦਿੱਤਾ ਤੇ ਆਪ ਫੇਰ ਨਿਆਰੇ ਦਾ ਨਿਆਰਾ ਰਹਿ ਗਿਆ। ਜੋ ਸਾਨੂੰ ਐਨਾ ਕੁ ਪਤਾ ਲੱਗ ਜਾਂਦਾ ਹੈ ਕਿ ਮਾਇਆ ਦਾ ਤੇ ਸਾਡਾ ਸੰਘਰਸ਼ ਹੈ ਆਪਸ ਵਿਚ, ਵਾਹਿਗੁਰੂ ਨਾਲ ਸਾਡਾ ਕੋਈ ਰੌਲਾ-ਰੱਪਾ ਨਹੀਂ ਹੈ ਤੇ ਉਸ ਨੇ ਤਾਂ ਪੈਦਾ ਕਰ ਦਿੱਤੀਆਂ ਦੋਵੇਂ ਚੀਜ਼ਾਂ –

*ਆਪੀਨ੍ਹੈ ਆਪੁ ਸਾਜਿਓ ਆਪੀਨ੍ਹੈ ਰਚਿਓ ਨਾਉ॥*
*ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥*
*ਪੰਨਾ - 463*

ਆਪਣੇ ਆਪ ਤੋਂ ਆਪ ਹੀ ਸਾਜ ਲਿਆ ਤੇ ਕੁਦਰਤ ਪੈਦਾ ਕਰ ਦਿੱਤੀ ਤੇ ਵਾਹਿਗੁਰੂ ਬੈਠ ਕੇ ਦੇਖਣ ਲੱਗ ਗਿਆ। ਦੂਰ ਹੈ? ਕਹਿੰਦੇ ਨਹੀਂ ਸਾਰਿਆਂ ਦੇ ਨਾਲ ਹੈ, ਸਾਰੀ ਰਚਨਾ ਦੇ ਕਣ-ਕਣ ਵਿਚ ਸਮਾਇਆ ਹੋਇਆ ਹੈ, ਕਿਸੇ ਤੋਂ ਵੀ ਦੂਰ ਨਹੀਂ ਹੈ। ਹਰ ਥਾਂ ਦੇ ਉਤੇ ਨਾਲ ਹੈ। ਸੋ ਇਹ ਵਿਚਾਰਾਂ ਨੇ ਇਸ ਨੂੰ ਆਤਮ ਚਿੰਤਨ ਵੇਲੇ, ਭਜਨ ਕਰਨ ਦੇ ਅਨੇਕ ਤਰੀਕੇ ਹੁੰਦੇ ਨੇ। ਉਨ੍ਹਾਂ ਤਰੀਕਿਆਂ ਵਿਚੋਂ ਜਦੋਂ ਬਿਰਤੀ ਬਹੁਤ ਉਚੀ ਲੰਘ ਜਾਂਦੀ ਹੈ ਉਥੇ 'ਆਤਮ ਚਿੰਤਨ' ਦੀ ਅਵਸਥਾ ਆ ਜਾਇਆ ਕਰਦੀ ਹੈ। ਉਥੇ ਆਹ ਕੂੜ ਕਬਾੜ ਸਾਰਾ ਹੀ ਸਾਹਮਣੇ ਆਉਂਦਾ ਹੈ, ਹਜ਼ਾਰਾਂ ਹੀ ਫੁਰਨੇ ਆਉਂਦੇ ਨੇ। ਆਦਮੀ ਹੈਰਾਨ ਹੋ ਜਾਂਦਾ ਹੈ ਕਿ ਮੈਂ ਤਾਂ ਫੁਰਨੇ ਰਹਿਤ ਸੀ, ਐਨੇ ਫੁਰਨੇ ਇਕ ਦਮ ਕਿਥੋਂ ਆ ਗਏ। ਉਸ ਵੇਲੇ ਵਿਚਾਰ ਦੇ ਨਾਲ ਇਹ ਕੱਟੇ ਜਾਂਦੇ ਨੇ। ਜਿਹੜੀ ਬੁੱਧੀ ਵਾਲੀ ਸਤ੍ਹਾ ਹੈ ਉਸ ਦੇ ਵਿਚ ਨਹੀਂ ਇਹ ਕੱਟ ਹੁੰਦੇ।

ਇਸ ਦੇ ਵਿਚ ਤਾਂ ਅਸੀਂ ਹੁਣ ਸੁਣ ਲਿਆ ਕਿ ਮਹਾਰਾਜ ਦਾ ਹੁਕਮ ਕਮਾ ਲਓ, ਨਹੀਂ ਕਮਾਇਆ ਜਾਂਦਾ। ਕਿੰਨਾ ਹੀ ਜੋਰ ਲਾ ਲਓ ਨਹੀਂ ਕਮਾ ਹੁੰਦਾ, ਨਾ ਯਾਦ ਰਹੇ। ਐਨਾ ਵੀ ਯਾਦ ਨਹੀਂ ਰਹਿਣਾ, 5 ਮਿੰਟ ਤੱਕ ਵੀ ਯਾਦ ਨਹੀਂ ਰਹਿਣਾ ਕਿ ਉਹ ਆਪ ਹੀ ਹੈ। ਮੇਰੇ ਨਾਲ ਹੈ ਵੀ, ਬਾਹਰ ਵੀ ਹਰ ਥਾਂ ਦੇ ਉੱਤੇ –

*ਜਿਮੀ ਜਮਾਨ ਕੇ ਬਿਖੈ ਸਮਸਤਿ ਏਕ ਜੋਤ ਹੈ॥*
*ਨ ਘਾਟ ਹੈ ਨ ਬਾਢ ਹੈ, ਨ ਘਾਟਿ ਬਾਢਿ ਹੋਤ ਹੈ॥*
*ਅਕਾਲ ਉਸਤਤਿ*

ਹੁਣ ਯਾਦ ਕਿਵੇਂ ਰੱਖਿਆ ਜਾਵੇ? ਵੈਦਾਂਤ ਨੇ ਇਹ ਗੱਲ ਤਾਂ ਕਹਿ ਦਿੱਤੀ, ਬਿਲਕੁਲ ਸਹੀ ਕਹਿ ਦਿੱਤੀ ਲੇਕਿਨ ਯਾਦ ਰੱਖਣ ਦਾ ਨਹੀਂ ਕੋਈ ਸਾਧਨ ਦੱਸਿਆ। ਮਾਇਆ ਦੇ ਨਾਲ ਸਾਡੀ ਮੱਤ ਰਲੀ ਹੋਈ ਹੈ, ਅਸੀਂ ਛੁਟੀਏ ਕਿਵੇਂ? ਪਹਿਲਾਂ ਤਾਂ ਇਧਰੋਂ ਛੁਟਕਾਰਾ ਹੋਵੇ ਫੇਰ ਜਾ ਕੇ ਸਾਨੂੰ ਵਿਹਲ ਮਿਲੇ ਤਾਂ ਇਹ ਗੱਲ ਸੋਚੀਏ। ਸਾਡਾ ਤਾਂ ਮਨ ਧੀਆਂ-ਪੁੱਤਾਂ ਵਿਚ ਫਸਿਆ ਹੋਇਆ ਹੈ, ਕਾਰੋਬਾਰਾਂ ਵਿਚ ਫਸਿਆ ਹੋਇਆ ਹੈ, ਘਾਟੇ ਵਾਧੇ ਵਿਚ ਫਸਿਆ ਹੋਇਆ ਹੈ, ਮਿੱਤਰ-ਦੋਸਤ ਵਿਚ ਫਸਿਆ ਹੋਇਆ ਹੈ। ਉਹ ਜਿਸ ਨੂੰ ਅਸੀਂ ਨਾਲ ਸਮਝਣਾ ਹੈ -

*ਸੰਗਿ ਸਹਾਈ ਸੁ ਆਵੈ ਨ ਚੀਤਿ॥*
*ਜੋ ਬੈਰਾਈ ਤਾ ਸਿਉ ਪ੍ਰੀਤਿ॥*
*ਬਲੂਆ ਕੇ ਗ੍ਰਿਹ ਭੀਤਰਿ ਬਸੈ॥*
*ਅਨਦ ਕੇਲ ਮਾਇਆ ਰੰਗਿ ਰਸੈ॥*
*ਦ੍ਰਿੜੁ ਕਰਿ ਮਾਨੈ ਮਨਹਿ ਪ੍ਰਤੀਤਿ॥*
*ਕਾਲੁ ਨ ਆਵੈ ਮੂੜੇ ਚੀਤਿ॥*
*ਬੈਰ ਬਿਰੋਧ ਕਾਮ ਕ੍ਰੋਧ ਮੋਹ॥*
*ਝੂਠ ਬਿਕਾਰ ਮਹਾ ਲੋਭ ਧ੍ਰੋਹ॥*
*ਇਆਹੂ ਜੁਗਤਿ ਬਿਹਾਨੇ ਕਈ ਜਨਮ॥*
*ਨਾਨਕ ਰਾਖਿ ਲੇਹੁ ਆਪਨ ਕਰਿ ਕਰਮ॥ ਪੰਨਾ - 267*

ਆਪਣੀ ਦੇਹ ਨੂੰ, ਆਪਣੀ ਦੇਹ ਦੇ ਚਿਨ੍ਹਾਂ ਨੂੰ, ਆਪਣੇ ਧਰਮ ਨੂੰ, ਆਪਣੇ ਦੇਸ਼ ਨੂੰ, ਆਪਣੀ ਜਾਤ ਨੂੰ, ਆਪਣੇ ਵਰਣ ਨੂੰ, ਆਪਣੇ ਭਾਈਚਾਰੇ ਨੂੰ, ਆਪਣੇ ਆਪ ਨੂੰ, ਆਪਣੇ ਪਰਿਵਾਰ ਨੂੰ ਦ੍ਰਿੜ੍ਹ ਕਰਕੇ ਮੰਨਦਾ ਹੈ। ਇਸ ਦੇ ਵਿਚੋਂ ਕੱਢਿਆ ਕਿਵੇਂ ਜਾਵੇ? ਹਨ੍ਹੇਰ ਗੁਬਾਰ ਦੇ ਵਿਚ ਵੜਿਆ ਹੋਇਆ ਹੈ। ਜਿਹੜੇ ਯਾਦ ਰੱਖਦੇ ਨੇ ਜਿਨ੍ਹਾਂ ਦੇ ਬਾਰੇ ਮਹਾਰਾਜ ਨੇ ਕਿਹਾ ਹੈ ਕਿ ਜਿਨ੍ਹਾਂ ਦੇ ਆਹ ਯਾਦ ਰਹਿੰਦਾ ਹੈ ਉਨ੍ਹਾਂ ਦੀ ਜੇ ਸੰਗਤ ਮਿਲ ਜਾਵੇ ਤਾਂ ਤਰ ਜਾਂਦਾ ਹੈ। ਉਨ੍ਹਾਂ ਦੇ ਉੱਤੇ ਉਸ ਨੂੰ ਤਰਕ ਹੈ ਕਿਉਂਕਿ ਉਸ ਦੇ ਭਾਗ ਨਹੀਂ ਜਾਗੇ, ਨਾ ਜਾਗਣ ਕਰਕੇ ਉਨ੍ਹਾਂ ਦੇ ਮਨ ਵਿਚੋਂ ਤਰਕਾਂ ਨਹੀਂ ਨਿਕਲਦੀਆਂ। ਇਸ ਕਰਕੇ ਉਸ ਦਾ ਭਲਾ ਨਹੀਂ ਹੋ ਸਕਦਾ।

ਸੋ ਉਸ ਦੇ ਬਾਰੇ ਮਹਾਰਾਜ ਜੀ ਨੇ ਸਤਿਸੰਗ ਦਾ ਸਾਧਨ ਦੱਸਿਆ ਹੈ -

*ਸਤਸੰਗਤਿ ਕੈਸੀ ਜਾਣੀਐ॥*
*ਜਿਥੈ ਏਕੋ ਨਾਮੁ ਵਖਾਣੀਐ॥ ਪੰਨਾ - 72*

ਮਨੁੱਖਾਂ ਦੇ ਇਕੱਠ ਨੂੰ ਸਤਿਸੰਗ ਨਹੀਂ ਕਹਿੰਦੇ ਤੇ ਜਿਥੇ ਅਨੁਭਵੀ ਰੂਹ ਹੋਵੇ, ਸਾਧੂ ਬੈਠੇ ਹੋਣ, ਸੰਤ ਬੈਠੇ ਹੋਣ ਉਨ੍ਹਾਂ ਦੇ ਜੋ ਬਚਨ ਨੇ, ਜੋ ਉਹ ਤੱਤ ਬਚਨਾਂ ਦਾ ਵਿਸ਼ਲੇਸ਼ਣ ਕਰਦੇ ਨੇ ਜਿਥੇ ਇਹ ਚੀਜ਼ ਹੁੰਦੀ ਹੈ ਉਹ ਸਤਿਸੰਗ ਹੁੰਦਾ ਹੈ, ਉਹ ਪ੍ਰਾਪਤ ਨਹੀਂ ਹੁੰਦੀ -

*ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ॥ ਪੰਨਾ - 642*

ਮੱਥੇ ਵਿਚ ਕੋਈ ਲੇਖ ਲਿਖਿਆ ਹੋਵੇ, ਸ਼ੁਭ ਕਰਮ ਹੋਏ ਹੋਣ, ਫੇਰ ਸਤਿਸੰਗ ਮਿਲ ਜਾਂਦਾ ਹੈ। ਸੋ ਮਹਾਰਾਜ ਕਹਿੰਦੇ ਕਿ ਜਿਨ੍ਹਾਂ ਨੇ ਜਪਿਆ ਹੈ ਅਸੀਂ ਬਲਿਹਾਰ ਜਾਂਦੇ ਹਾਂ ਉਨ੍ਹਾਂ ਦੇ। ਉਨ੍ਹਾਂ ਦੀ ਸੰਗਤ ਕਰਕੇ ਤਰ ਜਾਈਦਾ ਹੈ। ਹੋਰ ਕੋਈ ਤਰੀਕਾ ਨਹੀਂ। ਹੇ ਵਾਹਿਗੁਰੂ! ਜੇ ਤੂੰ ਦਇਆਲ ਹੁੰਦਾ ਹੈ ਤਾਂ ਕਿਰਪਾ ਕਰ, ਮੈਨੂੰ ਐਸੇ ਪੁਰਸ਼ਾਂ ਨੂੰ ਮਿਲਾ ਜਿਨ੍ਹਾਂ ਨੂੰ ਮੈਂ ਸੰਤ ਕਹਿ ਕੇ ਸੰਬੋਧਨ ਕਰਦਾ ਹਾਂ। ਜਿਨ੍ਹਾਂ ਨੂੰ ਪ੍ਰਮੇਸ਼ਰ ਕਦੇ ਭੁਲਦਾ ਨਹੀਂ, ਜਿਨ੍ਹਾਂ ਤੇ ਅਗਿਆਨ ਦਾ ਪੜਦਾ ਨਹੀਂ ਆਉਂਦਾ, ਮੈਨੂੰ ਉਨ੍ਹਾਂ ਦੀ ਧੂੜੀ ਦੇ ਦੇ। ਮੇਰਾ ਮਨ ਉਥੇ ਜਾ ਕੇ ਅਭਿਮਾਨ ਵਿਚ ਨਾ ਰਹੇ ਕਿ ਮੈਂ ਵੀ ਹਾਂ ਕੁਝ। ਕਹਿੰਦੇ ਮੈਂ ਚਰਨਾਂ ਦੀ ਧੂੜੀ ਬਣ ਜਾਵਾਂ ਤੇ ਮੈਂ ਉਨ੍ਹਾਂ ਦੇ ਵਿਚਾਰ ਨਾਲ ਸਹਿਮਤ ਹੋ ਜਾਵਾਂ।

ਸੋ ਗੁਰੂ ਮਹਾਰਾਜ ਨੇ ਦੱਸਿਆ ਹੈ ਕਿ ਇਥੇ ਸੰਸਾਰ ਦੇ ਅੰਦਰ ਇਕ ਬੜੀ ਹੀ ਸ਼ਕਤੀਸ਼ਾਲੀ ਸ਼ਕਤੀ ਹੈ ਜਿਹੜੀ ਪ੍ਰਮੇਸ਼ਰ ਤੋਂ ਦੂਸਰੇ ਨੰਬਰ ਤੇ ਹੈ। ਹੈ ਪ੍ਰਮੇਸ਼ਰ ਦੀ ਸ਼ਕਤੀ ਕਿਉਂਕਿ ਪ੍ਰਮੇਸ਼ਰ ਨੇ ਬਣਾਈ ਹੈ -

*ਅਪਨੀ ਮਾਇਆ ਆਪਿ ਪਸਾਰੀ ............॥*
*ਪੰਨਾ - 537*

ਆਪਣੀ ਮਾਇਆ ਦਾ ਆਪ ਪਸਾਰਾ ਕਰ ਦਿੱਤਾ। ਜਿਹੜੀ ਵਾਹਿਗੁਰੂ ਦੀ ਮਾਇਆ ਹੈ ਉਹ ਕੋਈ ਮਾਮੂਲੀ ਚੀਜ਼ ਤਾਂ ਨਾ ਹੋਈ। ਫੇਰ ਉਸ ਦੀ ਸ਼ਕਤੀ ਜਿਹੜੀ ਹੈ ਉਹ ਕੋਈ ਮਾਮੂਲੀ ਚੀਜ਼ ਨਹੀਂ, ਉਸ ਦਾ ਕੋਈ ਮੁਕਾਬਲਾ ਨਹੀਂ ਕਰ ਸਕਦਾ। ਕਹਿੰਦੇ, ਉਹ ਹੈ ਕੀ ਚੀਜ਼? ਸਾਨੂੰ ਪਤਾ ਕਿਵੇਂ ਲੱਗੇ ਕਿ ਮਾਇਆ ਕੀ ਹੁੰਦੀ ਹੈ? ਕੀ ਕੰਮ ਕਰਦੀ ਹੈ? ਉਸ ਦਾ ਮਹਾਰਾਜ ਨੇ ਛੋਟਾ ਜਿਹਾ ਸੰਖੇਪ ਰੂਪ ਵਿਚ ਦੱਸ ਦਿੱਤਾ ਕਿ ਅੱਗੇ ਵਿਚਾਰਾਂ ਤਾਂ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਪੜ੍ਹ ਕੇ ਕਰ ਲਇਓ, ਅਸੀਂ ਤੁਹਾਨੂੰ ਇਕ ਸੰਕੇਤ ਦੇ ਦਿੰਦੇ ਹਾਂ -

*ਮਾਇਆ ਕਿਸ ਨੋ ਆਖੀਐ ਕਿਆ ਮਾਇਆ ਕਰਮ ਕਮਾਇ॥*
*ਪੰਨਾ - 67*

ਕਿਸ ਨੂੰ ਕਿਹਾ ਜਾਂਦਾ ਹੈ ਮਾਇਆ ਤੇ ਕਰਮ ਕੀ ਕਰਦੀ ਹੈ ਮਾਇਆ? ਮਹਾਰਾਜ ਕਹਿੰਦੇ ਕਿ ਉਹ ਕਰਮ ਇਹ ਕਰਦੀ ਹੈ ਕਿ ਪ੍ਰਮੇਸ਼ਰ ਦੀ ਜਿਹੜੀ ਸ਼ਕਤੀ ਹੈ ਮਾਇਆ ਦੇ ਨਾਲ ਰਲੀ ਹੋਈ, ਉਹ ਵੀ ਸ਼ਕਤੀ ਹੈ ਪ੍ਰਮੇਸ਼ਰ ਦੀ। ਦੂਸਰੀ ਸ਼ਕਤੀ ਜੋ ਹੈ ਉਹ ਜੜ੍ਹ ਸ਼ਕਤੀ ਹੈ, ਇਸ ਦੇ ਵਿਚ ਚੇਤੰਨਤਾ ਨਹੀਂ ਹੈ, ਜਿਸ ਨੂੰ ਮਾਇਆ ਕਹਿੰਦੇ ਨੇ। ਪਹਿਲੀ ਚੇਤਨ ਸ਼ਕਤੀ ਹੈ ਉਹ ਚੇਤਨ ਸ਼ਕਤੀ ਜਿਹੜੀ ਵਾਹਿਗੁਰੂ ਦੀ ਹੈ ਉਸ ਨੂੰ ਆਤਮਾ ਕਹਿੰਦੇ ਨੇ -

*ਬ੍ਰਹਮ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥*
*ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥*
*ਪੰਨਾ - 846*

ਇਸ ਆਤਮਾ ਦਾ ਪਸਾਰਾ ਹੋ ਗਿਆ। ਇਹ ਸ਼ੁਧ ਸ਼ਕਤੀ ਹੈ ਵਾਹਿਗੁਰੂ ਦੀ, ਕਿਰਿਆਸ਼ੀਲ ਸ਼ਕਤੀ, ਜਿਸ ਨੂੰ ਕਰਤਾ ਕਹਿੰਦੇ ਨੇ। ਇਸ ਦੇ ਉਤੇ ਜਦੋਂ ਕਰਤਾ ਨਹੀਂ ਸੀ

ਉਦੋਂ ਕਹਿੰਦੇ 'ਏਕੰਕਾਰ' ਸੀ। ਜਦੋਂ 'ਏਕੰਕਾਰ' ਦੀ ਅਵਸਥਾ ਵਿਚ ਨਹੀਂ ਸੀ ਉਸ ਵੇਲੇ ਕੀ ਸੀ? ਕਹਿੰਦੇ, ਨਿਰੰਕਾਰ ਜੀ ਨਿਰਗੁਣ ਅਵਸਥਾ ਦੇ ਵਿਚ ਸੀ। ਨਿਰਗੁਣ ਤੋਂ ਜਦੋਂ ਸਰਗੁਣ ਹੋਇਆ ਤਾਂ ਏਕੰਕਾਰ –

*ਨਿਰੰਕਾਰੁ ਆਕਾਰੁ ਹੋਇ ਏਕੰਕਾਰੁ ਅਪਾਰੁ ਸਦਾਇਆ।*
*ਏਕੰਕਾਰਹੁ ਸਬਦ ਧੁਨਿ ਓਅੰਕਾਰ ਅਕਾਰੁ ਬਣਾਇਆ॥*
*ਭਾਈ ਗੁਰਦਾਸ ਜੀ ਦੀ ਵਾਰ 26/2*

ਸੋ ਮਹਾਰਾਜ ਕਹਿੰਦੇ ਇਹ ਜਿਹੜੀ ਮਾਇਆ ਹੈ ਇਹ ਕੰਮ ਕੀ ਕਰਦੀ ਹੈ? ਜਿਹੜੀ ਇਸ ਦੇ ਵਿਚ ਚੇਤਨ ਸੱਤ੍ਾ ਹੈ ਉਸ ਨੂੰ ਭੁਲਾ ਦਿੰਦੀ ਹੈ ਅਸਲੇ ਨਾਲੋਂ, ਪ੍ਰਮੇਸ਼ਰ ਨਾਲੋਂ ਤੋੜ ਲੈਂਦੀ ਹੈ। ਬਿਲਕੁਲ ਉਸ ਦੇ ਆਲੇ ਦੁਆਲੇ ਚੱਕਰ, ਘੇਰਾ ਕਰ ਦਿੰਦੀ ਹੈ। ਉਸ ਨੂੰ ਵੱਖਰਾ ਕਰ ਦਿੰਦੀ ਹੈ। ਆਦਮੀ ਵਿਚ ਆਪਾ, ਜਾਤ, ਸਖਸ਼ੀਅਤ ਪੈਦਾ ਹੋ ਜਾਂਦੀ ਹੈ। 'ਮੈਂ' ਪੈਦਾ ਹੋ ਜਾਂਦੀ ਹੈ। 'ਮੈਂ' ਦੀ ਜਿਹੜੀ ਸੋਝੀ ਹੈ ਉਸ ਨੂੰ ਹਉਮੈ ਕਹਿੰਦੇ ਨੇ। ਹਉਮੈ ਮੈਂ ਦਾ ਫੈਲਾਓ, ਪਰਸਾਰ ਹੈ। ਇਸ ਦੇ ਵਿਚ ਹੋਰ ਚੀਜ਼ਾਂ ਬਹੁਤ ਆ ਰਲਦੀਆਂ ਹਨ। ਜੋ ਕੁਝ ਪਸਾਰਾ ਦਿਸਦਾ ਹੈ ਸਭ ਹਉਮੈ ਦਾ ਹੈ। ਉਸ ਵੇਲੇ ਇਹ ਜੀਵ ਸ਼ਕਤੀ ਤਾਂ ਕਾਬੂ ਆ ਗਈ। ਇਹ ਤਾਂ ਚੇਤਨ ਹੈ, ਜੜ੍ਹ ਸ਼ਕਤੀ ਨੇ ਇਸ ਨੂੰ ਕਾਬੂ ਕਰ ਲਿਆ। ਮਹਾਰਾਜ ਕਹਿੰਦੇ–

*ਦੁਖਿ ਸੁਖਿ ਏਹੁ ਜੀਉ ਬਧੁ ਹੈ ਹਉਮੈ ਕਰਮ ਕਮਾਇ॥*
*ਪੰਨਾ - 67*

ਇਹ ਦੁਖ ਤੇ ਸੁਖ ਦੋਹਾਂ ਚੀਜ਼ਾਂ ਦੇ ਨਾਲ ਜੀਵ ਬੰਨ੍ਹਿਆ ਗਿਆ ਤੇ ਹੁਣ ਮੈਂ ਧਾਰ ਕੇ ਕਰਮ ਕਰਦਾ ਹੈ। ਜਦੋਂ ਮੈਂ ਧਾਰ ਕੇ ਇਸ ਨੇ ਕਰਮ ਕਰੇ ਤਾਂ ਇਸ ਦੇ ਕਰਮ ਇਸਦੇ ਨਾਲ ਚਿੰਬੜ ਗਏ, ਉਨ੍ਹਾਂ ਕਰਮਾਂ ਦਾ ਸਾਨੂੰ ਫਲ ਭੋਗਣਾ ਪੈ ਗਿਆ।ਬਾਰ-ਬਾਰ ਕਰਮ ਭੋਗਣ ਨਾਲ ਸਾਡਾ ਸੁਭਾਅ ਬਣ ਗਿਆ, ਸੁਭਾਅ ਬਣਨ ਨੂੰ ਮਹਾਰਾਜ ਕਿਰਤ ਕਹਿੰਦੇ ਨੇ। ਉਹ ਕਿਰਤ ਤੇ ਕਰਮ ਇਕੱਠੇ ਹੋ ਗਏ। ਉਸ ਦੇ ਨਾਲ ਹੋਇਆ ਕੀ –

*ਕਿਰਤਿ ਕਰਮ ਕੇ ਵੀਛੁੜੇ ਕਰਿ ਕਿਰਪਾ ਮੇਲਹੁ ਰਾਮ॥*
*ਪੰਨਾ - 133*

ਉਸ ਨੇ ਕੰਮ ਹੀ ਇਹ ਕਰਿਆ ਕਿ ਵਾਹਿਗੁਰੂ ਨਾਲੋਂ ਸਾਨੂੰ ਤੋੜ ਦਿੱਤਾ। ਹੁਣ ਇਹ ਦੋਹੇ ਚੀਜ਼ਾਂ ਨਹੀਂ ਹਨ ਨਾ ਮਾਇਆ ਹੈ ਤੇ ਨਾ ਜੀਵ ਹੈ। ਸਤਿ ਇਹ ਹੈ ਕਿ –

*ਬ੍ਰਹਮ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥*
*ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥*
*ਪੰਨਾ - 846*

ਇਥੇ ਮਹਾਰਾਜ ਨੇ ਕਿਹਾ ਕਿ ਨਹੀਂ ਪ੍ਰੇਮੀਓ! ਕਿਉਂ ਭਰਮ ਵਿਚ ਪੈਂਦੇ ਹੋ? ਇਥੇ ਵਾਹਿਗੁਰੂ ਆਪ ਹੀ ਆਪਣੇ ਕੌਤਕ ਕਰਦਾ ਹੈ। ਤੁਸੀਂ ਆਪਣੀ 'ਮੈਂ' ਨੂੰ ਛੱਡ ਦਿਓ। 'ਮੈਂ' ਹੁਣ ਛੱਡੀ ਨਹੀਂ ਜਾਂਦੀ। ਕੋਈ ਤਰੀਕਾ ਨਹੀਂ। ਦੁਨੀਆ ਵਿਚ ਜਿੰਨੇ ਤਰੀਕੇ ਵਧਣਗੇ ਉਨ੍ਹਾਂ ਨਾਲ 'ਮੈਂ' ਵਧੇਗੀ, ਤਪ ਕਰੋਗੇ, ਤਪ ਨਾਲ ਵਧੇਗੀ, ਜਪੁ ਕਰੋਗੇ ਜਪ ਨਾਲ ਵਧੇਗੀ, ਦਾਨ ਕਰੋਗੇ ਦਾਨ ਨਾਲ ਵਧੇਗੀ, ਤੀਰਥ ਯਾਤਰਾ ਕਰੋਗੇ ਉਸ ਦੇ ਨਾਲ ਵਧੇਗੀ। ਜਿੰਨੇ ਕਰਮ ਕਰੋਗੇ, ਉਨ੍ਹਾਂ ਨਾਲ ਵਧੇਗੀ।

ਹੁਣ ਛੁਟੇ ਕਿਵੇਂ? ਉਹ ਇਹ ਹੈ ਮਹਾਰਾਜ ਕਹਿੰਦੇ ਪੂਰੇ ਗੁਰੂ ਦੀ ਸ਼ਰਨ ਲੈ। ਉਸ ਦੇ ਕੋਲ ਇਕ ਮੰਤਰ ਹੈ ਜਿਸ ਦੇ ਨਾਲ ਤੈਨੂੰ ਉਹ ਇਸ ਦੇ ਵਿਚੋਂ ਕੱਢ ਦਏਗਾ। ਜੇ ਤਾਂ ਉਹ ਮੰਤਰ ਪ੍ਰਾਪਤ ਹੋ ਗਿਆ ਫੇਰ ਤਾਂ ਤੂੰ ਮਨੁੱਖ ਜੇ ਤੈਨੂੰ ਉਹ ਮੰਤਰ ਨਾ ਮਿਲਿਆ ਤਾਂ –

*ਗੁਰ ਮੰਤ੍ਰ ਹੀਣਸ੍ਯ ਜੋ ਪ੍ਰਾਣੀ ਧ੍ਰਿਗੰਤ ਜਨਮ ਭ੍ਰਸਟਣਹ॥*
*ਕੂਕਰਹ ਸੂਕਰਹ ਗਰਧਭਹ ਕਾਕਹ ਸਰਪਨਹ ਤੁਲਿ ਖਲਹ॥*
*ਪੰਨਾ - 1357*

ਕੁੱਤਾ, ਬਿੱਲਾ, ਸੂਰ, ਸੱਪ ਹੈ ਉਹ। ਦੇਖਣ ਨੂੰ ਮਨੁੱਖ ਲਗਦਾ ਹੈ ਕਿਉਂਕਿ ਉਸ ਨੂੰ ਮੰਤਰ ਨਹੀਂ ਦਿੱਤਾ ਗੁਰੂ ਨੇ। ਹੁਣ ਉਹ ਮੰਤਰ ਕੀ ਹੈ? ਕਹਿੰਦੇ ਇਸ ਦਾ ਜਾਪ ਸ਼ੁਰੂ ਕਰ ਲੈ। ਸੰਤਾਂ ਦੀ ਕਰ ਸੰਗਤ, ਇਸ ਦਾ ਕਰ ਜਾਪ ਤੇ ਐਨਾ ਪਿਆਰ ਪਾ ਲੈ ਕਿ ਤੂੰ ਆਪਣਾ ਆਪ ਵਾਰਨ ਵਾਸਤੇ ਤਿਆਰ ਹੋ ਜਾਵੇ ਕਿਉਂਕਿ ਪਿਆਰ ਦੀ ਸ਼ਰਤ ਹੁੰਦੀ ਹੈ–

*ਜਉ ਤਉ ਪ੍ਰੇਮ ਖੇਲਣ ਕਾ ਚਾਉ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ॥*
*ਇਤੁ ਮਾਰਗਿ ਪੈਰੁ ਧਰੀਜੈ॥*
*ਸਿਰੁ ਦੀਜੈ ਕਾਣਿ ਨ ਕੀਜੈ॥ ਪੰਨਾ - 1413*

ਆਪਣੇ ਆਪ ਨੂੰ ਗਿਣਾਵੇ ਨਾ ਤੇ 'ਮੈਂ' ਵੇਚ ਦੇਵੇ। 'ਮੈਂ' ਹੈ ਮਨ। ਮਹਾਰਾਜ ਕਹਿੰਦੇ ਜੇ ਮਨ ਵੇਚ ਦੇਵੇਂ ਤੂੰ –

*ਮਨ ਬੇਚੈ ਸਤਿਗੁਰ ਕੈ ਪਾਸਿ॥*
*ਤਿਸੁ ਸੇਵਕ ਕੇ ਕਾਰਜ ਰਾਸਿ॥ ਪੰਨਾ - 286*

ਪਹਿਲੀ ਸ਼ਰਤ ਕਹਿੰਦੇ ਨੇ ਕਿ ਮਨ ਦੇ ਨਾਲ ਜਿਹੜਾ ਹੋਰ ਕੁਝ ਹੈ ਉਹ ਵੀ ਦੇ ਦੇਹ ਤੂੰ, ਮਨ ਨੂੰ ਵੇਚ ਦਿੱਤਾ ਤੇ ਬਾਕੀ ਕੁਝ ਰੱਖ ਲਿਆ। ਬਾਕੀ ਕੁਝ ਨਹੀਂ ਬਚਦਾ ਜਦੋਂ ਮਨ ਦੇ ਦਿੰਦੇ ਹਾਂ –

*ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ*
*ਹੁਕਮਿ ਮੰਨਿਐ ਪਾਈਐ॥ ਪੰਨਾ - 918*

ਸੋ ਜਿਸ ਤੇ ਤਾਂ ਕਿਰਪਾ ਹੋਵੇ ਉਹ ਤਾਂ ਇਸ ਦੀ ਡੂੰਘਿਆਈ ਨੂੰ, ਸਮਝ ਸਕਦੇ ਨੇ। ਕਿਰਪਾ ਨਾ ਹੋਵੇ ਤਾਂ ਠੀਕ ਹੈ ਜਿਥੇ ਕੁ ਪੜ੍ਹਦਾ ਹੈ, ਪੜ੍ਹਾਈ ਕਰੀ ਜਾਂਦਾ ਹੈ, ਮਨ ਵੇਚਣ ਵਾਲੀ ਅਵਸਥਾ ਨਹੀਂ ਆਉਂਦੀ ਉਸ ਦੀ। ਜੇ ਅਸੀਂ ਮਨ ਵੇਚਦੇ ਵੀ ਹਾਂ ਤਾਂ ਵੀ ਮਨ ਨੂੰ ਫੇਰ ਸਾਂਭ ਕੇ ਰੱਖਦੇ ਹਾਂ, ਮਨ ਤਾਂ ਫੇਰ ਕੰਮ ਕਰਦਾ ਹੈ। ਉਹ ਅਵਸਥਾ ਨਹੀਂ ਆਉਂਦੀ ਜਿਹੜੀ ਇਸ ਸ਼ਬਦ ਦੇ ਅੰਦਰ ਦੱਸੀ ਹੈ–

*ਤੂ ਕਰਤਾਰੁ ਕਰਹਿ ਸੋ ਹੋਇ॥ ਪੰਨਾ - 723*

ਅਸੀਂ ਕਹਿੰਦੇ ਹਾਂ ਨਹੀਂ ਸੱਚੇ ਪਾਤਸ਼ਾਹ! ਮੈਂ ਕਰਦਾ ਹਾਂ। ਮੇਰੇ ਵਿਚ ਬੜੀ ਸ਼ਕਤੀ ਹੈ ਏਸ ਗੱਲ ਨੂੰ ਅਸੀਂ ਮੰਨਣ ਨੂੰ ਤਿਆਰ ਨਹੀਂ। ਸਾਰੀ ਜ਼ਿੰਦਗੀ ਮੱਥੇ ਟੇਕ-ਟੇਕ ਕੇ ਮੱਥੇ ਵੀ ਘੱਸ ਜਾਂਦੇ ਨੇ, ਪਰ ਗੁਰੂ ਦਾ ਬਚਨ ਨਹੀਂ ਕਮਾਉਂਦੇ।

(ਬਾਕੀ ਪੰਨਾ 63 ਤੇ)

# ਸੁਭਾਗ ਜੀ ਦਾ ਸੁਧਾਰ
# ਹੱਥੀਂ
# ਬਾਬਾ ਨੌਧ ਸਿੰਘ ਜੀ

*ਡਾ. ਭਾਈ ਵੀਰ ਸਿੰਘ ਜੀ*

## 16.

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥*
*ਪੰਨਾ - 441*

ਕੁਛ ਦਿਨ ਲੰਘੇ, ਬ੍ਰਿਸਟਰ ਦੇ ਘਾਉ ਚੰਗੇ ਹੁੰਦੇ ਗਏ, ਪਰ ਅਜੇ ਉੱਠ ਬਹਿ ਨਹੀਂ ਸੀ ਸਕਦਾ, ਪਰ ਬ੍ਰਿਸਟਰਾਣੀ ਹੁਣ ਵਿਹੜੇ ਤਾਈਂ ਜਾਣ ਜੋਗੀ ਹੋ ਪਈ ਹੈ।

ਇਕ ਦਿਨ ਧੁੱਪਾਂ ਢਲੀਆਂ ਤੇ ਇਹ ਸਹਿਜੇ ਸਹਿਜੇ ਵੇਹੜੇ ਵਿਚ ਜਾ ਬੈਠੀ, ਅੱਗੇ ਬਾਬਾ ਤੇ ਬਾਬੇ ਦਾ ਪੁੱਤਰ ਸਵੇਰ ਦੇ ਪੈਲੀਆਂ ਤੇ ਗਏ ਹੋਏ ਸਨ ਤੇ ਬਾਬੇ ਦੀ ਵਹੁਟੀ ਰੋਟੀਆਂ ਲੈ ਕੇ ਦੁਪਹਿਰੇ ਖੂਹ ਤੇ ਗਈ ਅਤੇ ਮੁੜੀ ਨਹੀਂ ਸੀ। ਸੁਭਾਗ ਇਕੱਲੀ ਬੈਠੀ ਸੂਤਰ ਅਟੇਰ ਰਹੀ ਸੀ ਤੇ ਨਾਲ ਹੀ ਸ੍ਰੀ ਅਨੰਦ ਸਾਹਿਬ ਜੀ ਦਾ ਕੰਠੋਂ ਪਾਠ ਕਰ ਰਹੀ ਸੀ। ਬ੍ਰਿਸਟਰਾਣੀ ਨੂੰ ਪੀਹੜੀ ਦੇ ਕੇ ਉਸਨੇ ਪਾਸ ਬਿਠਾਲ ਲਿਆ ਤੇ ਆਪ ਪਾਠ ਕਰਦੀ ਰਹੀ। ਜਦ ਤਕ ਪਾਠ ਦਾ ਭੋਗ ਨਾ ਪੈ ਗਿਆ, ਪਾਠ ਕਰਨ ਵਾਲੀ ਆਪਣੇ ਧਿਆਨ ਲੱਗੀ ਕਰੀ ਗਈ ਤੇ ਸੁਣਨ ਵਾਲੀ ਸੁਣੀ ਗਈ। ਜਦੋਂ ਭੋਗ ਪੈ ਗਿਆ ਤਾਂ ਬ੍ਰਿਸਟਰਾਣੀ ਨੇ ਗੱਲਾਂ ਛੇੜ ਦਿੱਤੀਆਂ।

ਭੈਣ ਸੁਭਾਗ ਜੀਉ! ਤੁਸੀਂ ਬਾਬਾ ਜੀ ਦੇ ਬੱਚੇ ਹੋ?

ਸੁਭਾਗ - ਜੀ ਹਾਂ।

ਬ੍ਰਿਸਟਰਾਣੀ - ਨੁਹਾਰ ਨਹੀਂ ਮਿਲਦੀ?

ਸੁਭਾਗ - ਸੁਭਾਉ ਕੁਛ ਮਿਲਦਾ ਹੈ ਕਿ ਨਹੀਂ?

ਬ੍ਰਿਸਟਰਾਣੀ - ਸੁਭਾਉ ਤਾਂ ਬਹੁਤ ਮਿਲਦਾ ਹੈ।

ਸੁਭਾਗ - ਫੇਰ ਜੀਉ! ਜੇ ਮਨਾਂ ਦੀਆਂ ਨੁਹਾਰਾਂ ਮਿਲਦੀਆਂ ਹੋਣ ਤਾਂ ਸਰੀਰਾਂ ਦੀਆਂ ਨੁਹਾਰਾਂ ਦੇ ਮੇਲ ਨੂੰ ਕੀਹ ਟੋਲਣਾ ਹੋਇਆ?

ਬ੍ਰਿਸਟਰਾਣੀ - ਤੁਸੀਂ ਵਿਆਹੇ ਹੀ ਨਹੀਂ ਕਿ ਘਰ ਬਾਹਰ ਹੈ ਤੇ ਅੱਜ ਕੱਲ ਪੇਕੇ ਆਏ ਹੋ?

ਸੁਭਾਗ - ਮੈਨੂੰ ਵਿਆਹੁਣਹਾਰ ਜੀ ਇਸ ਜਗਤ ਤੋਂ ਟੁਰ ਗਏ ਹੋਏ ਹਨ।

ਬ੍ਰਿਸਟਰਾਣੀ - ਬੜਾ ਹੀ ਸ਼ੋਕ ਹੈ, ਕੋਈ ਬਾਲ ਬੱਚਾ ਹੈ?

ਸੁਭਾਗ - ਵਾਹਿਗੁਰੂ ਦਾ ਨਾਮ ਬਾਲਕਾ ਤੇ ਵਾਹਿਗੁਰੂ ਦੀ ਬਾਣੀ ਬਾਲਕੀ, ਦੋ ਰੱਬ ਦੇ ਬਾਲ ਮੇਰੇ ਆਤਮਾ ਦੀ ਗੋਦੀ ਵਿਚ ਦਿਨ ਰਾਤ ਖੇਡਦੇ ਰਹਿੰਦੇ ਹਨ ਤੇ ਮੈਥੋਂ ਪਾਲੇ ਜਾਣ ਦੀ ਥਾਂ ਮੈਨੂੰ ਪਾਲਦੇ ਰਹਿੰਦੇ ਹਨ।

ਬ੍ਰਿਸਟਰਾਣੀ - ਤੁਸੀਂ ਹੋ ਤਾਂ ਪੇਂਡੂ ਜਿਨ੍ਹਾਂ ਨੂੰ ਅਸੀਂ ਜੰਗਲੀ ਸਮਝਦੇ ਹਾਂ ਪਰ ਗੱਲਾਂ ਸਾਰੇ ਹੀ ਪੂਰੀਆਂ ਕਰਦੇ ਹੋ।

ਸੁਭਾਗ - ਵਾਹਿਗੁਰੂ ਦੀ ਮਿਹਰ ਹੈ। ਹੋਰ ਉਂਞ ਤਾਂ ਅਸੀਂ ਮੂੜ੍ਹ ਹੀ ਹਾਂ, ਭੁੱਲ ਜੂ ਜਾਂਦੇ ਹਾਂ।

ਬ੍ਰਿਸਟਰਾਣੀ - ਤੁਹਾਡੇ ਪਾਸ ਗਹਿਣਾ ਕਿੰਨਾਂ ਕੁ ਹੈ?

ਸੁਭਾਗ - ਮੈਂ ਜਾਤਾ ਸੀ ਤੁਸੀਂ ਵਲੈਤ ਹੋ ਕੇ ਆਏ ਹੋ ਤੇ ਕੁਛ ਹੋਰ ਹੋ ਗਏ ਹੋਵੋਗੇ, ਪਰ ਤੁਸਾਂ ਵੀ ਉਹੋ ਗਲ ਪੁੱਛੀ ਜੋ ਹਰ ਬੀਬੀ ਪੁੱਛਦੀ ਹੈ।

ਬ੍ਰਿਸਟਰਾਣੀ - ਕਿਉਂ?

ਸੁਭਾਗ - ਮੈਂ ਪਹਿਲਾਂ ਜਿਸ ਤੇ ਭਗਵਾਂ ਟੱਲਾ ਵੇਖਦੀ ਸਾਂ ਸਮਝਦੀ ਸਾਂ ਕਿ ਇਹ ਵਿਕਾਰਾਂ ਤੇ ਬਲੀ, ਤ੍ਰਿਸ਼ਨਾਂ ਤੋਂ ਪਾਰ, ਜਗਤ ਤੋਂ ਟੁੱਟਾ, ਵੈਰਾਗੀ ਤੇ ਨਿਰਵਾਸ ਪੁਰਸ਼ ਹੈ, ਪਰ ਪਿੱਛੋਂ ਪਤਾ ਲੱਗਾ ਕਿ ਇਨ੍ਹਾਂ ਦੇ ਅੰਦਰ ਬੀ ਸਾਡੇ ਹੀ ਵਰਗਾ ਮਨ ਹੁੰਦਾ ਹੈ ਅਰ ਉਸ ਮਨ ਦੇ ਭਲੇ ਬੁਰੇ ਹੋਣ ਦੇ ਵੇਗ ਜਿਕੁਰਾਂ ਦੇ ਸਾਨੂੰ ਪੈਂਦੇ ਹਨ ਇਨ੍ਹਾਂ ਨੂੰ ਭੀ ਪੈਂਦੇ ਹਨ। ਇਸੀ ਤਰ੍ਹਾਂ ਮੈਂ ਸੁਣਦੀ ਸਾਂ ਕਿ ਜੋ ਵਲੈਤ ਹੋ ਆਉਂਦਾ ਹੈ ਉਹ ਅਕਲ, ਦਾਨਾਈ ਤੇ ਵਿਦਯਾ ਦਾ ਕੋਟ ਹੋ ਜਾਂਦਾ ਹੈ, ਜੋ ਸਾਡੇ ਲੋਕਾਂ ਵਿਚ ਨਿੱਕੀਆਂ ਨਿੱਕੀਆਂ ਗੱਲਾਂ, ਮੂਰਖਪਨੇ ਤੇ ਭਰਮ ਹਨ ਸੋ ਉਨ੍ਹਾਂ ਵਿਚ ਨਹੀਂ ਹਨ, ਪਰ ਮੇਰਾ ਇਹ ਖਿਆਲ ਬੀ ਠੀਕ ਨਹੀਂ ਸੀ। ਸਾਡੇ ਦੇਸ਼ ਦੀਆਂ ਤ੍ਰੀਮਤਾਂ ਜਦ ਰਲ ਬਹਿਣ, ਜਾਂ ਕਿਸੇ ਨਵੀਂ ਭੈਣ ਨੂੰ ਮਿਲਣ ਤਾਂ ਪਹਿਲਾਂ ਉਸਦੇ ਪਤੀ ਦਾ, ਫੇਰ ਉਲਾਦ ਦਾ ਤੇ ਫੇਰ ਗਹਿਣੇ ਦਾ ਹਾਲ ਪੁੱਛਦੀਆਂ ਹਨ, ਤਿਵੇਂ ਹੀ ਤੁਸਾਂ ਪੁੱਛਿਆ ਹੈ। ਮੈਂ ਜਾਤਾ ਸੀ ਕਿ ਤੁਸੀਂ ਵਲੈਤ ਹੋ ਕੇ ਆਏ ਹੋ ਮੈਨੂੰ ਕੋਈ ਚੱਜ ਅਚਾਰ ਦੀ ਗੱਲ ਦੱਸੋਗੇ, ਪਰ ਤੁਸਾਂ ਬੀ ਓਹੋ ਰਾਮ ਕਹਾਣੀ ਸ਼ੁਰੂ ਕਰ ਦਿੱਤੀ ਹੈ, ਜੋ ਹਰ ਪੜ੍ਹੀ ਅਨਪੜ੍ਹੀ ਕਰਦੀ ਹੈ?

ਬ੍ਰਿਸਟਰਾਣੀ - (ਹੱਸ ਕੇ) ਹੈ ਤਾਂ ਏਸੇ ਤਰ੍ਹਾਂ, ਅਸਲ ਵਿਚ ਤੁਹਾਡੇ ਭਲੇ ਸੁਭਾਵ ਕਰਕੇ ਮੈਂ ਤੁਹਾਡੀ ਵਧੇਰੇ ਜਾਣੂੰ ਬਣਨਾ ਚਾਹੁੰਦੀ ਸਾਂ, ਇਸ ਕਰਕੇ ਹੁਣ ਤੁਹਾਡੇ ਕੋਲ ਆ ਬੈਠੀ ਸਾਂ ਤੇ ਸੱਚੀ ਗੱਲ ਇਹ ਹੈ ਕਿ ਦੁਨੀਆਂ ਵਿਚ ਜੇ ਅਚਾਨਕ ਕੋਈ ਗੱਲ ਛੇੜ ਦਿਓ ਤਾਂ ਅਗਲਾ ਕੁਛ ਘਬਰਾਉਂਦਾ ਹੈ ਤੇ ਜੇ ਪਹਿਲਾਂ ਉਸਦੇ ਮਤਲਬ ਦੀਆਂ ਗੱਲਾਂ ਛੇੜੋ, ਜਿਨ੍ਹਾਂ ਵਿਚ ਉਸ ਨੂੰ ਰਸ ਆ ਜਾਵੇ, ਤਾਂ

ਓਹ ਸੁਆਦ ਨਾਲ ਗੱਲੀਂ ਲੱਗ ਪੈਂਦਾ ਹੈ ਤੇ ਅਗੋਂ ਫੇਰ ਗੱਲ ਤੁਰ ਪੈਂਦੀ ਹੈ।

ਸੁਭਾਗ – ਠੀਕ ਹੈ, ਪਰ ਇਹ ਸੱਚ ਦਾ ਤਰੀਕਾ ਨਹੀਂ, ਇਕ ਤਰ੍ਹਾਂ ਦਾ ਗੱਲਾਂ ਬਾਤਾਂ ਦਾ ਮਧੱਮ ਜਿਹਾ ਛਲ ਹੋਇਆ।

ਬ੍ਰਿਸਟਰਾਣੀ – ਨਹੀਂ, ਛਲ ਤਾਂ ਨਹੀਂ, ਕੇਵਲ ਇਹ ਮਤਲਬ ਹੁੰਦਾ ਹੈ ਕਿ ਅਗਲਾ ਘਬਰਾਏ ਨਾਂ ਤੇ ਗੁੱਸਾ ਨਾ ਕਰੇ, ਇਸ ਕਰਕੇ ਪਹਿਲਾਂ ਉਸ ਨੂੰ ਰਸਦਾਇਕ ਲੱਗਣ ਵਾਲੀ ਗੱਲ ਛੇੜਨੀ ਠੀਕ ਹੁੰਦੀ ਹੈ।

ਸੁਭਾਗ – ਬੀਬੀ ਜੀਓ! ਅਸੀਂ ਪੇਂਡੂ ਠੁੱਲੇ ਲੋਕ ਹਾਂ, ਸਾਡੇ ਨਾਲ ਬ੍ਰੀਕੀਆਂ ਦੀ ਲੋੜ ਨਹੀਂ, ਤੁਸੀਂ ਉਹ ਗੱਲ ਦੱਸੋ ਜੋ ਤੁਸਾਂ ਮਿੱਠੀਆਂ ਗੱਲਾਂ ਦੀ ਭਿੱਤੀ ਦੇ ਕੇ ਮੇਰੇ ਨਾਲ ਛੇੜਨੀ ਹੈ, ਪਹਿਲਾਂ ਹੀ ਉਹ ਕਰ ਲਵੀਏ।

ਬ੍ਰਿਸਟਰਾਣੀ – (ਝਿਜਕ ਕੇ) ਤੁਸੀਂ ਆਖਸੋ ਕੇਡੇ ਭੈੜੇ ਲੋਕ ਸਾਡੇ ਘਰ ਆਏ ਹਨ, ਅਸੀਂ ਖਾਤਰਾਂ ਕਰਦੇ ਹਾਂ, ਤੇ ਏਹ ਸਾਡੇ ਤੇ ਹੁੱਜਤਾਂ ਪੜ੍ਹਦੇ ਹਨ।

ਸੁਭਾਗ – ਨਹੀਂ ਜੀ, ਸਫਾਈ ਹੀ ਸੁਖਦਾਈ ਹੈ।

ਬ੍ਰਿਸਟਰਾਣੀ – ਮਾਫ ਕਰਨਾ, ਮੈਂ ਪੁੱਛਣਾ ਸੀ ਕਿ ਇਹ ਜੋ ਤੁਸੀਂ ਪੜ੍ਹਦੇ ਸਾਓ ਇਸ ਦਾ ਕੀ ਗੁਣ ਹੈ? ਜਦ ਦੇਖੀਦਾ ਹੈ ਤਦ ਤੁਹਾਡੇ ਬੁਲ੍ਹ ਫੁਰਕਦੇ ਹੁੰਦੇ ਹਨ ਯਾ ਗਲੇ ਤੋਂ ਕੋਈ ਪਾਠ ਦੀ ਧੁਨਿ ਨਿਕਲਦੀ ਦਿੱਸਦੀ ਹੈ। ਇਹ ਬਿਰਥਾ ਜਤਨ ਕਿਉਂ ਕਰਦੇ ਹੋ? ਇਕ ਵਾਰੀ ਪੜ੍ਹਿਆ ਤੇ ਸਮਝ ਲਿਆ।

ਸੁਭਾਗ – ਤੁਸੀਂ ਚੂਨੇਗਚ ਘਰ ਬਣਾ ਕੇ, ਸੰਗਮਰਮਰ ਲੁਆ ਕੇ ਫੇਰ ਰੋਜ ਝਾੜੂ ਕਿਉਂ ਫਿਰਵਾਉਂਦੇ ਹੋ? ਇਕ ਵੇਰਾਂ ਜੋ ਏਡੀ ਲਾਗਤ ਲਾ ਕੇ ਸੁਥਰਾ ਘਰ ਬਣਾ ਲਿਆ, ਫੇਰ ਰੋਜ਼ ਰੋਜ਼ ਦੀ ਖਿੱਚਾ ਖਿੱਚੀ ਕਿਉਂ ਕਰਦੇ ਹੋ?

ਬ੍ਰਿਸਟਰਾਣੀ – ਉੱਥੇ ਤਾਂ ਰੋਜ ਕੂੜਾ ਪੈ ਜਾਂਦਾ ਹੈ, ਗਰਦਾ (ਘੱਟਾ), ਜਮ੍ਹਾਂ ਹੋ ਜਾਂਦਾ ਹੈ, ਰੋਜ਼ ਹੂੰਝਣਾਂ ਪੈਂਦਾ ਹੈ।

ਸੁਭਾਗ – ਇਸ ਤਰ੍ਹਾਂ ਸਾਡੀ ਮੱਤ ਤੇ ਰੋਜ਼ ਗਰਦਾ ਪੈ ਜਾਂਦਾ ਹੈ ਅਰ ਉਸਨੂੰ ਰੋਜ ਕੱਢਣਾ ਚਾਹੀਦਾ ਹੈ।

ਬ੍ਰਿਸਟਰਾਣੀ – ਇਹ ਤਾਂ ਦ੍ਰਿਸ਼ਟਾਂਤ ਹੋਇਆ, ਕੋਈ ਅਸਲ ਗੱਲ ਦੱਸੋ। ਦਿਲ ਕੋਈ ਫਰਸ਼ ਨਹੀਂ ਜਿਸ ਤੇ ਘੱਟਾ ਜਾ ਬੈਠਦਾ ਹੈ?

ਸੁਭਾਗ – ਦਿਲ ਉੱਤੇ ਹੋਰ ਤਰ੍ਹਾਂ ਦਾ ਗਰਦਾ ਬੈਠਦਾ ਹੈ। ਇਸ ਵਿਚ ਹਰ ਵੇਲੇ ਫੁਰਨੇ ਫੁਰਦੇ ਹਨ, ਓਹ ਤ੍ਰੈ ਤਰਾਂ ਦੇ ਹੁੰਦੇ ਹਨ – ੧. ਭਲੇ, ੨. ਬੁਰੇ, ੩. ਨਾ ਭਲੇ ਨਾ ਬੁਰੇ। ਫੁਰਨੇ ਮਨ ਨੂੰ ਢਿੱਲਿਆਂ ਕਰਦੇ ਹਨ।

ਬ੍ਰਿਸਟਰਾਣੀ – ਭਲੇ ਫੁਰਨੇ ਬੀ ਢਿੱਲਿਆਂ ਕਰਦੇ ਹਨ?

ਸੁਭਾਗ – 'ਬੁਰੇ ਫੁਰਨੇ' ਮਨ ਨੂੰ ਮੈਲਾ, ਨਿਤਾਣਾ ਤੇ ਖਿੰਡਾਉ ਵਾਲਾ ਕਰਦੇ ਹਨ। ਨਾ ਬੁਰੇ ਨਾ ਭਲੇ ਫੁਰਨੇ ਮਨ ਨੂੰ ਨਿਤਾਣਾ ਕਰਦੇ ਹਨ ਤੇ 'ਭਲੇ ਫੁਰਨੇ' ਮਨ ਨੂੰ ਮੈਲਾ ਨਹੀਂ ਕਰਦੇ, ਪਰ ਖਿੰਡਾਉ ਰਹਿੰਦਾ ਹੈ। ਇਹ ਵੰਡ ਮੈਂ ਐਵੇਂ ਸਰਸਰੀ ਤੇ ਮੋਟੀ ਜੇਹੀ ਕੀਤੀ ਹੈ। ਇਸ ਗੱਲ ਦੀਆਂ ਬ੍ਰੀਕੀਆਂ ਤੇ ਵੇਰਵੇ ਬਹੁਤ ਹਨ। ਮਤਲਬ ਇਹ ਕਿ ਸਾਡਾ ਮਨ ਚਾਹੀਦਾ ਹੈ –

ਨਿਰਮਲ

ਬਲਵਾਨ ਤੇ

ਇਕਾਗਰ।

ਬਾਣੀ ਪੜ੍ਹਨ ਨਾਲ ਉਸ ਵਿਚ ਪਹਿਲਾਂ ਐਸੇ ਫੁਰਨੇ ਫੁਰਦੇ ਹਨ ਜੋ ਦੱਸਦੇ ਹਨ ਕਿ ਬੁਰੇ ਕਰਮ, ਬੁਰੇ ਵਾਕ ਤੇ ਬੁਰੇ ਫੁਰਨੇ ਮਾੜੇ ਹਨ, ਫੇਰ ਐਸੇ ਫੁਰਨੇ ਫੁਰਦੇ ਹਨ ਕਿ ਜਿਨ੍ਹਾਂ ਨੂੰ ਭਲੇ ਕਹਿਣਾ ਚਾਹੀਦਾ ਹੈ, ਭਲੇ ਫੁਰਨਿਆਂ ਨਾਲ ਬੁਰਿਆਂ ਦੀ ਮੈਲ ਚੋਖੀ ਦੂਰ ਹੋ ਜਾਂਦੀ ਹੈ।

ਫੇਰ ਬਾਣੀ ਨਾਲ ਵਿਚਾਰ ਸ਼ੁਰੂ ਹੁੰਦੀ ਹੈ, ਮਨ ਨੂੰ ਆਪਣੀ ਸੋਝੀ ਦੇ ਫੁਰਨੇ ਫੁਰਦੇ ਹਨ। ਨਾਲ ਹੀ ਇਸ ਬਾਣੀ ਵਿਚ ਇਕ ਸ਼ਕਤੀ ਹੈ ਕਿ ਮਨ ਦੇ ਖਿੰਡਾਉ ਨੂੰ ਘਟਾਉਂਦੀ ਹੈ ਤੇ ਇਕਾਗ੍ਰਤਾ ਵਧਾਉਂਦੀ ਹੈ। ਇਸ ਤਰ੍ਹਾਂ ਮਨ ਵਿਚ ਆਪਣੀ ਹੋਸ਼ ਤੇ ਆਪਣਾ ਤਾਮ ਪੈਦਾ ਹੋ ਆਉਂਦਾ ਹੈ। ਅਸੀਂ ਫੇਰ ਨਾਮ ਜਪਦੇ ਹਾਂ ਜਿਸ ਨਾਲ ਮਨ ਵਿਚ ਟਿਕਾਉਂ ਆਉਂਦਾ ਹੈ ਤੇ ਬਾਕੀ ਦੀ ਮੈਲ ਉਤਰਦੀ ਹੈ। ਨਾਲ ਹੀ ਅਸੀਂ ਆਪਣੇ ਧਿਆਨ ਨੂੰ ਬੰਨ੍ਹਕੇ ਰੱਖਦੇ ਹਾਂ, ਸੋਚਾਂ ਫੁਰਨਿਆਂ ਵੱਲ ਇਸ ਨੂੰ ਜਾਣੋ ਹੋੜਦੇ ਰਹਿੰਦੇ ਹਾਂ, ਜਿਸ ਨਾਲ ਹੋਰ ਮਨ ਟਿਕਦਾ ਹੈ। ਇਸ ਤਰ੍ਹਾਂ ਅੰਤਰ ਵਾਹਿਗੁਰੂ ਜੀ ਵਲ ਧਿਆਨ ਪੈ ਪੈ ਕੇ ਓਨਾ 'ਪਿਆਰ–ਨਿਰਮਲ ਪਿਆਰ–ਪੈਦਾ ਹੋ ਆਉਂਦਾ ਹੈ ਤੇ 'ਰਸ' ਭਰ ਜਾਂਦਾ ਹੈ। ਇਹ ਰਸ ਸਰੀਰ ਦੇ ਸਾਰੇ ਰਸਾਂ ਤੋਂ ਉੱਚਾ ਰਸ ਹੈ। ਇਸਦੇ ਆਇਆਂ ਫਿਰ ਸਰੀਰ ਦੇ ਰਸ ਮੋਂਹਦੇ ਨਹੀਂ ਤੇ ਵਿਕਾਰਾਂ ਵਿਚ ਡੇਗਦੇ ਨਹੀਂ, ਸਗੋਂ ਮਨ 'ਨਿਰਮਲ' 'ਏਕਾਗਰ' ਤੇ 'ਬਲਵਾਨ' ਰਹਿੰਦਾ ਹੈ। ਦੁਨੀਆਂ ਦੇ ਮਾਮਲਿਆਂ ਵਿਚ ਬੀ ਮਨ ਦੀ ਸੋਝੀ ਨਿਰਮਲ ਹੋ ਜਾਂਦੀ ਹੈ।

ਬ੍ਰਿਸਟਰਾਣੀ – ਖੂਬ! ਪਰ ਖਿਮਾਂ ਕਰਨੀ, ਜੇ ਇਕ ਵਾਰ ਤੁਸਾਂ ਬਾਣੀ ਸਮਝੀ ਤੇ ਸਮਝ ਕੇ ਉਸ ਸਮਝ ਵਰਗਾ ਦਿਲ ਕਰ ਲਿਆ, ਫੇਰ ਰੋਜ਼ ਰੋਜ਼ ਕਰਨ ਦਾ ਟੰਟਾ ਮੁੱਕ ਜਾਵੇ।

ਸੁਭਾਗ – (ਚਿਹਰਾ ਲਾਲੀ ਭਾ ਦੇ ਕੇ ਫੇਰ ਠੀਕ ਹੋ

ਗਿਆ) ਐਉਂ ਕਰੋ ਨਾਂ, ਮੈਂ ਤੁਸਾਂ ਨੂੰ ਬਾਣੀ ਸੁਣਾਉਂਦੀ ਹਾਂ, ਤੁਸੀਂ ਸਮਝੀ ਚੱਲੋ, ਸਮਝਕੇ ਫੇਰ ਮਨ ਠੀਕ ਕਰ ਲੈਣਾ। ਫੇਰ ਅੱਠਾਂ ਦਿਨਾਂ ਮਗਰੋਂ ਸੱਚ ਸੱਚ ਮੈਨੂੰ ਦੱਸ ਦੇਣਾ ਕਿ ਤੁਸਾਡਾ ਮਨ –

੧. ਜੁੜਿਆ ਰਿਹਾ ਹੈ, ਅਰਥਾਤ 'ਏਕਾਗਰ' ਰਿਹਾ ਹੈ, ਫੁਰਨਾ ਕੋਈ ਨਹੀਂ ਫੁਰਿਆ?

੨. ਜੇ ਫੁਰਿਆ ਤਾਂ ਮੱਧਮ, ਅਰ ਭਲਾ ਫੁਰਨਾ ਫੁਰਿਆ ਹੈ?

੩. ਯਾ ਭਲੇ ਦੇ ਸਿਵਾ 'ਨਾਂ ਭਲਾ ਨਾ ਬੁਰਾ' ਫੁਰਨਾ ਫੁਰਿਆ ਹੈ ਤੇ

੪. ਬੁਰਾ ਫੁਰਨਾ ਉੱਕਾ ਨਹੀਂ ਫੁਰਿਆ?

ਜੇ ਤਾਂ ਤੁਸਾਂ ਇਹ ਗੱਲ ਸਿਰ੍ਹੇ ਚਾੜ੍ਹ ਲਈ ਤਾਂ ਫੇਰ ਗੱਲ ਕਰਾਂਗੇ, ਪਰ ਜੇ ਤੁਸੀਂ ਬਿਫਲਦੇ ਰਹੇ, ਤਦ ਫੇਰ ਉਸੇ ਦਾਰੂ ਖਾਣਦੀ ਬਾਰ ਬਾਰ ਲੋੜ ਪਊ ਕਿ ਨਾ, ਜਿਹੜਾ ਦਾਰੂ ਕਿ ਤੁਸੀਂ ਇਕ ਦਿਨ ਖਾ ਕੇ ਬੱਸ ਕਰਨਾ ਚਾਹੁੰਦੇ ਸਾਓ ਤੇ ਜਿਸ ਦਾਰੂ ਨੇ ਤੁਸਾਂ ਤੇ ਚੰਗਾ ਅਸਰ ਕੀਤਾ ਸੀ?

ਬ੍ਰਿਸਟਰਾਣੀ – ਇਹ ਤਾਂ ਔਖੀ ਗੱਲ ਹੈ ਕਿ ਫੁਰਨਾ ਰੁਕ ਜਾਏ। ਇਹ ਬੀ ਔਖੀ ਹੈ ਕਿ ਫੁਰਨਾ ਨਿਰੋਲ ਭਲਾ ਹੋ ਜਾਵੇ। ਜੋ ਆਦਮੀ ਹੈ ਸਭ ਦੇ ਮਨ ਵਿਚ ਕੁਛ ਨਾ ਕੁਛ ਹਰ ਵੇਲੇ ਫੁਰਨਾ ਫੁਰਦਾ ਹੀ ਰਹਿੰਦਾ ਹੈ ਤੇ ਜੋ ਕੁਛ ਫੁਰਦਾ ਹੈ ਉਹ ਕਦੇ ਭਲਾ ਹੁੰਦਾ ਹੈ ਕਦੇ ਬੁਰਾ।

ਸੁਭਾਗ – ਆਦਮੀ ਜੋ ਕੰਮ ਕਰਦਾ ਹੈ ਉਹ ਕਦੇ ਭਲਾ ਹੁੰਦਾ ਹੈ ਯਾ ਬੁਰਾ ਤੇ ਹਰ ਕੰਮ ਦੇ ਕਰਨ ਤੋਂ ਪਹਿਲਾਂ ਉਸ ਕੰਮ ਦਾ ਫੁਰਨਾ ਫੁਰਦਾ ਹੈ। ਫੁਰਨਾ ਯਾ ਭਲਾ ਹੁੰਦਾ ਹੈ ਯਾ ਬੁਰਾ। ਜੇ ਬੁਰਾ ਫੁਰਨਾ ਹੁੰਦਾ ਹੈ ਤਾਂ ਬੁਰੇ ਕੰਮ ਕਰਾਉਂਦਾ ਹੈ, ਜੇ ਭਲਾ ਹੁੰਦਾ ਹੈ ਤਾਂ ਭਲਾ ਕੰਮ ਕਰਾਉਂਦਾ ਹੈ। ਸੋ ਤੁਸੀਂ ਇਹ ਸਾਫ ਸਾਫ ਸਮਝ ਲਓ ਕਿ ਫੁਰਨੇ ਨੂੰ ਸੋਧਣਾ ਕਰਮਾਂ ਨੂੰ ਦਰੁਸਤ ਕਰਨਾ ਹੈ।

ਬ੍ਰਿਸਟਰਾਣੀ – ਇਕ ਵਾਰੀ ਫੇਰ ਆਖਣਾ।

ਸੁਭਾਗ – ਹਰ ਕਰਮ ਦੇ ਕਰਨ ਤੋਂ ਪਹਿਲਾਂ ਫੁਰਨਾ ਫੁਰਦਾ ਹੈ। ਜੇ ਫੁਰਨੇ ਤੇ ਸਾਡਾ ਵਸੀਕਾਰ ਹੋਵੇ (ਜੇਹਾ ਚਾਹੀਏ ਫੁਰਨ ਦੇਈਏ, ਯਾ ਫੁਰਦੇ ਸਾਰ ਜਿਸ ਨੂੰ ਚਾਹੀਏ ਰੋਕ ਦੇਈਏ) ਤਦ ਕਰਮਾਂ ਤੇ ਸਾਡਾ ਵੱਸ ਹੋ ਗਿਆ। ਜੇਹੋ ਜੇਹੇ ਕੰਮ ਅਸੀਂ ਨਹੀਂ ਕਰਨੇ ਚਾਹੁੰਦੇ ਉਨ੍ਹਾਂ ਦੇ ਫੁਰਨੇ ਹੀ ਮਾਰ ਲਏ ਯਾ ਫੁਰਨ ਹੀ ਨਾ ਦਿੱਤੇ, ਇਸ ਤੋਂ ਸਮਝਿਆ ਜਾਂਦਾ ਹੈ ਕਿ ਨਹੀਂ ਕਿ ਫੁਰਨੇ ਤੇ ਕਾਬੂ ਪਾ ਲੈਣਾ ਹੈ? ਇਹੋ ਹੀ ਆਪਣੇ ਆਪ ਦਾ ਮਾਲਕ ਬਣ ਜਾਣਾ ਹੈ। ਪਰ ਤੁਸਾਂ ਵੇਖੇ ਹਨ, ਪਸ਼ੂ, ਜੋ ਫੁਰਨਾ ਉਨ੍ਹਾਂ ਨੂੰ ਫੁਰਦਾ ਹੈ ਓਸੇ ਦੇ ਵੱਸ ਵਿਚ ਭੱਜੇ ਫਿਰਦੇ ਹਨ, ਪਰ ਮਨੁੱਖ ਬੀ ਜੇ ਇਸ ਤਰ੍ਹਾਂ ਫਿਰੇ ਤਾਂ ਪਸ਼ੂ ਹੋਇਆ ਤੇ ਜੇ ਫੁਰਨੇ ਤੇ ਵੱਸ ਪਾ ਕੇ ਆਪਣੇ ਕੰਮਾਂ ਉੱਤੇ ਪੱਸ ਪਾ ਲਵੇ ਤਾਂ ਪਸ਼ੂਆਂ ਤੋਂ ਉੱਚਾ–ਮਨੁੱਖ–ਹੋਇਆ।

ਬ੍ਰਿਸਟਰਾਣੀ – ਇਹ ਠੀਕ ਹੈ, ਤੁਹਾਡਾ ਹੁਣ ਸਿੱਧਾਂਤ ਕੀ ਹੈ?

ਸੁਭਾਗ – ਇਹ ਕਿ ਫੁਰਨੇ ਨੂੰ ਸਾਧਣਾ ਅਰ ਫੁਰਨੇ ਤੇ ਕਾਬੂ ਪਾਉਣਾ ਆਪਣੇ ਕੰਮਾਂ ਨੂੰ ਕਾਬੂ ਵਿਚ ਲੈ ਲੈਣਾ ਹੈ। ਕੰਮਾਂ ਤੇ ਕਾਬੂ ਪਾਉਣਾ ਪਸ਼ੂ ਤੋਂ ਉੱਚੇ ਮਨੁੱਖ ਬਣਨਾ ਹੈ। ਇਸ ਲਈ ਫੁਰਨਾ ਸਾਧਣਾ ਜ਼ਰੂਰੀ ਹੈ। ਫੁਰਨਾ ਬਾਣੀ ਪੜ੍ਹਨ ਨਾਲ ਸਾਧਿਆ ਜਾਂਦਾ ਹੈ, ਜੈਸਾ ਕਿ ਮੈਂ ਪਹਿਲਾਂ ਦੱਸਿਆ ਸੀ। ਤਾਂਤੇ ਬਾਣੀ ਪੜ੍ਹਨੀ ਚਾਹੀਏ। ਫੁਰਨੇ ਇਕ ਦਮ ਨਹੀਂ ਸਾਧੇ ਜਾਂਦੇ, ਸਾਡੇ ਸੁਭਾਵ ਪਸ਼ੂ ਹੋਣ ਕਰਕੇ, ਬਿਰਤੀਆਂ ਪਸ਼ੂ ਸੰਸਾਰ ਨਾਲ ਸਾਂਝੀਆਂ ਹੋਣ ਕਰ ਕੇ, ਸਾਡਾ ਰੁਖ ਪਸ਼ੂ–ਰੁਚੀਆਂ ਵਲ ਬਹੁਤ ਰਹਿੰਦਾ ਹੈ, ਅਰਥਾਤ ਮਾੜੇ ਫੁਰਨੇ ਫੁਰਦੇ ਹੀ ਰਹਿੰਦੇ ਹਨ। ਸਾਡੇ ਫੁਰਨੇ ਬਹੁਤਾ ਤਾਂ ਪੰਜਾਂ ਵਿਕਾਰਾਂ ਵਲ ਹੀ ਰੁਖ ਰੱਖਦੇ ਹਨ, ਇਸ ਕਰ ਕੇ ਉਨ੍ਹਾਂ ਨੂੰ ਸਾਧਣ ਲਈ ਬਾਣੀ ਰੋਜ਼ ਪੜ੍ਹਨੀ ਚਾਹੀਏ।

ਬ੍ਰਿਸਟਰਾਣੀ – ਇਹ ਤੁਸਾਂ ਬਾਣੀ ਦਾ ਜੋ ਲਾਭ ਦੱਸਿਆ ਹੈ, ਇਸ ਨਾਲ ਕਰਮ ਸ਼ੁਭ ਹੋਏ, ਫੁਰਨੇ ਤੇ ਕਰਮਾਂ ਤੇ ਕਾਬੂ ਪਾ ਲਿਆ, ਕਿ ਕੁਛ ਹੋਰ ਹਨ।

ਬ੍ਰਿਸਟਰਾਣੀ – ਸ਼ੌਂਕ ਤਾਂ ਅਜਿਹੇ ਹਨ ਕਿ ਮਾਯਾ ਬਹੁਤੀ ਹੋਵੇ, ਪੁਤਰ ਹੋਣ, ਮੋਟਰ ਕਾਰਾਂ, ਬਾਗ, ਮਹਿਲ, ਜ਼ਮੀਨਾਂ ਹੋਣ, ਨਿਉਂ ਨਿਉਂ ਸਲਾਮਾਂ ਹੋਣ, ਪਰ ਮੋਟਰਕਾਰ ਦੀ ਟੱਕਰ ਲੱਗਣ ਨਾਲ ਸਾਡੀ ਤੁਸਾਂ ਨਾਲ ਆ ਟੱਕਰ ਲੱਗੀ ਹੈ। ਇਸ ਨੇ ਸਾਡੀ ਇਕ ਜਾਗ ਖੁਹਲੀ ਹੈ ਤੇ ਸਾਨੂੰ ਕੋਈ ਹੋਰ ਦੁਨੀਆਂ ਦਿੱਸਣ ਲੱਗ ਪਈ ਹੈ। ਇਸ ਲਈ ਤੁਸਾਂ ਜੀ ਨੂੰ ਪੁੱਛਦੀ ਹਾਂ ਕਿ ਕੋਈ ਪੱਕੀ ਸੋਝੀ ਪੈ ਜਾਵੇ ਜਿਸ ਨਾਲ ਕਿ ਉਸ ਘੇਰੇ ਵਿਚ ਸਾਡਾ ਵਾਸ ਹੀ ਹੋ ਜਾਵੇ ਜਿਸ ਵਿਚ ਤੁਹਾਡਾ ਵਾਸ ਹੈ।

ਸੁਭਾਗ – ਹੋਰ ਸੁਖ ਇਸ ਦਾ ਇਹ ਹੈ, ਕਿ ਮਨ ਨੂੰ ਆਪੇ ਦੀ ਸੋਝੀ ਹੁੰਦੀ ਹੈ।

ਅਸੀਂ ਜਾਣਦੇ ਹਾਂ ਕਿ ਮਨ ਸਾਡਾ ਪਸ਼ੂਆਂ ਵਰਗਾ ਮਨ ਹੈ, ਆਪਣੀ ਰੁਚੀ ਮਗਰ ਭੱਜ ਉਠਦਾ ਹੈ ਪਰ ਸਾਨੂੰ ਇਹ ਪਤਾ ਨਹੀਂ ਕਿ ਸਾਡਾ ਅਸਲ ਆਪਾ ਕੀ ਹੈ? ਬਾਣੀ ਸਾਨੂੰ ਦੱਸਦੀ ਹੈ –

***ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥***
***ਪੰਨਾ - 441***

ਜਦ ਅਸੀਂ ਮੂਲ ਪਛਾਨਣ ਵੱਲ ਲੱਗਦੇ ਹਾਂ, ਤਦ ਸਾਨੂੰ ਮਨ ਅੰਦਰੋਂ ਮੈਲਾ ਦਿੱਸਦਾ ਹੈ, ਤਦ ਬਾਣੀ ਆਖਦੀ ਹੈ –

***ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ॥ ਪੰਨਾ - 263***

ਤਦ ਅਸੀਂ ਨਾਮ ਜਪਦੇ ਹਾਂ। ਇਉਂ ਜਦ ਮੈਲ ਉਤਰਦੀ ਹੈ ਤਾਂ ਬਾਣੀ ਆਖਦੀ ਹੈ -

***ਅੰਮ੍ਰਿਤ ਨਾਮੁ ਰਿਦ ਮਾਹਿ ਸਮਾਇ॥ ਪੰਨਾ - 263***

ਅਰਥਾਤ ਮਨ ਦੀ ਮੈਲ ਹਟ ਗਿਆਂ ਇਹੋ ਨਾਮ ਰਸ ਦਾਤਾ ਹੋ ਜਾਂਦਾ ਹੈ ਅੰਮ੍ਰਿਤ ਵਾਂਙੂ।

ਜਦ ਅੰਦਰ ਅੰਮ੍ਰਿਤ ਰਸ ਬੱਝਦਾ ਹੈ ਤਾਂ ਫੇਰ ਬਾਣੀ ਦੱਸਦੀ ਹੈ -

***ਪ੍ਰਭ ਕੈ ਸਿਮਰਨਿ ਨਿਹਚਲ ਆਸਨੁ॥***
***ਪ੍ਰਭ ਕੈ ਸਿਮਰਨਿ ਕਮਲ ਬਿਗਾਸਨੁ॥ ਪੰਨਾ - 263***

ਬ੍ਰਿਸਟਰਾਣੀ - ਮੈਂ ਇਸ ਦਾ ਅਰਥ ਨਹੀਂ ਜਾਤਾ।

ਸੁਭਾਗ - ਇਸ ਦਾ ਅਰਥ ਹੈ ਕਿ ਨਾਮ ਜਪਣ ਨਾਲ ਏਕਾਗ੍ਰਤਾ ਪ੍ਰਾਪਤ ਹੁੰਦੀ ਹੈ ਤੇ ਅੰਦਰਲਾ ਜੋ ਸਦਾ ਉਦਾਸ, ਚਿੰਤਾਤੁਰ, ਖਿੱਚਾਂ ਵਿਚ ਤੇ ਜਲਨ ਭੁੱਜਣ ਵਿਚ ਰਹਿੰਦਾ ਹੈ ਓਹ ਖਿੜ ਪੈਂਦਾ ਹੈ, ਜਿਸ ਤਰ੍ਹਾਂ ਖਿੜਿਆ ਕੌਲ ਫੁਲ ਹੁੰਦਾ ਹੈ।

ਬ੍ਰਿਸਟਰਾਣੀ - ਠੀਕ!

ਸੁਭਾਗ - ਜਦ ਆਪੇ ਦੀ ਸੋਝੀ ਹੋ ਆਉਂਦੀ ਹੈ ਤਦ ਆਪਾ ਆਪੇ ਵਿਚ, ਟਿਕਾਉ ਵਿਚ ਰਹਿੰਦਾ ਹੈ। ਇਸ ਟਿਕਾਉ ਵਿਚ ਅਕੱਥ ਸੁਆਦ ਹੁੰਦਾ ਹੈ, ਤੇ ਇਸ ਟਿਕਾਉ ਤੋਂ ਨਿਕਲਿਆਂ ਕਲੇਸ਼ਾਂ ਵਿਚ ਵਾਸ ਰਹਿੰਦਾ ਹੈ, ਇਹ ਵੇਖ ਵੇਖ ਕੇ ਮਨ ਫੇਰ ਟਿਕਾਉ ਵਲ ਵੱਧ ਰੁਖ ਰੱਖਦਾ ਹੈ। ਜਿਉਂ ਜਿਉਂ ਮਨ ਟਿਕਦਾ ਹੈ ਤਿਉਂ ਤਿਉਂ ਬਲਵਾਨ ਹੁੰਦਾ ਹੈ ਤੇ ਜਿਉਂ ਜਿਉਂ ਬਲਵਾਨ ਹੁੰਦਾ ਹੈ ਤਿਉਂ ਤਿਉਂ ਖਿੜਦਾ ਹੈ। ਅੰਤ ਇਸ ਨੂੰ ਦਿੱਸ ਪੈਂਦਾ ਹੈ ਕਿ ਮੇਰਾ ਸਰੂਪ 'ਜੋਤਿ' ਹੈ।

ਬ੍ਰਿਸਟਰਾਣੀ - ਜੋਤਿ ਦਾ ਕੀ ਮਤਲਬ?

ਸੁਭਾਗ - ਕਦੇ ਦੀਵਾ ਡਿਠਾ ਜੇ, ਦੇਸੀ ਦੀਵਾ ਜੋ ਸਾਡੇ ਘਰ ਬਲਦਾ ਹੈ ਸਰਹੋਂ ਦੇ ਤੇਲ ਦਾ? ਜਦੋਂ ਰਾਤ ਵੇਲੇ ਤੱਕੋ ਤਾਂ ਦੀਵੇ ਦੇ ਦੋ ਹਿੱਸੇ ਹਨ, ਇਕ ਜੋਤ ਸਰੂਪ ਤੇ ਇਕ ਮਿੱਟੀ ਅੰਧ। ਲਾਟ ਜੋ ਲੱਟ ਲੱਟ ਬਲਦੀ ਹੈ ਉਹਦਾ ਸਰੂਪ 'ਜੋਤਿ' ਹੈ, ਤੇ ਬਾਕੀ ਦੀਵਾ ਵੱਟੀ ਤੇਲ ਸਾਰੇ ਅੰਧ ਹਨ, ਮਿੱਟੀ ਦੇ ਰੂਪ। ਇਸ ਦ੍ਰਿਸ਼ਟਾਂਤ ਤੋਂ ਆਪਣੇ ਸਰੀਰ ਨੂੰ ਸਮਝੋ ਕਿ ਇਹ ਸਰੀਰ ਅੱਖਾਂ, ਕੰਨ, ਨੱਕ, ਸਿਰ ਵਿਚ ਦੀ ਮਿੱਝ, ਦਿਲ ਇਸ ਸਰੀਰ ਦੀ ਮਿੱਟੀ ਦੇ ਹਨ, ਪਰ ਉਹ ਜੋ ਅੰਦਰ ਸੂਖਮ ਹੈ ਜੋ ਆਪਾ ਲਖਾਵੇ ਤਾਂ 'ਮੈਂ' 'ਮੈਂ' ਕਰਦਾ ਹੈ ਤੇ 'ਮੇਰੀ' 'ਮੇਰੀ' ਕੂੰਦਾ ਹੈ, ਉਹ 'ਜੋਤਿ ਸਰੂਪ' ਹੈ। ਮਨ ਸਰੀਰ ਵਿਚ ਵਸਦਾ ਹੋਣ ਕਰਕੇ, ਆਪਣੇ ਆਪ ਨੂੰ ਸਰੀਰ ਵਾਂਙੂ ਅੰਧ ਮਿੱਟੀ ਦਾ ਹੀ ਕੋਈ ਅੰਗ ਸਮਝਦਾ ਹੈ, ਪਰ ਨਾਮ ਨਾਲ ਮੈਲ ਦੂਰ ਹੋ ਜਾਣ ਕਰ ਕੇ ਇਸ ਨੂੰ ਆਪਣੇ ਆਪ ਦਾ 'ਜਯੋਤੀ' ਰੂਪ ਹੋਣਾ ਵੀ ਪ੍ਰਤੀਤ ਦੇ ਆਉਂਦਾ ਹੈ।

ਬ੍ਰਿਸਟਰਾਣੀ - ਖਬਰੇ ਸਾਰਾ ਹੀ ਮਿਟੀ ਅੰਧ ਹੈ, ਜਯੋਤਿ ਵੱਖਰੀ ਕੋਈ ਸ਼ੈ ਹੀ ਨਹੀਂ।

ਸੁਭਾਗ - ਪ੍ਰਤੱਖ ਵੇਖ ਲੋ! ਤੁਸੀਂ ਓਸ ਭੁੱਲ ਵਿਚ ਹੋ ਜੋ ਬਾਣੀ ਕੱਟਦੀ ਹੈ ਤੇ ਨਾਮ ਦੂਰ ਕਰਦਾ ਹੈ। ਜਦ ਤੱਕ ਤੁਸੀਂ ਬਾਣੀ ਤੇ ਨਾਮ ਦੀ ਟੇਕ ਨਾ ਲਓ ਤੁਹਾਨੂੰ ਆਪਣਾ ਆਪ ਸਰੀਰ ਤੋਂ ਵੱਖਰਾ ਜਯੋਤਿ ਰੂਪ ਕੀਕੂੰ ਦਿੱਸੇ? ਤੁਸਾਂ ਮੇਰੇ ਕਹਿਣ ਦੀ ਪ੍ਰੋੜ੍ਹਤਾ ਕਰ ਦਿੱਤੀ ਹੈ। ਮੈਂ ਬੀ ਏਸੇ ਤਰ੍ਹਾਂ ਠੁਹਕਰਾਂ ਖਾਧੀਆਂ ਹਨ, ਪਰ ਹੁਣ ਇਸ ਬਾਣੀ ਨਾਮ ਦੀ ਤੁਫੈਲ ਫੁਰਨੇ ਮੈਨੂੰ ਮੇਰੇ ਦਾਸ ਦਿੱਸਦੇ ਹਨ, ਜੋ ਮੇਰੀ ਸੇਵਾ ਲਈ ਹਨ ਤੇ ਉਨ੍ਹਾਂ ਤੇ ਮੇਰਾ ਕਾਬੂ ਹੈ। ਆਪਣਾ ਆਪ ਮੈਨੂੰ ਜਯੋਤਿ ਸਰੂਪ ਭਾਸਦਾ ਹੈ ਤੇ ਮੇਰੇ ਅੰਦਰ ਇਕ ਟਿਕਾਉ ਤੇ ਰਸ ਰਹਿੰਦਾ ਹੈ, ਜਿਸ ਕਰਕੇ ਕਦੇ ਦਿਲਗੀਰੀ ਨਹੀਂ ਪੈਂਦੀ ਤੇ ਖੇੜਾ ਜਾਰੀ ਰਹਿੰਦਾ ਹੈ। ਬੀਬੀ ਜੀ! ਅੱਜ ਕੱਲ ਏਹੋ ਧਾੜ ਵੱਜ ਰਹੀ ਹੈ ਕਿ ਸਾਰੇ 'ਮਿੱਟੀ ਅੰਧ' ਬਣਨਾ ਹੀ ਠੀਕ ਸਮਝਦੇ ਹਨ। ਹਾਂ, ਓਹ ਸਾਧਨ ਕੀਤੇ ਬਿਨਾਂ ਹੀ ਤੇ ਆਪਣਾ ਆਪਿ 'ਜੋਤਿ ਸਰੂਪ' ਲਖੇ ਬਿਨਾਂ ਹੀ ਰਾਇ ਦੇ ਦਿੰਦੇ ਹਨ। ਪਰ ਲਖਿਆ ਹੀ ਥਹੁ ਪੈ ਸਕਦਾ ਹੈ ਕਿ ਆਪਾ ਅੰਦਰ ਜਯੋਤਿ ਸਰੂਪ-ਮਿੱਟੀ ਅੰਧ ਤੋਂ-ਉੱਚੀ ਤੇ ਸੂਖਮ ਸ਼ੈ ਹੈ।

ਬ੍ਰਿਸਟਰਾਣੀ - ਇਹ ਵੀਚਾਰ ਤਾਂ ਬੜੀ ਉਤਮ ਅਤੇ ਬਰੀਕ ਹੈ, ਪਰ ਖਿਮਾ ਕਰਨੀ, ਮੈਂ ਫੇਰ ਮੋਟੀ ਗਲ ਕਰਨ ਲੱਗੀ ਹਾਂ। ਮੈਨੂੰ ਸਮਝ ਨਹੀਂ ਪੈਂਦੀ ਕਿ ਕਿਸੇ ਕਲਾਮ ਨਾਲ ਯਾ 'ਬਚਨਾਂ' ਨਾਲ, ਮੇਰਾ ਮਤਲਬ ਹੈ ਕਿ ਮੂੰਹ ਦੇ ਲਫਜ਼ਾਂ ਨਾਲ ਜੋ ਕਿਸੇ ਨੇ ਕਹੇ, ਅਸਾਂ ਸੁਣੇ ਯਾ ਪੜ੍ਹੇ, ਉਸ ਤੋਂ ਸਮਝ ਤਾਂ ਕਹਿਣ ਵਾਲੇ ਦੇ ਅਰਥਾਂ ਨੂੰ ਸਮਝ ਗਈ, ਪਰ ਸਰੀਰ ਉੱਤੇ, ਜਿਸਮ ਉਤੇ, ਕਿ ਮਨ ਉੱਤੇ, ਕਿ ਮਨ ਦੀ ਮੈਲ ਉੱਤੇ ਕੀਕੂੰ ਅਸਰ ਪੈ ਗਿਆ ਤੇ ਟਿਕਾਉ ਤੇ ਰਸ ਕੀਕੂੰ ਆ ਗਿਆ?

ਸੁਭਾਗ - ਇਸ ਦਾ ਉਤਰ ਮੈਂ ਬੀ ਇਕ ਮੋਟੀ ਜੇਹੀ ਡੌਲ ਨਾਲ ਦੱਸਦੀ ਹਾਂ। ਇਕ ਪੁਰਾਣੀ ਕਥਾ ਸਾਨੂੰ ਅਗਲੇ ਦਿਨ ਸਾਈਂ ਲੋਕ ਨੇ, ਜੋ ਸਾਡੇ ਘਰ ਆਏ ਸਨ, ਸੁਣਾਈ ਸੀ, ਉਹ ਸੁਣਾਉਂਦੀ ਹਾਂ। ਇਕ ਬੀਮਾਰ ਕਿਸੇ ਹਕੀਮ ਪਾਸ ਦਾਰੂ ਵਾਸਤੇ ਗਿਆ। ਹਕੀਮ ਨੇ ਕਿਹਾ ਕਿ ਤੇਰਾ ਰੋਗ ਅਸਾਧ-ਨਾ ਰਾਜੀ ਹੋ ਸਕਣ ਵਾਲਾ ਹੈ, ਤੂੰ ਮਰ ਜਾਏਂਗਾ। ਇਸ ਦਾ ਦਾਰੂ ਕੋਈ ਨਹੀਂ। ਸਮਾਂ ਪਾ ਕੇ ਇਹ ਹਕੀਮ ਇਕ ਹਕੀਮਾਂ ਦੀ ਟੋਲੀ ਵਿਚ ਬੈਠਾ ਸੀ ਕਿ ਓਥੇ ਨਾ ਰਾਜ਼ੀ ਹੋਣ ਵਾਲੇ ਰੋਗੀ ਦੀ ਗੱਲ ਛਿੜ ਪਈ। ਉਸ ਵੇਲੇ ਕਿਸੇ ਹੋਰ ਹਕੀਮ ਨੇ ਓਸ ਰੋਗੀ ਦੀ ਗਲ ਕੀਤੀ ਕਿ ਇਕ ਮਰਨਾਊ ਰੋਗ ਵਾਲਾ ਗ੍ਰੀਬ ਆਦਮੀ ਇਕ ਫਕੀਰ ਨੇ 'ਬਾਣੀ' ਕਹਿ ਕੇ ਰਾਜ਼ੀ ਕੀਤਾ ਹੈ। ਇਹ ਸੁਣਕੇ ਵੱਡੇ ਹਕੀਮ ਨੇ ਕਿਹਾ ਕਿ ਮੈਂ ਤਾਂ ਉਸ ਰੋਗੀ ਨੂੰ ਕਿਹਾ ਸੀ ਕਿ ਤੂੰ ਮਰ ਜਾਏਂਗਾ, ਤੇਰਾ ਰੋਗ ਦੂਰ ਨਹੀਂ ਹੋ ਸਕਦਾ,

ਮੈਂ ਨਹੀਂ ਨਿਸ਼ਚਾ ਕਰਦਾ ਕਿ ਉਹ ਜੀਉਂਦਾ ਹੋਵੇ। ਇਸ ਪਰ ਉਹ ਆਦਮੀ ਜਾਕੇ ਓਸ ਬੀਮਾਰ ਨੂੰ ਲੈ ਆਇਆ, ਜੋ ਹੁਣ ਰਾਜ਼ੀ ਸੀ। ਇਸ ਨੂੰ ਵੇਖ ਕੇ ਵੱਡੇ ਹਕੀਮ ਨੇ ਅਚਰਜ ਹੋਕੇ ਪੁਛਿਆ, ਤੂੰ ਕਿਸ ਦਾਰੂ ਨਾਲ ਰਾਜ਼ੀ ਹੋਇਆ ਹੈਂ? ਉਹ ਕਹਿਣ ਲੱਗਾ, 'ਫਲਾਣੇ ਰੱਬ ਦੇ ਪਿਆਰੇ ਨੇ ਮੇਰੇ ਲਈ ਅਰਦਾਸ ਕੀਤੀ, ਅਸੀਸ ਦਿੱਤੀ ਤਾਂ ਮੈਂ ਵੱਲ ਹੋ ਗਿਆ'। ਇਸ ਪਰ ਹਕੀਮਾਂ ਨੇ ਕੋਈ ਆਦਮੀ ਘੱਲ ਕੇ ਉਸ ਰੱਬ ਦੇ ਪਿਆਰੇ ਨੂੰ ਸੱਦ ਮੰਗਾਇਆ। ਜਾਂ ਉਹ ਆਇਆ ਤਾਂ ਵੱਡੇ ਹਕੀਮ ਨੇ ਕਿਹਾ, 'ਦੱਸ ਬਈ ਸੰਤਾ! ਤੂੰ ਇਸ ਨੂੰ ਕਿਵੇਂ ਰਾਜ਼ੀ ਕੀਤਾ ਹੈ?' ਉਹ ਕਹਿਣ ਲੱਗਾ 'ਰਾਜ਼ੀ ਕਰਨ ਵਾਲਾ ਵਾਹਿਗੁਰੂ ਹੈ, ਮੈਂ ਤਾਂ ਅਰਦਾਸ ਕੀਤੀ ਸੀ ਤੇ ਸ਼ੁਭ ਬਚਨ ਕਹੇ ਸਨ'। ਵੱਡਾ ਹਕੀਮ ਨੱਕ ਚਾੜ੍ਹ ਕੇ ਕਹਿਣ ਲੱਗਾ, 'ਤੂੰ ਝੂਠ ਬਕਦਾ ਹੈਂ, ਕਦੇ ਬਚਨਾਂ ਨਾਲ ਭੀ ਰੋਗ ਦੂਰ ਹੋ ਸਕਦੇ ਹਨ।' ਉਸ ਵੇਲੇ ਫਕੀਰ ਨੇ ਹਕੀਮ ਨੂੰ ਕਿਹਾ, 'ਮੂਰਖਾ! ਕਿਉਂ ਹੰਕਾਰਿਆ ਗਿਆ ਹੈਂ, ਪਰਮੇਸ਼ਰ ਤੋਂ ਡਰ ਜੋ ਸਰਬ ਸਮਰੱਥ ਹੈ।' ਇਸ ਪਰ ਹਕੀਮ ਦਾ ਚਿਹਰਾ ਲਾਲ ਹੋ ਗਿਆ ਤੇ ਜੋਸ਼ ਨਾਲ ਕੰਬਣ ਲੱਗ ਪਿਆ। ਕਿਉਂਕਿ ਇਸ ਹਕੀਮ ਨੇ ਕਦੇ ਅਨਾਦਰ ਨਹੀਂ ਝੱਲਿਆ ਸੀ ਉਸਨੂੰ ਕ੍ਰੋਧ ਬਹੁਤਾ ਚੜ੍ਹ ਗਿਆ। ਹੁਣ ਸਾਈਂ ਲੋਕ ਨੇ ਦੂਸਰੇ ਹਕੀਮਾਂ ਨੂੰ ਕਿਹਾ ਕਿ ਦੇਖੋ ਇਸ ਹਕੀਮ ਦੀ ਨਾੜ, ਇਸਦਾ ਲਹੂ ਸਿਰ ਵੱਲ ਚੜ੍ਹ ਗਿਆ ਹੈ ਕਿ ਨਹੀਂ, ਅਤੇ ਇਸਦੇ ਖ਼ੂਨ ਦੀ ਚਾਲ ਤ੍ਰਿੱਖੀ ਚੱਲ ਰਹੀ ਹੈ ਕਿ ਨਹੀਂ? ਜਾਂ ਡਿੱਠਾ ਤਾਂ ਇਹੋ ਹਾਲ ਸੀ। ਫੇਰ ਫਕੀਰ ਨੇ ਕਿਹਾ, ਵੇਖੋ! ਮੇਰੇ ਇਕ ਅਸ਼ੁਭ ਬਚਨ 'ਮੂਰਖ' ਨੇ ਜੋ ਮੈਂ ਇਸਨੂੰ ਕਿਹਾ ਹੈ, ਇਸਨੂੰ ਬੀਮਾਰ ਕਰ ਦਿੱਤਾ ਹੈ ਕਿ ਨਹੀਂ? ਦਿਲ ਦੀ ਹਰਕਤ ਬਦਲ ਗਈ ਹੈ, ਲਹੂ ਤ੍ਰਿੱਖਾ ਚਲ ਰਿਹਾ ਹੈ, ਸਿਰ ਨੂੰ ਚੜ੍ਹ ਰਿਹਾ ਹੈ, ਸਰੀਰ ਕੰਬ ਰਿਹਾ ਹੈ, ਇਹ ਬੀਮਾਰੀ ਹੈ ਕਿ ਨਹੀਂ, ਅਰ ਮੇਰੇ ਇਕ ਬਚਨ ਤੋਂ ਲੱਗੀ ਹੈ ਕਿ ਨਹੀਂ? ਸੋ ਭਲਿਓ ਲੋਕੋ! ਜੇ ਕਿਸੇ 'ਬਚਨ' ਵਿਚ ਰੋਗ ਲਗਾ ਦੇਣ ਦੀ ਸਮਰੱਥਾ ਹੈ ਤਾਂ ਕਿਸੇ ਬਚਨ ਵਿਚ ਰੋਗ ਹਟਾ ਦੇਣ ਦੀ ਬੀ ਸਮਰੱਥਾ ਹੋ ਸਕਦੀ ਹੈ। ਪ੍ਰਤੱਖ ਲਈ ਪ੍ਰਮਾਣ ਨਾ ਲੱਭੋ। ਮੈਂ 'ਮੂਰਖ' ਗਾਲ ਨਹੀਂ ਸੀ ਕੱਢੀ, ਮੈਂ ਤਾਂ ਤੁਹਾਨੂੰ ਇਹ ਦੱਸਣ ਲਈ ਕਿ ਬਚਨ ਵਿਚ ਬੀ ਤਾਸੀਰ ਹੁੰਦੀ ਹੈ ਇਹ ਪਦ ਵਰਤਿਆ ਸੀ। ਇਸ ਪਰ ਹਕੀਮ ਸਾਰੇ ਮੰਨ ਗਏ ਕਿ ਸਾਈਂ ਲੋਕ ਠੀਕ ਕਹਿੰਦਾ ਹੈ। ਬ੍ਰਿਸਟਰਾਣੀ ਜੀ! ਤੁਹਾਨੂੰ ਚੇਤੇ ਹੋਊ ਕਿ ਮਾਂ ਦੀ ਲੋਰੀ ਨਾਲ ਤੁਸੀਂ ਨਿੱਕੇ ਹੁੰਦੇ ਸੌਂ ਜਾਂਦੇ ਸੀ, ਲੋਰੀ ਕੋਈ ਅਫੀਮ ਤਾਂ ਨਹੀਂ ਸੀ ਜੋ ਨੀਂਦ ਲੈ ਆਉਂਦੀ ਸੀ। ਹੁਣ ਬੀ ਡਿੱਠਾ ਹੋਵੇਗਾ ਕਿ ਮਿੱਠੇ ਵਾਕਾਂ ਨਾਲ ਗਮ ਤੇ ਗੁੱਸਾ ਦੂਰ ਹੋ ਜਾਂਦਾ ਹੈ। ਗ਼ਮ ਤੇ ਗੁੱਸੇ ਵਿਚ ਭੁੱਖ ਮਰ ਜਾਂਦੀ ਹੈ, ਮਿਠੇ ਵਾਕਾਂ ਨਾਲ ਜ਼ਹਿਰ ਲਹਿ ਕੇ ਭੁੱਖ ਲੱਗ ਆਉਂਦੀ ਹੈ। ਸਾਡੇ ਮਨ ਉਤੇ ਵਾਕਾਂ ਦਾ ਅਸਰ ਹੁੰਦਾ ਹੈ। ਬਾਣੀ ਆਪਣਾ ਅਸਰ ਰਖਦੀ ਹੈ। ਬਾਣੀ ਜੋ ਅਸੀਂ ਪੜ੍ਹਦੇ ਹਾਂ ਓਸ ਵਿਚ ਪ੍ਰਤੱਖ ਇਹ ਤਾਸੀਰਾਂ ਹਨ ਕਿ ਮਨ ਵਿਚ ਸ਼ੁਭ ਖਿਆਲ ਭਰਦੀ ਹੈ, ਅਸ਼ੁਭ ਕੱਢਦੀ ਹੈ, ਮਨ ਨਿਰਮਲ ਹੋ ਜਾਂਦਾ ਹੈ, ਨਿਰਮਲ ਸ਼ੈ ਆਪਣੇ ਅਸਲੇ ਦੇ ਬਲ ਵਿਚ ਆਉਂਦੀ ਹੈ। ਬਾਣੀ ਨਾਲ ਫੁਰਨੇ ਰੁਕਦੇ ਹਨ ਤੇ ਮਨ ਖਿੰਡਾਉ ਤੋਂ ਨਿਕਲਦਾ ਹੈ। ਬਾਣੀ ਮਨ ਨੂੰ –

ਨਿਰਮਲ,

ਬਲਵਾਨ ਤੇ

ਏਕਾਗਰ

ਕਰਦੀ ਹੈ ਤੇ ਇਹ ਗੱਲਾਂ ਗੱਲਾਂ ਹੀ ਨਹੀਂ ਪਰਤਾਵੇ ਦੀ ਵਰਤੋਂ ਹੈ। ਮੈਂ ਤਾਂ ਪਰਤਾਕੇ ਡਿੱਠਾ ਹੈ। ਗੱਲਾਂ ਵਾਲੇ ਧਰਮ ਦੇ ਸਾਰੇ ਮੰਡਲ ਮੈਂ ਅੱਖੀਂ ਵੇਖੇ ਹਨ ਤੇ ਕਰਨੀ ਵਾਲਾ ਮੰਡਲ ਸਾਡਾ ਇਹ ਘਰ ਹੈ। ਹੁਣ ਤੁਸੀਂ ਦੱਸੋ ਬਚਨਾਂ ਵਿਚ ਕੋਈ ਅਸਰ ਮਨ ਨੂੰ ਗੁੱਸੇ ਜਾਂ ਉਦਾਸ, ਖੁਸ਼ ਜਾਂ ਸ਼ਾਂਤ ਕਰਨ ਵਾਲਾ ਹੈ ਕਿ ਨਹੀਂ? ਆਮ ਲੋਕਾਂ ਦੇ ਬਚਨ ਨੀਂਦ ਤੱਕ ਲੈ ਆਉਂਦੇ, ਸਿਰ ਪੀੜ ਤੱਕ ਚੜ੍ਹਾ ਦੇਂਦੇ ਹਨ, ਧੜਕੀ ਲਾ ਦੇਂਦੇ ਹਨ। ਫੇਰ ਨਿਰਮਲ ਮਨ ਵਾਲੇ, ਏਕਾਗਰ ਮਨ ਵਾਲੇ, ਆਪੇ ਵਿਚ ਟਿਕ ਕੇ ਬਲਵਾਨ ਹੋਏ ਮਨ ਵਾਲੇ ਮਹਾਂ ਪੁਰਖਾਂ ਦੀ ਬਾਣੀ ਵਿਚ ਤਾਂ ਕਿਤੇ ਵਧੀਕ ਅਸਰ ਲੋੜੀਏ ਤੇ ਗੁਰੂ ਕੀ ਬਾਣੀ ਵਿਚ ਤਾਂ ਅਮਿਤ ਤਾਸੀਰ ਚਾਹੀਏ।

ਬ੍ਰਿਸਟਰਾਣੀ – ਗੱਲਾਂ ਤਾਂ ਤੁਸੀਂ ਬੀ ਬਾਬੇ ਵਾਂਙੂ ਪਤੇ ਦੀਆਂ ਕਰਦੇ ਹੋ ਤੇ ਸਮਝ ਨੂੰ ਠੰਢ ਪਾਈ ਜਾਂਦੇ ਹੋ, ਪਰ ਫਿਰ ਬੀ ਅਮਲ ਕਰਨੋਂ ਜੀ ਚੁਰਾਉਂਦਾ ਹੈ ਤੇ ਕਹਿੰਦਾ ਹੈ, ਇਹ ਰੋਜ਼ ਦਾ ਟੰਟਾ ਤੁਸਾਂ ਨੇ ਗਲ ਪਾਇਆ ਹੋਇਆ ਹੈ।

ਸੁਭਾਗ – ਰੋਜ਼ ਦਾ ਟੰਟਾ ਨਹੀਂ, ਛਿਨ ਛਿਨ ਦਾ ਟੰਟਾ, ਦਮ ਦਮ ਦਾ ਟੰਟਾ ਹਰ ਮਨੁੱਖ ਨੇ ਆਪਣੇ ਗਲ ਪਾਇਆ ਹੋਇਆ ਹੈ। ਤੁਸੀਂ ਕੇਹੜੇ ਟੰਟੇ ਤੋਂ ਛੁੱਟੇ ਬੈਠੇ ਹੋ?

ਬ੍ਰਿਸਟਰਾਣੀ – ਕਿਸ ਤਰ੍ਹਾਂ?

ਸੁਭਾਗ – ਹਰ ਛਿਨ, ਹਰ ਪਲ ਤੁਹਾਡਾ ਮਨ ਸੋਚਾਂ ਸੋਚਦਾ ਰਹਿੰਦਾ ਹੈ, ਇਕ ਤ੍ਰੰਗ ਹਟਦਾ ਹੈ ਇਕ ਹੋਰ ਉਠਦਾ ਹੈ। ਕਦੇ ਕਿਸੇ ਛਿਨ ਤੁਹਾਡਾ ਮਨ ਨਿਚੱਲਾ ਹੋਕੇ ਆਰਾਮ ਵਿਚ ਬੈਠਦਾ ਹੈ?

ਬ੍ਰਿਸਟਰਾਣੀ – (ਹੈਰਾਨ ਹੋਕੇ) ਤੁਹਾਡਾ ਭਾਵ ਕੀ ਹੈ?

ਸੁਭਾਗ – ਕਦੇ ਤੁਹਾਡਾ ਮਨ ਵਿਹਲਾ ਬਹਿੰਦਾ ਹੈ? ਕੋਈ ਨ ਕੋਈ ਸੋਚ, ਕੋਈ ਨ ਕੋਈ ਮਨੋਰਾਜ, ਕੋਈ ਨ ਕੋਈ ਸੰਕਲਪ ਫੁਰਦਾ ਹੀ ਰਹਿੰਦਾ ਹੈ।

ਬ੍ਰਿਸਟਰਾਣੀ – ਇਹ ਤਾਂ ਠੀਕ ਹੈ।

ਸੁਭਾਗ – ਫੇਰ ਦੱਮ ਬਦੱਮ ਕਿ ਛਿਨ ਛਿਨ ਦਾ ਪਿੱਟਣਾ ਤਾਂ ਤੁਹਾਡੇ ਗਲ ਪੈ ਹੀ ਰਿਹਾ ਹੈ। ਭਾਵੇਂ ਕਦੇ ਤਾਂ ਕੰਮਾਂ ਕਾਜਾਂ ਮੁਸ਼ਕਲਾਂ ਦੀਆਂ ਸੋਚਾਂ ਸੰਬੰਧੀ ਫੁਰਨੇ ਫੁਰਦੇ ਰਹਿੰਦੇ ਹਨ, ਪ੍ਰੰਤੂ ਅਕਸਰ ਵੇਰ ਨਿਕੰਮੇ ਬੇਅਰਥ ਖਿਆਲ, ਵਹਿਮ, ਵਹਿਣ, ਮਨੋਰਾਜ ਫੁਰਨੇ ਰਹਿੰਦੇ ਹਨ। ਮਨ ਕੁਛ ਨਾ ਕੁਛ ਕਰਦਾ ਹੀ ਰਹਿੰਦਾ ਹੈ। ਇਥੋਂ ਤਾਈਂ ਕਿ ਨੀਂਦ ਵਿਚ ਵੀ ਨਿਚੱਲਾ ਨਹੀਂ, ਸੁਪਨੇ ਦੀ ਜਾਲੀ ਤਣਦਾ ਰਹਿੰਦਾ ਹੈ। ਫੇਰ ਤੁਸੀਂ ਹਰ ਵੇਲੇ ਇਸ ਪਿੱਟਣੇ ਵਿਚ ਹੋ ਕਿ ਨਾਂ?

ਬ੍ਰਿਸਟਰਾਣੀ – ਲੱਗੇ ਤਾਂ ਰਹੀਦਾ ਹੈ।

ਸੁਭਾਗ – ਬੱਸ ਤੁਹਾਡਾ ਤੇ ਸਾਡਾ ਫਰਕ ਨਿਰਾ ਏਨਾਂ ਹੈ ਕਿ ਤੁਸੀਂ 'ਅਨੇਕ ਚਿੰਤਨ' ਵਿਚ ਰਹਿੰਦੇ ਹੋ, ਅਸੀਂ 'ਏਕ ਚਿੰਤਨ' ਵਿਚ ਰਹਿਣ ਦਾ ਤਰਲਾ ਕਰਦੇ ਹਾਂ।

ਬ੍ਰਿਸਟਰਾਣੀ – ਮੈਂ ਨਹੀਂ ਸਮਝੀ।

ਸੁਭਾਗ – ਤੁਹਾਨੂੰ ਅਨੇਕ ਤਰ੍ਹਾਂ ਦੀਆਂ ਸੋਚਾਂ ਫੁਰਦੀਆਂ ਰਹਿੰਦੀਆਂ ਹਨ, ਜਿਨ੍ਹਾਂ ਵਿਚੋਂ ਕਈ ਮਾੜੀਆਂ ਤੇ ਬਹੁਤੀਆਂ ਨਿਕੰਮੀਆਂ ਹੁੰਦੀਆਂ ਹਨ। ਅਸੀਂ ਜਤਨ ਕਰਦੇ ਹਾਂ ਕਿ ਸਾਨੂੰ ਇਕੋ ਸੋਚ ਫੁਰੇ। ਉਹ ਸੋਚ ਸ਼ੁਭ ਗੁਣਾਂ ਦੇ ਭੰਡਾਰ 'ਕਰਤਾਰ' ਦੀ ਹੋਵੇ। ਹੋਰ ਸੋਚਾਂ ਜੇ ਫੁਰਨ ਤਾਂ ਸ਼ੁਭ ਫੁਰਨ।

ਬ੍ਰਿਸਟਰਾਣੀ – ਤੁਸਾਂ ਨੂੰ ਘਰ ਦੇ ਕੰਮ ਕਾਜ ਦੀ ਵੀਚਾਰ ਨਹੀਂ ਫੁਰਦੀ?

ਸੁਭਾਗ – ਫੁਰਦੀ ਕਿਉਂ ਨਹੀਂ, ਅਸੀਂ ਸੋਚ ਤੋਂ ਉਨਾਂ ਕੰਮ ਲੈਂਦੇ ਹਾਂ, ਜਿੰਨਾਂ ਸਰੀਰ ਦੇ ਸੁਖ ਤੇ ਸਾਡੇ ਧਰਮਾਂ ਦੇ ਨਿਬਾਹ ਲਈ ਸਾਨੂੰ ਲੋੜੀਂਦਾ ਹੈ। ਬਾਕੀ ਫੇਰ ਅਸੀਂ 'ਇਕ-ਚਿੰਤਨ' ਵਿਚ ਰਹਿੰਦੇ ਹਾਂ। ਤੁਸੀਂ ਹਰ ਵੇਲੇ ਮਨ ਨੂੰ ਚਿੰਤਨ ਕਰਨ ਦੇ ਬਨ ਵਿਚ ਬ੍ਰਿਛ ਬ੍ਰਿਛ ਟਪਾਉਂਦੇ ਤੇ ਵਿਅਰਥ ਫੁਰਨਿਆਂ, ਸੋਚਾਂ, ਮਨੋਰਾਜਾਂ ਵਿਚ ਭਟਕਾਉਂਦੇ ਰਹਿੰਦੇ ਹੋ, ਫਿਰ ਸਾਨੂੰ ਕਹਿੰਦੇ ਹੋ ਕਿ ਤੁਹਾਡੇ ਗਲ ਛਿਨ ਛਿਨ ਦਾ ਪਿੱਟਣਾ ਪੈ ਰਿਹਾ ਹੈ ਤੇ ਅਸੀਂ ਪਿੱਟਣੇ ਤੋਂ ਖਾਲੀ ਹਾਂ। ਹੁਣ ਸੋਚ ਲਓ ਕਿ ਤੁਸੀਂ ਫੁਰਨੇ ਦੇ ਅਧੀਨ ਮਨੋਵਾਸ਼ਨਾ ਦੇ ਵੱਸ ਹਰਦਮ ਵਾਧੂ ਨਿਕੰਮੇ ਪਿੱਟਣੇ ਵਿਚ ਹੋ ਕਿ ਨਹੀਂ? ਅਸੀਂ ਫੁਰਨੇ ਤੇ ਵੱਸ ਪਾਉਂਦੇ, ਇਸ ਨੂੰ ਲੋੜ ਮੁਜਬ ਵਰਤਦੇ ਹਾਂ ਤੇ ਫੇਰ ਸੁਖਦਾਈ 'ਇਕ-ਚਿੰਤਨ' ਵਿਚ ਰਹਿੰਦੇ ਹਾਂ।

ਬ੍ਰਿਸਟਰਾਣੀ – ਬੀਬੀ! ਤੂੰ ਪੜ੍ਹੀ ਹੋਈ ਮੂਲੋਂ ਨਹੀਂ ਜਾਪਦੀ ਤੇ ਇਹ ਗੱਲ ਤੂੰ ਮੈਨੂੰ ਇੰਞ ਸਮਝਾਈ ਹੈ ਜੀਕੂੰ ਤੂੰ ਭਾਰੀ ਵਿਦਵਾਨ ਤੇ ਪੰਡਿਤ ਹੈ।

ਸੁਭਾਗ – ਮੈਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪੜ੍ਹੀ ਹੋਈ ਹਾਂ ਤੇ ਇਸ ਟਕਸਾਲ ਵਿਚ ਗੁਰਮਤਿ ਦੀ ਵਿਦਯਾ ਵਿਚ ਸਿੱਖਯਾ ਪਾ ਰਹੀ ਹਾਂ। ਬੀਬੀ ਜੀ! ਤੁਸਾਨੂੰ ਵਾਹ ਪਿਆ ਹੈ ਪਿੰਡ ਦੇ ਇਕ ਸਿੱਖ ਘਰਾਣੇ ਨਾਲ ਜੋ ਅੰਗ੍ਰੇਜ਼ੀਆਂ ਫਾਰਸੀਆਂ ਨਹੀਂ ਪੜ੍ਹੇ ਹੋਏ, ਪਰ ਜੋ ਸਿੱਖ ਧਰਮ ਦੇ ਚਾਨਣੇ ਵਿਚ ਟੁਰ ਰਹੇ ਹਨ। ਸੋ ਦੇਖ ਲੈ ਕਿ ਕਿਰਤੀ ਲੋਕ ਜੋ ਸਾਰਾ ਦਿਨ ਮਿਹਨਤ ਕਰਕੇ ਟੁੱਕ ਕਮਾਉਂਦੇ ਹਨ ਤੇ ਪੜ੍ਹਨ ਵਾਸਤੇ ਵਕਤ ਨਹੀਂ ਰੱਖਦੇ ਗੁਰਸਿਖੀ ਦੀ ਸਿਖਿਆ ਨਾਲ ਕਿਵੇਂ ਸੁਖੀ ਹੋ ਰਹੇ ਹਨ ਤੇ ਇਹ ਐਸਾ ਧਰਮ ਹੈ ਕਿ ਕਿਰਤੀ, ਵਪਾਰੀ, ਰਈਸ, ਪੜ੍ਹੇ ਅਨਪੜ੍ਹੇ ਸਭ ਤੋਂ ਹੋ ਆਉਂਦਾ ਹੈ। ਜੇ ਤੁਸੀਂ ਵਿਦਵਾਨ ਸਿੱ ਵੇਖਣੇ ਚਾਹੋ ਤਾਂ ਨਿਰੇ ਵਿਦਵਾਨ, ਕਿ ਵਿਦਵਾਨ ਤੇ ਕਰਨੀ ਕਮਾਈ ਵਾਲੇ ਆਪ ਨੂੰ ਬਹੁਤ ਮਿਲ ਜਾਣਗੇ, ਉਹ ਗੁਰਮਤਿ ਨੂੰ ਵਿਦ੍ਵਤਾ ਨਾਲ ਦੱਸ ਸਕਣਗੇ। ਬੜੇ ਬੜੇ ਭਾਰੇ ਪੰਡਿਤ ਦੇ ਵਿਦਿਆਵਾਨਬੀ ਸਾਡੇ ਵਿਚ ਹੈਨ। ਹੁਣ ਤਾਂ ਤੁਸੀਂ ਇੰਨੀ ਗੱਲ ਵੇਖ ਰਹੇ ਹੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚਾਨਣੇ ਵਿਚ ਟੁਰਨ ਵਾਲੇ, ਪਿੰਡਾਂ ਵਿਚ ਰਹਿਣ ਵਾਲੇ ਸਿਖਾਂ ਦੇ ਜੀਵਨ ਕਿਸ ਸੱਚੇ ਵਿਚ ਢਲ ਗਏ ਹਨ ਕਿ ਜਿਨ੍ਹਾਂ ਨੇ ਸਚ ਮੁਚ ਗੁਰਬਾਣੀ ਨੂੰ ਸਮਝਣ ਦਾ ਹੀਲਾ ਕੀਤਾ ਹੈ ਤੇ ਸਮਝੀ ਗੱਲ ਉੱਤੇ ਅਮਲ ਕੀਤਾ ਹੈ।

ਬ੍ਰਿਸਟਰਾਣੀ – ਠੀਕ ਹੈ, ਮੈਨੂੰ ਯਾਦ ਆ ਗਿਆ, ਸਿਖਾਂ ਵਿਚ ਬੀ ਸੰਸਕ੍ਰਿਤ, ਅੰਗ੍ਰੇਜ਼ੀ, ਫਾਰਸੀ ਦੇ ਬੜੇ ਬੜੇ ਵਿਦਵਾਨ ਹੈਨ, ਪਰ ਖਿਮਾ ਕਰਨੀ ਬੀਬੀ ਜੀ! ਕੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਐਸੀਆਂ ਬ੍ਰੀਕ ਗਲਾਂ ਲਿਖੀਆਂ ਹੋਈਆਂ ਹਨ।

ਸੁਭਾਗ – ਉਹ ਤਾਂ ਆਤਮ ਵਿਦਿਆ ਦਾ ਭੰਡਾਰ ਹਨ। ਉਥੇ ਤਾਂ ਵਾਹਿਗੁਰੂ ਪ੍ਰਾਪਤੀ ਦੀ ਸਾਰੀ ਵਿਦਿਆ ਲਿਖੀ ਹੋਈ ਹੈ, ਏਨੀ ਕਿ ਬੜੇ ਬੜੇ ਪੰਡਿਤ ਸਮਝਦੇ ਹਾਰ ਜਾਂਦੇ ਹਨ, ਪਰ ਓਥੇ ਸੁਖੈਨਤਾ ਵੀ ਐਨੀ ਹੈ ਕਿ ਹਮਾਤੜ ਮੂਰਖ ਵੀ ਆਪਣੀ ਕਲਿਆਣ ਦਾ ਰਸਤਾ ਪ੍ਰਾਪਤ ਕਰ ਲੈਂਦੇ ਹਨ। ਜੋ ਮੈਂ ਗੱਲ ਤੁਹਾਨੂੰ ਸਮਝਾਈ ਹੈ, ਦੇਖੋ ਓਥੇ ਦੋ ਤੁਕਾਂ ਵਿਚ ਦੱਸੀ ਹੋਈ ਹੈ –

***ਚਿੰਤਤ ਹੀ ਦੀਸੈ ਸਭੁ ਕੋਇ॥***
***ਚੇਤਹਿ ਏਕੁ ਤਹੀ ਸੁਖੁ ਹੋਇ॥*** ***ਪੰਨਾ - 932***

ਬ੍ਰਿਸਟਰਾਣੀ – ਮਤਲਬ?

ਸੁਭਾਗ – ਇਹ ਕਿ ਸਭ ਕੋਈ ਸੋਚਾਂ ਹੀ ਸੋਚਦਾਦਿੱਸਦਾ ਹੈ। ਕਿਸੇ ਦਾ ਮਨ ਵਿਹਲਾ, ਨਿਚੱਲਾ, ਟਿਕਾਉ ਵਿਚ, ਅਰਾਮ ਵਿਚ ਨਹੀਂ ਹੈ ਤੇ ਫੇਰ ਸਾਰੇ ਦੁਖੀ ਦਿੱਸਦੇ ਹਨ, ਸਤਿਗੁਰ ਜੀ ਕਹਿੰਦੇ ਹਨ ਕਿ ਜੇ ਇਕ ਨੂੰ ਚੇਤੇ ਤਾਂ ਸੁਖੀ ਹੋ ਜਾਵੇ। ਸੋ ਤੁਸਾਡੇ ਗਲ ਅਨੇਕ ਚਿੰਤਨਾਂ ਦਾ ਪਿੱਟਣਾ ਪਿਆ ਹੈ, ਅਸੀਂ ਇਕ ਚਿੰਤਨ ਵਿਚ ਵੱਸਦੇ ਹਾਂ ਤੇ ਸੁਖੀ ਹਾਂ।

ਬ੍ਰਿਸਟਰਾਣੀ – ਕਿਉਂ ਇਕ ਚਿੰਤਨ ਵਿਚ ਸੁਖ ਹੈ?

ਸੁਭਾਗ – ਇਹ ਗੱਲ ਬਰੀਕ ਹੈ, ਮੇਰੇ ਸਮਝਾਉਣ

ਦੀ ਨਹੀਂ। ਜਿਕੁਰ ਮੇਰੀ ਮੋਟੀ ਸਮਝ ਵਿਚ ਹੈ, ਉੱਕਰ ਦੱਸ ਸਕਦੀ ਹਾਂ। ਜਿਸ ਆਦਮੀ ਦੀ ਅੱਖ ਅਨੇਕ ਦਰਸ਼ਨਾਂ ਨੂੰ ਦੇਖ ਰਹੀ ਹੈ ਉਹ ਨਿਸ਼ਾਨਾ ਨਹੀਂ ਫੁੰਡ ਸਕਦਾ। ਜਿਸਨੇ ਨਿਸ਼ਾਨਾ ਫੁੰਡਣਾ ਹੈ ਉਹ ਹਰ ਪਾਸਿਓਂ ਨਜ਼ਰ ਮੋੜ ਕੇ ਇਕ ਬਿੰਦੀ ਉੱਤੇ ਨਜ਼ਰ ਟਿਕਾਉਣੀ ਸਿਖਦਾ ਹੈ। ਜਦ ਇਸ ਟਿਕਾਉ ਵਿਚ ਉਸ ਦੀ ਨਜ਼ਰ ਪੱਕ ਜਾਂਦੀ ਹੈ ਤਾਂ ਫੇਰ ਉਸ ਦਾ ਨਿਸ਼ਾਨਾ ਠੀਕ ਬੈਠਦਾ ਹੈ। ਆਪ ਨੇ ਡਾਕਟਰ ਜੀ ਨੂੰ ਪੁੱਛਣਾ ਉਹ ਇਕ ਵਿਦਿਆ ਦੇ ਨੇਮ ਨਾਲ ਤੁਹਾਨੂੰ ਸਮਝਾਉਣਗੇ ਕਿ ਅਸਾਂ ਹੱਦ ਬੰਨੇ ਤੋਂ ਪਾਰ ਅਪਾਰ ਅਨੰਤ ਵਿਚ ਜਾਣਾ ਹੈ। ਇਸ ਕਰ ਕੇ ਪਹਿਲਾ ਜਤਨ ਇਹ ਹੈ ਕਿ ਇਸ ਫੈਲਾਉ ਵਿਚ ਖਿਲਰੇ ਮਨ ਨੂੰ ਅਸਾਂ ਇਕ ਬਿੰਦੂ ਉਤੇ ਟਿਕਾਉਣਾ ਸਿੱਖਣਾ ਹੈ ਤਾਂ ਫੇਰ ਅਪਾਰ ਤੇ ਅਨੰਤ ਵਿਚ ਪਹੁੰਚਣ ਦਾ ਸਮਾਂ ਆਉਣਾ ਹੈ। ਮੈਂ ਇਹ ਅਨੁਭਵ ਕਰਦੀ ਹਾਂ ਪਰ ਸਮਝਾ ਨਹੀਂ ਸਕਦੀ, ਜਾਚ ਨਹੀਂ ਆਉਂਦੀ। ਇਕ ਕਥਾ ਸੁਣ ਕੇ ਸਮਝ ਲਓ –

ਇਕ ਉਸਤਾਦ ਨੇ ਆਪਣੇ ਸ਼ਾਗਿਰਦਾਂ ਨੂੰ ਤੀਰ ਕਮਾਨ ਦੀ ਵਿਦਿਆ ਸਿਖਾਈ। ਇਕ ਦਿਨ ਵੱਡੇ ਨੂੰ ਆਖਣ ਲੱਗਾ, ਕਿਉਂ ਬਈ ਸਾਮ੍ਹਣੇ ਪੂਰਬ ਦਿਸ਼ਾ ਵਲ ਮੈਦਾਨ ਵਿਚ ਕੀ ਹੈ? ਉਸ ਨੇ ਕਿਹਾ, ਘਾਸ ਦਾ ਮੈਦਾਨ ਹੈ, ਵਿਚ ਪਿੱਪਲ ਹੈ। ਫੇਰ ਉਸ ਨੇ ਪੁੱਛਿਆ, ਪਿੱਪਲ ਦੀ ਪੱਛੋਂ ਦਿਸ਼ਾ ਵੱਲ ਕੀ ਹੈ? ਉਹ ਕਹਿਣ ਲੱਗਾ, ਪਿੱਪਲ ਹੀ ਹੈ ਤੇ ਉਸਦਾ ਵਡਾ ਟਾਹਣ ਹੈ ਜੋ ਸਭ ਤੋਂ ਉੱਚਾ ਹੈ। ਉਸਤਾਦ ਨੇ ਫਿਰ ਪੁਛਿਆ, ਇਸ ਟਾਹਣ ਤੋਂ ਉਪਰ ਵਾਰ ਕੁਛ ਹੈ? ਸ਼ਾਗਿਰਦ ਬੋਲਿਆ, ਹਾਂ ਟਾਹਣ ਤੇ ਇਕ ਤੋਤਾ ਬੈਠਾ ਹੈ। ਉਸਤਾਦ ਨੇ ਕਿਹਾ, ਤੋਤੇ ਦੀ ਕਿਹੜੀ ਅੱਖ ਤੇਰੀ ਵੱਲ ਹੈ? ਕਹਿਣ ਲੱਗਾ, ਖੱਬੀ। ਉਸਤਾਦ ਨੇ ਕਿਹਾ ਤੈਨੂੰ ਹੁਣ ਕੀ ਦੀਹਦਾ ਹੈ? ਸ਼ਾਗਿਰਦ ਬੋਲਿਆ, ਪੂਰਬ ਦਿਸ਼ਾ, ਘਾਸ ਦਾ ਮੈਦਾਨ, ਵਿਚ ਇਕ ਪਿੱਪਲ, ਉਸਦਾ ਲਹਿੰਦੇ ਦਾ ਟਾਹਣ ਤੇ ਉੱਪਰ ਤੋਤਾ ਤੇ ਤੋਤੇ ਦੀ ਖੱਬੀ ਅੱਖ। ਉਸਤਾਦ ਨੇ ਕਿਹਾ, ਇਸ ਅੱਖ ਵਿਚ ਤੀਰ ਮਾਰ। ਤੀਰ ਮਾਰਿਆ, ਪਰ ਉਹ ਤੋਤੇ ਨੂੰ ਨਾ ਲੱਗਾ। ਫੇਰ ਉਸਤਾਦ ਨੇ ਦੂਸਰੇ ਸ਼ਾਗਿਰਦ ਨੂੰ ਬੁਲਾ ਕੇ ਓਹੋ ਗੱਲਾਂ ਪੁੱਛੀਆਂ। ਪੂਰਬ ਵੱਲ ਕੀ ਹੈ? ਸ਼ਾਗਿਰਦ ਬੋਲਿਆ, ਘਾਸ ਦਾ ਮੈਦਾਨ। ਉਸਤਾਦ – ਕੋਈ ਬੂਟਾ ਬੱਚਾ ਹੈ? ਸ਼ਾਗਿਰਦ – ਜੀ ਹਾਂ! ਇਕ ਬ੍ਰਿਛ ਹੈ ਤੇ ਉਹ ਪਿੱਪਲ ਦਾ ਹੈ। ਉਸਤਾਦ ਨੇ ਕਿਹਾ ਪੱਛੋਂ ਦੀ ਵਲ ਦੇਖ। ਸ਼ਾਗਿਰਦ ਨੇ ਕਿਹਾ, ਉੱਚਾ ਟਾਹਣ ਦੀਂਹਦਾ ਹੈ। ਉਸਤਾਦ ਨੇ ਪੁੱਛਿਆ, ਹੁਣ ਤੈਨੂੰ ਕੀ ਦੀਹਦਾ ਹੈ? ਸ਼ਾਗਿਰਦ ਬੋਲਿਆ, ਉੱਚਾ ਟਾਹਣ। ਉਸਤਾਦ ਨੇ ਕਿਹਾ – ਘਾਸ ਦਾ ਮੈਦਾਨ ਤੇ ਸਾਰਾ ਪਿੱਪਲ? ਸ਼ਾਗਿਰਦ ਬੋਲਿਆ ਮੈਨੂੰ ਤਾਂ ਹੁਣ ਨਿਰਾ ਇਕ ਟਾਹਣ ਦੀਂਹਦਾ ਹੈ। ਉਸਤਾਦ ਨੇ ਕਿਹਾ ਕੀ ਕੋਈ ਪੰਛੀ ਬੀ ਏਥੇ ਹੈ? ਸ਼ਾਗਿਰਦ ਨੇ ਕਿਹਾ ਜੀ ਹਾਂ! ਹੈ ਇਕ, ਠਹਿਰਨਾਂ ਮੈਂ ਨਜ਼ਰ ਜਮਾ ਲਵਾਂ, (ਠਹਿਰਕੇ) ਜੀ ਹਾਂ ਹੈ ਅਰ ਤੋਤਾ ਹੈ। ਉਸਤਾਦ – ਹੁਣ ਤੈਨੂੰ ਕੀ ਦੀਹਦਾ ਹੈ? ਸ਼ਾਗਿਰਦ – ਜੀ ਤੋਤਾ। ਉਸਤਾਦ ਪਿੱਪਲ ਕਿ ਡਾਲ? ਸ਼ਾਗਿਰਦ – ਜੀ ਬਿਨਾਂ ਤੋਤੇ ਦੇ ਹੋਰ ਨਹੀਂ ਕੁਛ ਦੀਂਹਦਾ। ਉਸਤਾਦ – ਤੋਤੇ ਦੀ ਕਿਹੜੀ ਅੱਖ ਤੇਰੀ ਵੱਲ ਹੈ? ਸ਼ਾਗਿਰਦ – (ਤੱਕ ਤੱਕ ਕੇ) ਜੀ ਖੱਬੀ ਅੱਖ! ਉਸਤਾਦ – ਹੁਣ ਤੈਨੂੰ ਕੀ ਦਿੱਸਦਾ ਹੈ? ਸ਼ਾਗਿਰਦ – ਜੀ ਅੱਖ। ਉਸਤਾਦ ਬੋਲਿਆ ਤੋਤਾ ਕਿ ਪਿੱਪਲ ਕਿ ਘਾਸ ਦਾ ਮੈਦਾਨ? ਸ਼ਾਗਿਰਦ ਬੋਲਿਆ – ਜੀ ਬਿਨਾਂ ਅੱਖ ਦੇ ਹੋਰ ਕੁਛ ਨਹੀਂ ਦੀਂਹਦਾ ਹੈ। ਉਸਤਾਦ ਨੇ ਕਿਹਾ ਇਹ ਅੱਖ ਵਿੰਨ੍ਹ ਸੁਟ। ਹੁਣ ਸ਼ਾਗਿਰਦ ਨੇ ਕਮਾਨ ਖਿੱਚਕੇ ਤੀਰ ਦੀ ਸ਼ਿਸਤ ਬੱਧੀ ਤੇ ਤੀਰ ਛੱਡ ਦਿਤਾ। ਤੀਰ ਜਾਕੇ ਵੱਜਾ। ਜਦੋਂ ਪਿੱਪਲ ਹੇਠ ਜਾ ਕੇ ਡਿੱਠਾ ਤੀਰ ਠੀਕ ਤੋਤੇ ਦੀ ਖੱਬੀ ਅੱਖ ਵਿਚ ਵੱਜਾ ਸੀ।

ਸੋ ਇਸ ਤੋਂ ਤੁਸੀਂ ਸਮਝ ਲਓ ਕਿ ਜਦ ਤਕ ਮਨ ਦੀ ਸੁਰਤ 'ਇਕ ਚਿੰਤਨ' ਵਿਚ ਨਾ ਆਵੇ ਤੇ 'ਇਕ ਨਿਸ਼ਾਨੇ' ਉੱਤੇ ਟਿਕ ਨਾ ਜਾਵੇ, ਤਦ ਤਕ ਉਹ ਵਸਤੂ ਕਿਸ ਤਰ੍ਹਾਂ ਦਿੱਸੇ, ਜੋ ਮਨ ਦੇ ਹੀ ਆਪਣੇ ਉਹਲੇ ਲੁਕੀ ਖੜੀ ਹੈ। ਅਸੀਂ 'ਇਕ ਚਿੰਤਨ' ਤੇ 'ਇਕ ਵਲ ਖਿਆਲ' ਆਪਣੇ 'ਇਕ ਨਿਸ਼ਾਨੇ' ਉਤੇ ਧਿਆਨ ਦੇ ਕੇ ਟਿਕਾਉਣ ਲਈ ਕਰਦੇ ਹਾਂ, ਇਸ 'ਟਿਕਾਉ' ਵਿਚ ਸਾਡੀ ਨਜ਼ਰ ਹੱਦਾਂ ਬੰਨੇ ਲੰਘਕੇ ਅਪਾਰ ਤੇ ਅਨੰਤ ਵਿਚ ਚਲੀ ਜਾਂਦੀ ਹੈ। ਫੇਰ ਉਹ ਕਲੇਸ਼ ਮਿਟ ਜਾਂਦੇ ਹਨ, ਜੋ ਤੁਸਾਨੂੰ ਤੇ ਹੋਰ ਸਾਰੇ ਜਗਤ ਨੂੰ ਖਾ ਰਹੇ ਹਨ ਤੇ ਜਿਸ ਕਰਕੇ ਅੰਦਰ ਇਕ ਤਰ੍ਹਾਂ ਦੀ ਭਟਕਣ ਲੱਗੀ ਰਹਿੰਦੀ ਹੈ।

ਦਿਲ ਕਦੇ ਕਿਸੇ ਖਿਆਲ ਤੇ ਕਦੇ ਕਿਸੇ ਖਿਆਲ ਤੇ ਟੱਪਦਾ ਫਿਰਦਾ ਹੈ। ਕਦੇ ਸ਼ੋਕ, ਕਦੇ ਚਿੰਤਾ, ਕਦੇ ਕਲੇਸ਼ਾਂ ਵਿਚ ਰੁੜ੍ਹਦਾ ਹੈ। ਮਨ ਦੀ ਇਸ ਹਾਲਤ ਨੂੰ 'ਖਿੰਡਾਉ' ਕਹਿੰਦੇ ਹਨ। ਖਿੰਡਾਉ ਵਿਚ ਬਲ ਨਹੀਂ ਹੁੰਦਾ। ਜੋ ਚੀਜ਼ ਖਿੰਡਦੀ ਹੈ ਉਹ ਨਿਰਬਲ ਹੁੰਦੀ ਹੁੰਦੀ ਆਪਣੇ ਆਪ ਨੂੰ ਖਲੇਰ ਸੁੱਟਦੀ ਹੈ। ਇਸੇ ਕਰਕੇ ਅਨੇਕ ਚਿੰਤਨ ਵਿਚ ਰਹਿਣ ਵਾਲੇ ਮਨ ਕਰਕੇ ਕਮਜ਼ੋਰ ਹੁੰਦੇ ਹਨ। ਮੋਟੀ ਜੇਹੀ ਗੱਲ, ਤੁਸੀਂ ਤਾਂ ਬਹੁਤ ਜਾਣਦੇ ਹੋਸੋ, ਮੈਨੂੰ ਡਾਕਟਰ ਜੀ ਨੇ ਇਕ ਦਿਨ ਦੱਸੀ ਸੀ ਕਿ ਵੇਲਾ ਦੱਸਣ ਵਾਲੀ ਘੜੀ ਜੋ ਤੁਸਾਡੇ ਭੀ ਖੀਸੇ ਵਿਚ ਹੈ, ਜਦ ਏਸਦਾ ਫੱਨਰ ਕੱਠਾ ਕਰ ਦਿਓ ਤਾਂ ਇਸ ਵਿਚ ਸਾਰੇ ਪੁਰਜ਼ਿਆਂ ਨੂੰ ਟੋਰਨ ਦੀ ਸ਼ਕਤੀ ਆ ਜਾਂਦੀ ਹੈ, ਜਦੋਂ ਇਹ ਖੁੱਲ੍ਹ ਖੁੱਲ੍ਹ ਕੇ ਖਿਲਰ ਜਾਂਦਾ ਹੈ ਤਾਂ ਇਸਦੇ ਘੜੀ ਵਿਚ ਹੁੰਦਿਆਂ ਭੀ ਘੜੀ ਖੜੋ ਜਾਂਦੀ ਹੈ।

ਬ੍ਰਿਸਟਰਾਣੀ – ਇਹ ਠੀਕ ਹੈ, ਪਰ ਇਹ ਦੱਸੋ ਕਿ ਬਾਣੀ ਕਿਉਂ ਫੇਰ ਫੇਰ ਪੜ੍ਹਦੇ ਹੋ?

ਸੁਭਾਗ – ਇਹ ਮੈਂ ਤੁਸਾਨੂੰ ਹੁਣੇ ਦੱਸ ਆਈ ਹਾਂ, ਚੇਤੇ ਕਰ ਲਓ।

ਬ੍ਰਿਸਟਰਾਣੀ – ਹਾਂ ਠੀਕ ਹੈ, ਯਾਦ ਆ ਗਿਆ।

# ਸ਼ਤਾਬਦੀਆਂ ਕਿਵੇਂ ਮਨਾਈਏ?

*ਡਾ. ਜਗਜੀਤ ਸਿੰਘ*

2004 ਵਿਚ ਤਿੰਨ ਪ੍ਰਮੁੱਖ ਸ਼ਤਾਬਦੀਆਂ ਮਨਾਉਣ ਦਾ ਸੁਨਹਿਰੀ ਅਵਸਰ ਪ੍ਰਾਪਤ ਹੋ ਰਿਹਾ ਹੈ। ਜਥੇਦਾਰ ਗੁਰਚਰਨ ਸਿੰਘ ਟੌਹੜਾ ਪ੍ਰਧਾਨ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਨੇ ਇਨ੍ਹਾਂ ਸ਼ਤਾਬਦੀਆਂ, ਸੰਬੰਧੀ ਗੁਰਦਵਾਰਾ ਗਜ਼ਟ ਨਵੰਬਰ 2004 ਵਿਚ ਲਿਖਦਿਆਂ ਸਾਰੇ ਸਿੱਖ ਪੰਥ ਨੂੰ ਜਾਗਰੂਪ ਕੀਤਾ ਹੈ। ਆਪਜੀ ਲਿਖਦੇ ਹਨ, 'ਅਕਾਲਪੁਰਖ ਵਾਹਿਗੁਰੂ ਦੀ ਅਪਾਰ ਬਖਸ਼ਿਸ਼ ਸਦਕਾ ਵਿਸ਼ਵ ਵਿਆਪੀ ਸਿਖ ਪੰਥ ਸੰਮਤ ਨਾਨਕਸ਼ਾਹੀ 536 (2004 ਈ.) ਵਿਚ ਪ੍ਰਮੁੱਖ ਰੂਪ ਵਿਚ ਤਿੰਨ ਇਤਿਹਾਸਕ ਸ਼ਤਾਬਦੀਆਂ ਮਨਾਉਣ ਦੀਆਂ ਤਿਆਰੀਆਂ ਕਰ ਰਿਹਾ ਹੈ। ਸਿਖ ਪੰਥ ਦੀ ਪ੍ਰਤਿਨਿਧ ਸੰਸਥਾ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਤੋਂ ਲੈ ਕੇ ਗੁਰੂ ਪੰਥ ਦੇ ਸਿਧਾਂਤ, ਪ੍ਰੰਪਰਾ ਅਤੇ ਇਤਿਹਾਸ ਨੂੰ ਮੰਨਣ ਵਾਲੀਆਂ ਸਿੰਘ ਸੰਭਾਵਾਂ, ਸੁਸਾਇਟੀਆਂ, ਜਥੇਬੰਦੀਆਂ, ਵਿਦਿਅਕ ਤੇ ਮਿਸ਼ਨਰੀ ਸੰਸਥਾਵਾਂ, ਅਕਾਲੀ ਜਥੇ ਆਦਿ ਤਨ-ਮਨ-ਧਨ ਤੋਂ ਸ਼ਤਾਬਦੀਆਂ ਮਨਾਉਣ ਲਈ ਤਿਆਰ-ਬਰ-ਤਿਆਰ ਹਨ। ..... ਸ਼ਤਾਬਦੀਆਂ ਮਨਾਉਣ ਦਾ ਮੁੱਖ ਮਨੋਰਥ ਆਪਣੇ ਗੌਰਵਮਈ ਵਿਰਸੇ, ਨਿਰਮਲ ਵਿਚਾਰਧਾਰਾ, ਇਤਿਹਾਸਕ ਪਰੰਪਰਾਵਾਂ, ਨਾਲ ਜੁੜਨਾ ਹੈ। ....... ਸ਼ਤਾਬਦੀਆਂ ਮਨਾਉਣ ਲਈ ਕੌਮੀ ਪੱਧਰ ਤੇ ਪ੍ਰੋਗਰਾਮ ਉਲੀਕੇ ਜਾ ਰਹੇ ਹਨ। ........ਪ੍ਰਮੁੱਖ ਰੂਪ ਵਿਚ ਅਗਲੇ ਸਾਲ ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ ਦਾ 500 ਸਾਲਾ ਪ੍ਰਕਾਸ਼ ਪੁਰਬ 18 ਅਪ੍ਰੈਲ 2004 ਨੂੰ ਵਿਸ਼ੇਸ਼ ਰੂਪ ਵਿਚ ਖਡੂਰ ਸਾਹਿਬ ਦੀ ਇਤਿਹਾਸਕ ਧਰਤੀ ਤੇ ਮਨਾਇਆ ਜਾਵੇਗਾ।

"ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ 400 ਸਾਲਾ ਪ੍ਰਕਾਸ਼ ਦਿਹਾੜਾ ਪਹਿਲੀ ਸਤੰਬਰ 2004 ਨੂੰ ਪ੍ਰਾਪਤ ਹੋ ਰਿਹਾ ਹੈ। ਜੋ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਪਵਿੱਤਰ ਧਰਤੀ ਤੇ ਵਿਸ਼ੇਸ਼ ਤੌਰ ਤੇ ਮਨਾਇਆ ਜਾਵੇਗਾ। ..... ਦਸਮ ਪਾਤਸ਼ਾਹ ਦੇ ਚੋਹਾਂ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਦੀ ਤੀਜੀ ਸ਼ਤਾਬਦੀ 21 ਤੋਂ 26 ਦਸੰਬਰ 2004 ਨੂੰ ਚਮਕੌਰ ਸਾਹਿਬ ਅਤੇ ਫਤਿਹ ਗੜ੍ਹ ਸਾਹਿਬ ਦੇ ਪਾਵਨ ਅਸਥਾਨਾਂ ਤੇ ਪੰਥਕ ਪਰੰਪਰਾਵਾਂ ਅਨੁਸਾਰ ਮਨਾਇਆ ਜਾਵੇਗਾ।

ਅੱਗੇ ਚਲ ਕੇ ਆਪ ਜੀ ਲਿਖਦੇ ਹਨ, ਨਿਰਸੰਦੇਹ ਇਨ੍ਹਾਂ ਸ਼ਤਾਬਦੀਆਂ ਨੂੰ ਸਮਰਪਿਤ ਵਿਸ਼ੇਸ਼ ਸੈਮੀਨਾਰ, ਕਥਾ-ਕੀਰਤਨ, ਵਿਚਾਰ, ਢਾਡੀ, ਕਵੀ ਸਮਾਗਮ ਅਤੇ ਸਿਖ ਸ਼ਕਤੀ ਨੂੰ ਪ੍ਰਦਰਸ਼ਨ ਕਰਨ ਲਈ ਵਿਸ਼ੇਸ਼ ਨਗਰ ਕੀਰਤਨ ਕੀਤੇ ਜਾਣਗੇ। ਲੋੜ ਹੈ ਦੁਨੀਆਂ ਦੇ ਹਰ ਹਿੱਸੇ ਵਿਚ ਸਮਾਗਮ ਕਰਵਾ ਕੇ ਵੱਖ ਵੱਖ ਭਾਸ਼ਾਵਾਂ ਵਿਚ ਗੁਰਮਤਿ ਵਿਚਾਰਧਾਰਾ ਦਾ ਪ੍ਰਚਾਰ ਪ੍ਰਸਾਰ ਕੀਤਾ ਜਾਵੇ। "ਗੁਰਬਾਣੀ ਇਸੁ ਜਗ ਮਹਿ ਚਾਨਣੁ" ਦੀ ਵਿਚਾਰਧਾਰਾ ਨੂੰ ਸੰਸਾਰ ਭਰ ਵਿਚ ਫੈਲਾਉਣ ਲਈ ਗੁਰਬਾਣੀ ਗੁਰਮਤਿ ਸਿਧਾਂਤਾਂ ਤੇ ਗੌਰਵਮਈ ਇਤਿਹਾਸ ਨੂੰ ਵੱਧ ਤੋਂ ਵੱਧ ਭਾਸ਼ਾਵਾਂ ਵਿਚ ਪ੍ਰਕਾਸ਼ਤ ਕਰਕੇ ਵੰਡਣਾ ਜ਼ਰੂਰੀ ਹੈ।

ਲੇਖ ਦੀ ਅੰਤਲੀ ਸੱਤਰ ਬੜੀ ਮਹੱਤਵਪੂਰਣ ਹੈ। "ਸ਼ਤਾਬਦੀਆਂ ਸੰਬੰਧੀ ਤੁਹਾਡੇ ਉਸਾਰੂ ਸੁਝਾਵਾਂ ਦੀ ਉਡੀਕ ਰਹੇਗੀ।" ਇਸੇ ਉਪਲਕਸ਼ ਵਿਚ ਇਕ ਲੇਖ "ਸ਼ਤਾਬਦੀਆਂ ਕਿਵੇਂ ਮੰਨਾਈਏ" ਆਪ ਜੀ ਦੇ ਵਿਚਾਰ ਹਿਤ ਸਮਰਪਿਤ ਹੈ।

ਪਹਿਲੀਆਂ ਸ਼ਤਾਬਦੀਆਂ ਦਾ ਪ੍ਰਧਾਨ ਰੰਗ ਜਲਸੇ, ਜਲੂਸ, ਨਗਰ ਕੀਰਤਨ, ਕੀਰਤਨ ਦਰਬਾਰ, ਢਾਡੀ ਦਰਬਾਰ ਹੀ ਰਿਹਾ ਹੈ ਜਿਸ ਦਾ ਪ੍ਰਭਾਵ ਵਕਤੀ ਹੁੰਦਾ ਹੈ, ਮਨ ਦਾ ਚਾਉ ਤਾਂ ਪੂਰਾ ਹੁੰਦਾ ਹੈ ਕੁਝ ਸਮੇਂ ਲਈ ਕੌਮ ਦਾ ਬੋਲ ਬਾਲਾ ਜ਼ਾਹਰ ਹੁੰਦਾ ਹੈ ਪਰ ਕੌਮ ਨੂੰ, ਪੰਥ ਨੂੰ, ਮਨੁੱਖਤਾ ਨੂੰ ਕੋਈ ਵਿਸ਼ੇਸ਼ ਚਿਰ-ਸਥਾਈ ਲਾਭ ਨਹੀਂ ਹੁੰਦਾ। ਖਾਲਸੇ ਦੀ ਤੀਜੀ ਸ਼ਤਾਬਦੀ ਸਮੇਂ ਸ੍ਰੀ ਕੇਸ ਗੜ੍ਹ ਸਾਹਿਬ ਅਨੰਦਪੁਰ ਸਾਹਿਬ ਦੇ ਦਰਸ਼ਨ ਦੀਦਾਰ ਧੁਰਾ ਬਣ ਗਿਆ। ਨਤੀਜੇ ਵਜੋਂ ਦੇਸ਼ ਵਿਦੇਸ਼ ਤੋਂ ਲੱਖਾਂ ਸ਼ਰਧਾਲੂ ਵਹੀਰਾਂ ਘਤ ਕੇ ਅਨੰਦਪੁਰ ਸਾਹਿਬ ਨੂੰ ਤੁਰ ਪਏ। ਮੈਂ ਆਪਣਾ ਨਿਜੀ ਤਜਰਬਾ ਸਾਂਝਾ ਕਰਨਾ ਚਾਹੁੰਦਾ ਹਾਂ। ਪਰਦੇਸ ਤੋਂ ਆਏ ਕੁਝ ਸਜਣਾਂ ਨਾਲ ਸਾਨੂੰ ਇਕ ਹਫਤਾ ਪਹਿਲਾਂ ਸ੍ਰੀ ਅਨੰਦਪੁਰ ਸਾਹਿਬ ਜੀ ਦੇ ਦਰਸ਼ਨ ਦੀਦਾਰ ਹੋ ਗਏ ਪਰ ਕੁਝ ਹੋਰ ਵੀਰਾਂ ਨੇ ਵਿਸਾਖੀ ਵਾਲੇ ਦਿਨ ਜਾਣ ਲਈ ਮਜਬੂਰ ਕੀਤਾ। ਵਿਸਾਖੀ ਤੋਂ ਇਕ ਦਿਨ ਪਹਿਲਾਂ ਅਸੀਂ ਵੀ ਅਨੰਦਪੁਰ ਸਾਹਿਬ ਪੁੱਜਣ ਲਈ ਵਹੀਰਾਂ ਘਤੀਆਂ, ਕਈ ਮੁਸ਼ਕਲਾਂ ਅਬੂਰ ਕਰਕੇ ਸ੍ਰੀ ਅਨੰਦਪੁਰ ਸਾਹਿਬ ਪੁੱਜ ਤਾਂ ਗਏ ਪਰ ਭੀੜ ਭੜਕਾ ਧੱਕਾ ਮੁੱਕੀ ਏਨਾ ਜ਼ਿਆਦਾ ਸੀ ਕਿ ਅੰਦਰ ਮੱਥਾ ਟੇਕਣਾ ਨਸੀਬ ਨਾਂਹ ਹੋਇਆ। ਉਂਝ ਥਾਂ ਥਾਂ ਸ਼ਰਧਾਲੂਆਂ ਨੇ ਲੰਗਰ ਦੇ ਪ੍ਰਬੰਧ ਕੀਤੇ ਹੋਏ ਸਨ ਜਿਸ ਲਈ ਲੰਗਰ ਦੀ ਵਿਸ਼ੇਸ਼ ਔਕੜ ਨਹੀਂ ਸੀ ਆ ਰਹੀ ਪਰ ਮਨੁੱਖਤਾ ਦਾ ਹਜੂਮ ਏਨਾ ਵਧੇਰੇ ਸੀ ਕਿ ਸੰਭਾਲ ਤੇ ਸੰਜਮ ਤੋਂ ਬੇਕਾਬੂ ਸੀ, ਅੰਦਰ ਜਾ ਸਕਣਾ ਵੀ ਅਸੰਭਵ ਹੋ ਗਿਆ ਸੀ। ਲੱਖਾਂ ਰੁਪਿਆ ਖਰਚ ਕੇ ਬਣਾਏ ਤੇ ਸਜਾਏ ਦੀਵਾਨ ਹਾਲ ਵਿਚ ਲੈਕਚਰ, ਕੀਰਤਨ ਦਾ ਪ੍ਰੋਗਰਾਮ ਚਲ ਰਿਹਾ ਸੀ ਪਰ ਅੱਧੀ ਸੰਗਤ ਬੇਸੁਰਤ ਸੁਤੀ ਹੋਈ ਘੁਰਾੜੇ ਮਾਰ ਰਹੀ ਸੀ। ਪਤਾ ਨਹੀਂ ਕਦੋਂ ਦੇ ਆਏ ਹੋਏ ਥੱਕੇ ਟੁੱਟੇ ਸ਼ਰਧਾਲੂ ਬੇਵੱਸ ਹੋਏ ਨੀਂਦ ਦੀ ਆਗੋਸ਼ ਵਿਚ ਆਰਾਮ ਕਰ ਰਹੇ ਸੀ। ਸੜਕ ਤੇ ਖੜੀ ਪੁਲਸ ਅਨੁਸ਼ਾਸਨ ਰੱਖਣ ਵਿਚ ਬੇਵਸੀ ਪ੍ਰਗੱਟ ਕਰ ਰਹੀ ਸੀ। ਸ਼ਤਾਬਦੀ ਦੇ ਕਰਮਚਾਰੀਆਂ

ਨੂੰ ਪੁੱਛਣ ਤੇ ਉਨ੍ਹਾਂ ਨੇ ਏਨਾ ਹੀ ਕਿਹਾ ਕਿ ਸੰਗਤਾਂ ਆਸ ਤੋਂ ਕਿਤੇ ਵੱਧ ਆ ਗਈਆ ਹਨ ਤੇ ਸਾਰੇ ਪ੍ਰਬੰਧ ਤਕਰੀਬਨ ਫਿਹਲ ਹੋ ਗਏ ਹਨ। ਗੁਰੂ ਮਹਾਰਾਜ ਦੇ ਪਿਆਰ ਅਤੇ ਸਿਦਕ ਵਿਚ ਆਈਏ, ਤਾਂ ਸਭ ਠੀਕ ਹੈ ਪਰਵਾਨ ਹੈ ਪਰ ਅਗੋਂ ਲਈ ਕੁਝ ਸਿਖਣਾ ਹੋਵੇ, ਕੋਈ ਸੁਧਾਰ ਕਰਨ ਦੀ ਮਨਸ਼ਾ ਹੋਵੇ ਤਾਂ ਸ੍ਵੈ-ਪੜਚੋਲ ਜ਼ਰੂਰੀ ਹੈ।

ਪੰਥ ਵਿਚ ਵੱਡੇ ਵੱਡੇ ਵਿਦਵਾਨ, ਵਿਚਾਰਵਾਨ, ਪੰਥ ਦਰਦੀ ਮੌਜੂਦ ਹਨ ਜਿਨ੍ਹਾਂ ਪਾਸੋਂ ਇਸ ਵਿਸ਼ੇ ਤੇ ਵਿਚਾਰ ਲੈਣੇ ਚਾਹੀਦੇ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਚਾਰ ਸੌ ਸਾਲਾ ਪ੍ਰਕਾਸ਼ ਉਤਸਵ ਕਿਵੇਂ ਮੰਨਾਈਏ? ਨਗਰ ਕੀਰਤਨ ਅਤੇ ਕੀਰਤਨ ਦਰਬਾਰ ਤਾਂ ਹੋਣੇ ਹੀ ਹਨ, ਹੁੰਦੇ ਰਹੇ ਹਨ, ਹੋ ਰਹੇ ਹਨ ਅਤੇ ਹੋਂਦੇ ਰਹਿਣਗੇ। ਇਨ੍ਹਾਂ ਤੋਂ ਵੀ ਉਤਸ਼ਾਹ ਮਿਲਦਾ ਹੈ ਪਰ ਸਾਰਾ ਜ਼ੋਰ ਇਨ੍ਹਾਂ ਵਕਤੀ ਵਿਖਾਵਿਆਂ ਤੇ ਲਗਾ ਦੇਣਾ ਦਾਨਸ਼ਮੰਦੀ ਨਹੀਂ। ਗੁਰੂ ਗ੍ਰੰਥ ਸਾਹਿਬ ਸਰਬ ਸਾਂਝੀ ਵਾਲਤਾ ਅਤੇ ਮਨੁੱਖੀ ਭਾਈਚਾਰੇ ਦੀ ਏਕਤਾ ਦੀ ਜੀਉਂਦੀ ਉਦਾਹਰਣ ਹੈ। ਕਿੰਨੀ ਸਹਿਨਸ਼ੀਤਲਾ ਹੈ ਕਿ ਛੇ ਗੁਰੂ ਸਾਹਿਬਾਨ ਦੇ ਨਾਲ ਨਾਲ ਵੱਖ ਵੱਖ ਫਿਰਕਿਆਂ ਤੇ ਜਾਤਾਂ ਦੇ 25 ਭਗਤ ਗੁਰੂ ਤੁਲ ਸਨਮਾਨੇ ਜਾ ਰਹੇ ਹਨ। ਕਿੰਨੀ ਵਿਲੱਖਣ ਗੱਲ ਹੈ ਕਿ ਸਿੱਖਾਂ ਦੇ ਸਭ ਤੋਂ ਸ੍ਰੋਮਣੀ ਅਸਥਾਨ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਅੰਮ੍ਰਿਤ ਵੇਲੇ ਬਾਬਾ ਫਰੀਦ, ਨਾਮਦੇਵ, ਸਦਨਾ, ਕਬੀਰ ਜੀ ਆਦਿ ਅਨੇਕ ਭਗਤਾਂ ਦੀ ਬਾਣੀ ਦਾ ਗਾਇਨ ਹੁੰਦਾ ਹੈ। ਗੁਰੂ ਗ੍ਰੰਥ ਸਾਹਿਬ ਦੇ ਸ਼ਬਦ ਗੁਰੂ ਦੇ ਸੰਕਲਪ ਨੂੰ ਸੰਸਾਰ ਵਿਚ ਪ੍ਰਚਾਰਣ ਦੀ ਲੋੜ ਹੈ। ਪਰ ਅਸੀਂ ਤਾਂ ਭਾਰਤ ਵਿਚ ਵੀ ਇਸ ਗੱਲ ਦਾ ਪ੍ਰਚਾਰ ਨਹੀਂ ਕਰ ਸਕੇ। ਭਾਰਤ ਦੀਆਂ ਸਾਰੀਆਂ ਪਰਵਾਨਿਤ ਬੋਲੀਆਂ ਵਿਚ ਚੌਣਵੀਂ ਬਾਣੀ ਦਾ ਸਿੱਕੇ ਬੰਦ ਅਨੁਵਾਦ ਹੋਣਾ ਚਾਹੀਦਾ ਹੈ ਜੋ ਛੱਪ ਕੇ ਹਰ ਪ੍ਰਦੇਸ਼, ਹਰ ਸ਼ਹਿਰ ਤੇ ਹਰ ਕਸਬੇ ਵਿਚ ਪ੍ਰਾਪਤ ਹੋਵੇ, ਲੋਕ ਹੱਥਾਂ ਵਿਚ ਜਾਵੇ, ਭਾਵੇਂ ਇਸ ਉਪਰ ਕ੍ਰੋੜਾਂ ਰੁਪਯਾ ਕਿਉਂ ਨਾ ਖਰਚ ਹੋਵੇ। ਪਰ ਇਸ ਕਾਰਜ ਲਈ **ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ** ਦਾ ਨਿਰਮਾਣ ਕੀਤਾ ਜਾਵੇ ਜਿਸ ਵਿਚ ਹਰੇਕ ਭਾਸ਼ਾ ਦੇ ਵਿਦਵਾਨਾਂ ਨੂੰ ਨਿਯੁਕਤ ਕਰਕੇ ਉਨ੍ਹਾਂ ਤੋਂ ਅਨੁਵਾਦ ਕਰਵਾਏ ਜਾਣ। ਉਨ੍ਹਾਂ ਲਈ ਬੋਰਡਿੰਗ ਲਾਜਿੰਗ ਦਾ ਸੁੱਚਜਾ ਪ੍ਰਬੰਧ ਹੋਵੇ ਤੇ ਤਨਖਾਹ ਵੀ ਚੰਗੀ ਹੋਵੇ। ਕੁਝ ਸਿਖ ਵਿਦਵਾਨ ਗੁਰਬਾਣੀ ਦੇ ਮਾਹਿਰ ਪੰਜਾਬੀ, ਹਿੰਦੀ, ਅੰਗ੍ਰੇਜ਼ੀ ਤੋਂ ਬਿਨਾਂ ਕੁਝ ਹੋਰ ਭਾਰਤੀ ਬੋਲੀਆਂ ਜਾਣਨ ਤੇ ਸਮਝਣ ਵਾਲੇ ਹੋਣ ਜੋ coordination ਦਾ ਕਾਰਜ ਕਰਨ। ਜੋ ਇਸ ਗੱਲ ਦਾ ਧਿਆਨ ਰੱਖਣ ਦੇ ਯੋਗ ਹੋਣ ਕਿ ਕਿਤੇ ਉਲਥਾ ਕਰਨ ਸਮੇਂ ਅਰਥਾਂ ਦੇ ਅਨਰਥ ਤਾਂ ਨਹੀਂ ਹੋ ਰਹੇ?

ਦੂਜਾ - ਕੀਤੇ ਗਏ ਅਨੁਵਾਦਾਂ ਵਿਚੋਂ ਚੌਣਵੀਂ ਬਾਣੀ ਲੈ ਕੇ ਭਾਰਤ ਦੇ ਸਾਰੇ ਸਕੂਲਾਂ ਕਾਲਜਾਂ ਲਈ ਪੁਸੱਤਕਾਂ ਸੰਪਾਦਿਤ ਕੀਤੀਆਂ ਜਾਣ ਅਤੇ ਇਨ੍ਹਾਂ ਨੂੰ ਜਿਥੋਂ ਤੱਕ ਹੋ ਸਕੇ, ਉਪਲਬਧ ਕਰਵਾਇਆ ਜਾਵੇ। ਇਹ ਕਾਰਜ ਵਿਸ਼ੇਸ਼ ਤੌਰ ਤੇ ਪੰਜਾਬ ਦੇ ਸਕੂਲਾਂ ਲਈ ਪੂਰੀ ਤਨਦੇਹੀ ਨਾਲ ਕੀਤਾ ਜਾਵੇ।

ਤੀਜਾ - ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਗਾਇਨ ਕਰਨ ਲਈ ਹੈ ਅਤੇ 31 ਰਾਗਾਂ ਵਿਚ ਪ੍ਰਾਪਤ ਹੈ। ਰਾਗਾਂ ਵਿਚ ਗੁਰਬਾਣੀ ਗਾਇਨ ਕਰਨ ਦੀ ਪਰੰਪਰਾ ਖਤਮ ਹੋ ਰਹੀ ਹੈ। **ਗੁਰੂ ਗ੍ਰੰਥ ਸਾਹਿਬ ਰਾਗ ਵਿਦਿਆ ਕੇਂਦਰ ਦੀ ਸਥਾਪਨਾ ਕੀਤੀ ਜਾਵੇ** ਜਿਥੇ ਰਾਗੀਆਂ ਨੂੰ ਵਿਸ਼ੇਸ਼ ਤੌਰ ਤੇ ਅਤੇ ਚਾਹਵਾਨ ਇਸਤ੍ਰੀਆਂ ਪੁਰਸ਼ਾਂ ਨੂੰ ਰਾਗਾਂ ਵਿਚ ਗੁਰਬਾਣੀ ਗਾਇਨ ਕਰਨ ਦੀ ਸਿਖਲਾਈ ਦਿਤੀ ਜਾਵੇ। ਰਾਗਾਂ ਅਨੁਸਾਰ ਗੁਰਬਾਣੀ ਗਾਇਨ ਦੇ ਕੀਰਤਨ ਦਰਬਾਰ ਤੇ ਕੀਰਤਨ ਮੁਕਾਬਲੇ ਸਾਰੇ ਭਾਰਤ ਵਿਚ ਅਤੇ ਵਿਦੇਸ਼ਾਂ ਵਿਚ ਕਰਵਾਏ ਜਾਣੇ ਚਾਹੀਦੇ ਹਨ। ਸ੍ਰੀ ਦਰਬਾਰ ਸਾਹਿਬ ਵਿਖੇ ਨਿਰਧਾਰਿਤ ਰਾਗਾਂ ਅਨੁਸਾਰ ਗੁਰਬਾਣੀ ਕੀਰਤਨ ਕਰਨ ਦੀ ਪਰਪਾਟੀ ਮੁੜ ਸ਼ੁਰੂ ਕੀਤੀ ਜਾਵੇ। ਗੁਰਬਾਣੀ ਰਾਗਾਂ, ਰੀਤਾਂ, ਬੰਦਸ਼ਾਂ ਸੰਬੰਧੀ ਸਾਹਿਤ ਉਪਲਬਧ ਕੀਤਾ ਜਾਵੇ।

2. ਗੁਰੂ ਅੰਗਦ ਦੇਵ ਜੀ ਨੇ ਗੁਰਬਾਣੀ ਅੱਖਰਾਂ ਨੂੰ ਨਵੀਂ ਤਰਤੀਬ ਦੇ ਕੇ ਪੰਜਾਬੀ ਬੋਲੀ ਲਈ ਗੁਰਮੁਖੀ ਲਿਪੀ ਦਾ ਨਿਰਮਾਣ ਕੀਤਾ ਜਿਸ ਨਾਲ ਪੰਜਾਬੀ ਭਾਸ਼ਾ ਤੇ ਸਾਹਿਤ ਵਿਚ ਬਹੁਤ ਉਨਤੀ ਹੋਈ ਅਤੇ ਵਿਸ਼ੇਸ਼ ਕਰਕੇ ਗੁਰਬਾਣੀ ਨੂੰ ਗੁਰਮੁਖੀ ਲਿਪੀ ਵਿਚ ਲਿੱਖਣ ਦੀ ਪਰੰਪਰਾ ਪਰਪੱਕ ਹੋਈ। ਉਨ੍ਹਾਂ ਨੇ ਧਰਮਸ਼ਾਲਾਵਾਂ (ਗੁਰਦਵਾਰਿਆਂ) ਵਿਚ ਬੱਚਿਆਂ ਲਈ ਗੁਰਮੁਖੀ ਲਿਪੀ ਪੰਜਾਬੀ ਭਾਸ਼ਾ ਅਤੇ ਗੁਰਬਾਣੀ ਪੜ੍ਹਨ ਲਿਖਣ ਦੀਆਂ ਕਲਾਸਾਂ ਲਗਾਈਆਂ। ਅੱਜ ਗੁਰੂ ਅੰਗਦ ਦੇਵ ਅਤੇ ਸਮੂਹ ਗੁਰੂ ਸਾਹਿਬਾਨ ਦੀ ਧਰਤੀ, ਪੰਜਾਬ ਵਿਚ ਕਿੰਨੀ ਵੱਡੀ ਗਿਣਤੀ ਵਿਚ ਲੋਕ ਅਨਪੜ੍ਹ ਹਨ। ਕਿੰਨੀ ਵੱਡੀ ਗਿਣਤੀ ਗੁਰੂਆਂ ਦੇ ਜੀਵਨ ਅਤੇ ਗੁਰਮਤਿ ਆਦੇਸ਼ਾਂ ਤੇ ਆਦਰਸ਼ਾਂ ਤੋਂ ਅਨਜਾਣ ਹੈ। ਨੌਜਵਾਨਾਂ ਨੂੰ ਆਪਣੇ ਵਿਰਸੇ ਦਾ ਗਿਆਨ ਨਹੀਂ, ਗੁਰਸਿਖ ਘਰਾਂ ਵਿਚ ਜਨਮ ਲੈਣ ਦਾ ਮਾਣ ਨਹੀਂ, "ਸਿਖੀ ਕੇਸਾਂ ਸਵਾਸਾਂ ਸੰਗ ਨਿਭੇ" ਦੇ ਅਰਥਾਂ ਦਾ ਪਤਾ ਨਹੀਂ ਅਤੇ ਨੌਜਵਾਨ ਪੀੜੀ ਧੜਾਧੜ ਪਤਿਤ ਹੋ ਰਹੀ ਹੈ। ਪੰਜਾਬ ਨਸ਼ਿਆਂ ਦਾ ਘਰ ਬਣ ਗਿਆ ਹੈ। ਕਿਥੇ ਤਾਂ ਸਿਖ ਦਾ ਉੱਚਾ ਸੁੱਚਾ ਜੀਵਨ ਯੂ.ਪੀ. ਬਿਹਾਰ ਤੋਂ ਆਈ ਲੇਬਰ ਨੂੰ ਪ੍ਰਭਾਵਿਤ ਕਰਦਾ, ਕਿੱਥੇ ਪੰਜਾਬ ਦੇ ਨੌਜਵਾਨਾਂ ਨੇ ਇਨ੍ਹਾਂ ਭਈਆਂ ਤੇ ਬਿਹਾਰੀਆਂ ਤੋਂ ਭੁੱਕੀ ਤੇ ਜ਼ਰਦਾ ਖਾਣਾ ਸਿਖ ਲਿਆ ਹੈ। ਅੱਜ ਡਰੱਗ ਅਡਿਕਸ਼ਨ ਏਨੀ ਜ਼ਿਆਦਾ ਹੋ ਗਈ ਹੈ ਕਿ ਰੱਬ ਹੀ ਰਾਖਾ ਹੈ। ਸਾਡੀਆਂ ਸਾਰੀਆਂ ਸਿੱਖ ਸੰਸਥਾਵਾਂ, ਗੁਰਦਵਾਰੇ, ਸਿੰਘ ਸਭਾਵਾਂ ਚੌਧਰ ਹਥਿਆਣ ਅਤੇ ਕਾਇਮ ਰੱਖਣ ਵਿਚ ਮਸਰੂਫ ਹਨ। ਸਰਕਾਰਾਂ ਭ੍ਰਿਸ਼ਟ ਹੋ ਗਈਆਂ ਹਨ, ਵਾੜ ਹੀ ਖੇਤ ਨੂੰ ਖਾ ਰਹੀ ਹੈ। ਸ਼ਰਾਬਾਂ ਦੇ ਠੇਕੇ ਧੜਾਧੜ ਖੁਲ੍ਹ ਰਹੇ ਹਨ। ਮੰਨੇ ਪ੍ਰਮੰਨੇ ਸਿੱਖਾਂ ਦੇ ਬੱਚੇ

ਪਤਿਤ ਹੋ ਗਏ ਹਨ, ਅੰਮ੍ਰਿਤਧਾਰੀ ਗੁਰਸਿਖ ਆਪਣੇ ਬੱਚਿਆਂ ਦੇ ਵਿਆਹ ਸ਼ਾਂਦੀਆਂ ਧੌਣ ਉੱਚੀ ਕਰਕੇ ਕਾਕ-ਟੇਲ ਪਾਰਟੀਆਂ ਕਰਦੇ ਹਨ। ਇਨ੍ਹਾਂ ਪਾਰਟੀਆਂ ਵਿਚ ਵੱਡੇ ਵੱਡੇ ਜਥੇਦਾਰ ਤੇ ਅਕਾਲੀ ਲੀਡਰ ਵੀ ਸ਼ਾਮਲ ਹੋਣ ਵਿਚ ਝਿਜਕ ਮਹਿਸੂਸ ਨਹੀਂ ਕਰਦੇ। ਗੁਰੂ ਬਾਬੇ ਨੇ ਸੱਚ ਕਿਹਾ ਸੀ -

*ਸਰਮੁ ਧਰਮੁ ਦੁਇ ਛਪਿ ਖਲੋਏ*
*ਕੂੜੁ ਫਿਰੈ ਪਰਧਾਨੁ ਵੇ ਲਾਲੋ॥ ਪੰਨਾ - 722*

ਨਾ ਸ਼ਰਮ ਰਹੀ ਹੈ, ਨਾ ਧਰਮ। ਧਰਮ ਮਨੁੱਖ ਨੂੰ ਬੁਰੇ ਕੰਮਾਂ ਤੋਂ ਹੋੜਦਾ ਹੈ ਪਰ ਜੇ ਮਨੁੱਖ ਧਰਮੀ ਨਹੀਂ ਹੁੰਦਾ ਤਾਂ ਸ਼ਰਮ, ਲੋਕ-ਲਾਜ ਕਰਕੇ ਹੀ ਭੈੜੇ ਕੰਮ ਨਹੀਂ ਕਰਦਾ। ਪਰ ਹੁਣ ਤਾਂ ਨਾ ਸ਼ਰਮ ਹੈ, ਨਾ ਧਰਮ।

ਪਰ ਆਵਾ ਨਹੀਂ ਊਤਿਆ। ਸਿਦਕੀ ਤੇ ਧਰਮੀ ਗੁਰਸਿਖ ਆਪਣੇ ਵਿਤ ਅਨੁਸਾਰ ਇਸ ਪਾਪ ਦੇ ਬੇੜੇ ਨੂੰ ਬਚਾਉਣ ਦੇ ਆਹਰ ਵਿਚ ਲਗੇ ਹੋਏ ਹਨ। ਦਾਸ ਦਾ ਸੁਝਾਅ ਇਹ ਹੈ ਕਿ ਗੁਰੂ ਅੰਗਦ ਦੇਵ ਜੀ ਦੇ ਪੰਜ ਸੌ ਸਾਲਾ ਪ੍ਰਕਾਸ਼ ਉਤਸਵ ਤੇ ਆਪਣੀ ਨੌਜਵਾਨ ਪੀੜ੍ਹੀ ਦੀ ਸੰਭਾਲ ਦੀਆਂ ਯੋਜਨਾਵਾਂ ਬਣਾਈਏ। ਇਕ ਤਾਂ ਹਰ ਪਿੰਡ ਵਿਚ ਜਾਂ ਨੇੜਲੇ 2-3 ਪਿੰਡਾਂ ਦੇ ਸਮੂਹ ਵਿਚ ਘਟੋ ਘੱਟ ਇਕ ਸਕੂਲ ਹੋਣ ਜ਼ਰੂਰੀ ਹੈ। ਜਿਥੇ ਸਰਕਾਰੀ ਜਾਂ ਪ੍ਰਾਈਵੇਟ ਸਕੂਲ ਹਨ, ਵਧੀਆਂ ਗੱਲ ਹੈ, ਜਿਥੇ ਨਹੀਂ, ਉਥੇ ਤੁਰੰਤ ਪਿੰਡ ਵਾਲਿਆਂ ਦੇ ਸਹਿਯੋਗ ਨਾਲ **ਗੁਰੂ ਅੰਗਦ ਦੇਵ ਵਿਦਿਆ ਕੇਂਦਰ** ਖੋਲ੍ਹੇ ਜਾਣ। ਜਿਥੇ ਸਕੂਲ ਪੰਜਵੀਂ ਤੱਕ ਹਨ, ਓਥੇ ਦਸਵੀਂ ਜਾਂ ਬਾਰ੍ਹਵੀਂ ਕਲਾਸ ਤਕ ਦੀ ਯੋਜਨਾ ਬਣਾਈ ਜਾਵੇ। ਸਮੂੰਹ ਸੰਤ ਸਮਾਜ ਨੂੰ ਵੀ ਐਸੀ ਅਪੀਲ ਹੈ, ਉਹ ਆਪਣੇ ਆਪਣੇ ਇਲਾਕੇ ਵਿਚ ਵੱਧ ਤੋਂ ਵੱਧ ਸਕੂਲ ਖੋਲ੍ਹਣ। **ਦੂਜਾ - ਨਿਰੇ ਸਕੂਲ ਖੋਲ੍ਹਣੇ ਹੀ ਨਹੀਂ, ਸਗੋਂ ਸਮੂੰਹ ਚਲ ਰਹੇ ਸਕੂਲਾਂ ਵਿਚ ਧਾਰਮਿਕ ਸਿਖਿਆ ਦਾ ਵਧੀਆ ਪ੍ਰਬੰਧ ਕੀਤਾ ਜਾਵੇ।** ਇਹ ਪ੍ਰਬੰਧ ਕਿਵੇਂ ਹੋਵੇ? ਇਸ ਕਾਰਜ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਕ ਵਿਸ਼ੇਸ਼ ਸੈਲ ਬਣਾਵੇ ਜੋ ਪੂਰੇ ਪੰਜਾਬ ਦੇ ਸਮੂੰਹ ਪਿੰਡਾਂ ਤੇ ਕਸਬਿਆਂ ਦੀ ਡਾਇਰੈਕਟਰੀ ਤਿਆਰ ਕਰੇ, ਮੌਜੂਦਾ ਸਥਿਤੀ ਦੱਸੇ, ਲੋੜਾਂ ਦੱਸੇ ਅਤੇ ਹੋਣ ਵਾਲੇ ਕੰਮ ਦੀ ਸਿਫਾਰਸ਼ ਕਰੇ। ਇਸ ਕਾਰਜ ਲਈ ਪੰਜਾਬ ਸਕੂਲ ਐਜੂਕੇਸ਼ਨ ਬੋਰਡ ਸਹਾਈ ਹੋ ਸਕਦਾ ਹੈ।

**ਗੁਰੂ ਅੰਗਦ ਦੇਵ ਐਜੂਕੇਸ਼ਨਲ ਟਰੱਸਟ ਕਾਇਮ ਕੀਤਾ ਜਾ ਸਕਦਾ ਹੈ** - ਜਿਸ ਨੂੰ ਸਾਰੀਆਂ ਸਿੱਖ ਸੰਸਥਾਵਾਂ, ਗੁਰਦਵਾਰਾ ਸਾਹਿਬਾਨ, ਸਿੰਘ ਸਭਾਵਾਂ, ਮਾਲੀ ਇਮਦਾਦ ਦੇਣ। ਇਸ ਕਾਰਜ ਨੂੰ ਸੇਵਾ-ਮੁਕਤ ਹੋਏ ਗੁਰਸਿੱਖ ਟੀਚਰਜ਼, ਪ੍ਰੋਫੈਸਰਜ਼, ਜੱਜ ਸਾਹਿਬਾਨ ਆਰਮੀ ਤੋਂ ਰੀਟਾਇਰ ਹੋਏ ਸਿੱਖ ਮਿਸ਼ਨਰੀ ਜ਼ੀਲ ਵਾਲੇ ਫੌਜੀਆਂ ਆਦਿ ਨੂੰ ਸੌਂਪਿਆ ਜਾਵੇ ਜੋ ਕਿਸੇ ਲਾਲਚ ਜਾਂ ਅਹੁਦੇਦਾਰੀ ਤੋਂ ਨਿਰਮਾਣ ਹੋ ਕੇ ਸੇਵਾ ਕਰਨ ਲਈ ਤਿਆਰ ਹੋਣ। ਕੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧ ਕਮੇਟੀ ਐਸੀ ਯੋਜਨਾ ਬਣਾਉਣ ਲਈ ਤਿਆਰ ਹੈ? ਸ਼ਹਿਰਾਂ ਵਿਚ ਗੁਰਦਵਾਰਾ ਕਮੇਟੀਆਂ ਸਿਰਫ ਕੀਰਤਨ, ਕਥਾ, ਲੈਕਚਰ ਕਰਵਾ ਕੇ ਹੀ ਸਮਾਂ ਗੁਜ਼ਾਰ ਰਹੀਆਂ ਹਨ। ਉਨ੍ਹਾਂ ਨੂੰ ਇਨ੍ਹਾਂ ਪ੍ਰੋਗਰਾਮਾਂ ਤੋਂ ਅੱਗੇ ਵੀ ਸੋਚਣਾ ਬਣਦਾ ਹੈ। ਹਰੇਕ ਗੁਰਦਵਾਰਾ ਕਮੇਟੀ ਵਧੀਆ ਪੜ੍ਹਾਈ ਵਾਲਾ ਇਕ ਸਕੂਲ ਸ਼ਹਿਰ ਵਿਚ ਤੇ ਘੱਟੋ ਘੱਟ ਇਕ ਪਿੰਡ ਵਿਚ ਖੋਲ੍ਹਣ ਦੀ ਯੋਜਨਾ ਬਣਾਵੇ। ਚੱਲ ਰਹੇ ਸਕੂਲਾਂ ਵਿਚ ਧਾਰਮਿਕ ਵਿਦਿਆ ਦੇ ਵਧੀਆ ਅਧਿਆਪਕ ਨਿਯੁਕਤ ਕਰਨ ਵਿਚ ਸਕੂਲਾਂ ਦੀ ਸਹਾਇਤਾ ਕਰਨ। ਕੁਝ ਸੰਸਥਾਵਾਂ ਇਸ ਕਾਰਜ ਵਿਚ ਜੁਟੀਆਂ ਹੋਈਆਂ ਵੀ ਹਨ ਜਿਵੇਂ ਸਤਿਨਾਮ ਟਰੱਸਟ। ਮੈਨੂੰ ਨਿੱਜੀ ਜਾਣਕਾਰੀ ਹੈ ਕਿ ਇਸ ਸੰਸਥਾ ਨੇ ਸੈਂਕੜੇ ਧਾਰਮਿਕ ਟੀਚਰਜ਼ ਦੀਆਂ ਨਿਯੁਕਤੀਆਂ ਕਰਵਾਈਆਂ ਹਨ ਅਤੇ ਇਨ੍ਹਾਂ ਦੀ ਪੂਰੀ ਤਨਖਾਹ ਇਹ ਟਰੱਸਟ ਦੇਂਦਾ ਹੈ। ਇਹ ਸ਼ਲਾਘਾਯੋਗ ਉਦਮ ਹੈ। ਇਨ੍ਹਾਂ ਟੀਚਰਜ਼ ਰਾਹੀਂ ਨੌਜਵਾਨਾਂ ਨੂੰ ਨਸ਼ਿਆਂ ਦੇ ਮਾਰੂ ਅਸਰ ਦੱਸ ਕੇ ਉਨ੍ਹਾਂ ਨੂੰ ਨਸ਼ਿਆਂ ਤੋਂ ਦੂਰ ਰੱਖਿਆ ਜਾ ਸਕਦਾ ਹੈ ਅਤੇ ਨਸ਼ੇ ਵਿਚ ਫਸਿਆਂ ਨੂੰ ਅਗਵਾਈ ਦਿਤੀ ਜਾ ਸਕਦੀ ਹੈ ਪਰ ਇਨ੍ਹਾਂ ਟੀਚਰਜ਼ ਦੀ ਵੀ ਕੁਝ ਅਰਸੇ ਲਈ ਟਰੇਨਿੰਗ ਹੋਵੇ, ਕੁਝ ਦਿਨ੍ਹਾਂ ਦੇ ਸੈਮੀਨਾਰ ਹੋਣ ਤਾਕਿ ਉਨ੍ਹਾਂ ਨੂੰ ਹੁਣ ਤਕ ਪ੍ਰਾਪਤ ਪੂਰਾ ਗਿਆਨ ਦਿਤਾ ਜਾ ਸਕੇ। ਅੱਜ ਸਿੱਖ ਕੌਮ ਨੂੰ ਬੜੀ ਗੰਭੀਰਤਾ ਨਾਲ ਇਸ ਪਾਸੇ ਸੋਚਣਾ ਚਾਹੀਦਾ ਹੈ ਅਤੇ ਠੋਸ ਕਦਮ ਚੁਕਣ ਲਈ ਹੰਭਲਾ ਮਾਰਨਾ ਚਾਹੀਦਾ ਹੈ ਤਾਂ ਹੀ ਸ਼ਤਾਬਦੀ ਮਨਾਉਣੀ ਅਰਥ-ਭਰਪੂਰ ਹੋਵੇਗੀ।

ਛੋਟੇ ਅਤੇ ਵੱਡੇ ਸਾਹਿਬਜ਼ਾਦਿਆਂ ਦੀਆਂ ਮਹਾਨ ਸ਼ਹਾਦਤਾਂ ਸੰਸਾਰ ਦੇ ਇਤਿਹਾਸ ਵਿਚ ਕੁਰਬਾਨੀ ਦੀਆਂ ਅਦੁੱਤੀਆਂ ਉਦਾਹਰਣਾਂ ਹਨ। ਇਨ੍ਹਾਂ ਸ਼ਹੀਦੀਆਂ ਦਾ ਸਹੀ ਅਤੇ ਉਤਸ਼ਾਹਜਨਕ, ਇਤਿਹਾਸ ਭਾਰਤ ਦੀਆਂ ਸਾਰੀਆਂ ਬੋਲੀਆਂ ਵਿਚ ਉਪਲਬਧ ਕਰਵਾ ਕੇ, ਭਾਰਤ ਦੇ ਵੱਧ ਤੋਂ ਵੱਧ ਸਕੂਲਾਂ ਕਾਲਜਾਂ ਦੇ ਵਿਦਿਆਰਥੀਆਂ ਤੱਕ ਪਹੁੰਚਾਉਣ ਦਾ ਉਪਰਾਲਾ ਕਰਨਾ ਚਾਹੀਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਧਰਮ ਅਤੇ ਦੇਸ਼ ਦੀ ਆਜ਼ਾਦੀ ਲਈ ਸਰਬੰਸ ਵਾਰਿਆ ਤੇ ਮਨੁੱਖਤਾ ਨੂੰ ਸ੍ਵੈ-ਮਾਨ, ਅਣਖ, ਬਹਾਦਰੀ ਨਾਲ ਅਤੇ ਆਪਸੀ ਪਿਆਰ ਭਰੀ ਏਕਤਾ, ਬਰਾਬਰੀ ਅਤੇ ਸਾਂਝ ਨਾਲ ਜੀਉਣ ਦੀ ਨਵੀਂ ਪਿਰਤ ਪਾਈ, ਉਸ ਨੂੰ ਉਜਾਗਰ ਕਰਨਾ ਲੋੜੀਏ।

ਸਿੱਖਾਂ ਨੂੰ ਮੀਰੀ-ਪੀਰੀ ਦਾ ਮਾਲਕ ਬਣਾਇਆ ਸੀ, ਅੱਜ ਦਾ ਸਿੱਖ ਨਾ ਸੰਤ ਹੈ, ਨਾ ਸਿਪਾਹੀ। ਸਿੱਖ ਲਈ ਸ਼ਸਤਰਧਾਰੀ ਹੋਣਾ ਲਾਜ਼ਮੀ ਹੈ। ਜੇ ਸਿੱਖ ਕੌਮ ਸ਼ਸਤਰਧਾਰੀ ਹੁੰਦੀ ਤਾਂ 84 ਦੰਗਿਆਂ ਵਿਚ ਐਨੀ ਦੁਰਦਸ਼ਾ ਨਾ ਹੁੰਦੀ। ਜਿਥੇ ਜਿਥੇ ਸਿੱਖ ਸ਼ਸਤਰਧਾਰੀ ਸਨ, ਉਨ੍ਹਾਂ ਨੇ ਆਪਣਾ

(ਬਾਕੀ ਪੰਨਾ 62 ਤੇ)

# ਸਰਦੀ ਰੁੱਤ ਤੇ ਸਿਹਤ

***ਕੈਪਟਨ ਸ਼ਮਸ਼ੇਰ ਸਿੰਘ***

ਪੰਜਾਬ ਵਿਚ ਸਰਦੀ ਦੀ ਰੁੱਤ ਬਹੁਤ ਠੰਢੀ ਹੁੰਦੀ ਹੈ। ਜਿਸ ਤਰ੍ਹਾਂ ਗਰਮੀ ਸਖਤ ਪੈਂਦੀ ਹੈ, ਇਸੇ ਤਰ੍ਹਾਂ ਸਰਦੀ ਵੀ ਬਹੁਤ ਹੁੰਦੀ ਹੈ। ਇਹ ਮਸ਼ਹੂਰ ਹੈ ਕਿ ਜਿਥੇ ਸਰਦੀ ਗਰਮੀ ਦੋਵੇਂ ਵੱਧ ਹੋਣ ਉਥੋਂ ਦੇ ਵਸਨੀਕ ਜੁੱਸੇ ਦੇ ਵੱਧ ਬਲਵਾਨ ਹੁੰਦੇ ਹਨ। ਭਾਰਤ ਵਿਚ ਪੰਜਾਬੀਆਂ ਨੂੰ ਇਕ ਸਖਤ ਜਾਨ ਕੌਮ ਆਖਿਆ ਗਿਆ ਹੈ। ਸਰਦੀ ਦੀ ਰੁੱਤ ਚੰਗੀ ਵੀ ਹੈ ਕਿਉਂਕਿ ਇਸ ਮੌਸਮ ਵਿਚ ਖੁਰਾਕ ਖਾਧੀ ਲਗਦੀ ਹੈ। ਘੀ ਆਦਿ ਚਿਕਨਾਈ ਭਰੀਆਂ ਵਸਤਾਂ ਵੀ ਇਸ ਮੌਸਮ ਵਿਚ ਹਜ਼ਮ ਹੁੰਦੀਆਂ ਹਨ। ਸਰੀਰ ਵੀ ਰਿਸ਼ਟ ਪੁਸ਼ਟ ਹੁੰਦਾ ਹੈ ਪਰ ਸਰਦੀ ਵਿਚ ਕੁਝ ਰੋਗ ਵੀ ਹਨ ਜਿਨ੍ਹਾਂ ਤੋਂ ਬਚਣਾ ਜ਼ਰੂਰੀ ਹੈ। ਜੇ ਜਿਸਮ ਕਮਜ਼ੋਰ ਹੈ ਤਾਂ ਸਰਦੀ ਵੀ ਬਹੁਤ ਤੰਗ ਕਰਦੀ ਹੈ। ਇਨ੍ਹਾਂ ਰੋਗਾਂ ਵਿਚ ਜੁਕਾਮ ਇਕ ਸੁੱਖ ਰੋਗ ਹੈ। ਇਹ ਸਰਦੀ ਸ਼ੁਰੂ ਹੁੰਦਿਆਂ ਹੀ ਮਹਿਮਾਨ ਬਣ ਕੇ ਸਰੀਰ ਵਿਚ ਡੇਰਾ ਲਾ ਲੈਂਦਾ ਹੈ। ਦੂਜੇ ਰੋਗ ਵੀ ਹਨ ਜਿਵੇਂ ਪੈਰਾਂ ਦੀਆਂ ਅੱਡੀਆਂ ਫਟਣੀਆਂ, ਬੁੱਲ੍ਹ ਫਟਣੇ ਆਦਿ।

**ਜੁਕਾਮ** - ਇਹ ਰੋਗ ਡਾਕਟਰਾਂ ਦੀ ਸਲਾਹ ਵਿਚ ਕਦੇ ਕਦੇ ਹੋਣਾ ਜ਼ਰੂਰੀ ਹੈ। ਇਸ ਨਾਲ ਦਿਮਾਗ ਦੀ ਸਫਾਈ ਹੋ ਜਾਂਦੀ ਹੈ ਪਰ ਜੇਕਰ ਇਹ ਡੇਰਾ ਹੀ ਲਾ ਲਵੇ ਤਾਂ ਫੇਰ ਕਈ ਭਿਆਨਕ ਰੋਗ ਜਿਵੇਂ ਦਮਾ, ਟੀ.ਬੀ. (ਤਪਦਿਕ) ਆਦਿ ਹੋ ਜਾਂਦਾ ਹੈ ਜਾਂ ਫਿਰ ਨਿਮੋਨੀਆ ਵਿਚ ਬਦਲ ਕੇ ਖਾਂਸੀ ਆਦਿ ਹੋ ਜਾਂਦੀ ਹੈ। ਵੈਸੇ ਇਕ ਸਿਹਤਮੰਦ ਆਦਮੀ ਨੂੰ ਜੁਕਾਮ ਚਾਰ ਪੰਜ ਦਿਨ ਵਿਚ ਠੀਕ ਹੋ ਜਾਂਦਾ ਹੈ।

ਇਹ ਰੋਗ ਇਕ ਤਰ੍ਹਾਂ ਦੇ ਜੀਵਾਣੂਆਂ ਤੋਂ ਹੁੰਦਾ ਹੈ ਤੇ ਛੂਤ ਦਾ ਰੋਗ ਹੈ। ਘਰ ਵਿਚ ਕਿਸੇ ਇਕ ਨੂੰ ਹੋ ਜਾਵੇ ਤਾਂ ਸਾਰੇ ਮੈਂਬਰਾਂ ਤੇ ਚੱਕਰ ਬਣ ਜਾਂਦਾ ਹੈ। ਜੇ ਧਿਆਨ ਰੱਖਿਆ ਜਾਵੇ ਤਾਂ ਇਸ ਤੋਂ ਬਚਿਆ ਜਾ ਸਕਦਾ ਹੈ।

ਜੁਕਾਮ ਤੋਂ ਬਚਣ ਲਈ ਆਮ ਨੁਸਖੇ ਹੇਠ ਦਿਤੇ ਜਾਂਦੇ ਹਨ –

1. ਜਦੋਂ ਸਵੇਰ ਵੇਲੇ ਇਸ਼ਨਾਨ ਕਰੋ ਤਾਂ ਪਹਿਲਾਂ ਪੈਰਾਂ ਦੇ ਅੰਗੂਠਿਆਂ ਤੇ ਕੁਝ ਦੇਰ ਪਾਣੀ ਪਾਓ, ਫਿਰ ਇਸ਼ਨਾਨ ਸ਼ੁਰੂ ਕਰੋ। ਇਸ ਨਾਲ ਨਜ਼ਲਾ ਜੁਕਾਮ ਘਟ ਜਾਂਦਾ ਹੈ। ਇਨਸਾਨੀ ਦਿਮਾਗ ਵਿਚ ਇਕ ਅਜਿਹਾ ਯੰਤਰ ਹੈ ਕਿ ਇਹ ਆਪਣੇ ਬਚਾਓ ਦੀ ਤਿਆਰੀ ਪਹਿਲਾਂ ਹੀ ਸ਼ੁਰੂ ਕਰ ਦਿੰਦਾ ਹੈ।

ਜਦੋਂ ਅੰਗੂਠਿਆਂ ਤੇ ਪਾਣੀ ਪੈਂਦਾ ਹੈ ਤਾਂ ਇਹ ਸਰੀਰ ਨੂੰ ਤਿਆਰ ਕਰਕੇ ਨਜ਼ਲੇ ਜੁਕਾਮ ਦਾ ਪ੍ਰਤੀਰੋਧ ਪੈਦਾ ਕਰ ਦਿੰਦਾ ਹੈ।

2. ਜੁਕਾਮ ਇਕ ਛੂਤ ਦਾ ਰੋਗ ਹੈ ਇਕ ਨੂੰ ਹੋਵੇ ਤਾਂ ਅੱਗੇ ਫੈਲ ਜਾਂਦਾ ਹੈ, ਇਸ ਨੂੰ ਰੋਕਿਆ ਜਾ ਸਕਦਾ ਹੈ। ਜੁਕਾਮ ਵਾਲੇ ਦੇ ਸਾਮ੍ਹਣੇ ਨਾ ਬੈਠੋ। ਰੋਗੀ ਦੇ ਕਪੜੇ ਤੋਲੀਆ ਆਦਿ ਨਾ ਇਸਤੇਮਾਲ ਕਰੋ। ਰੋਗੀ ਦਾ ਜੂਠਾ ਨਾ ਖਾਓ।

3. ਸਰੀਰ ਨੂੰ ਗਰਮੀ ਆਈ ਹੋਈ ਹੋਵੇ ਤਾਂ ਇਕ ਦਮ ਇਸ਼ਨਾਨ ਨਾ ਕਰੋ।

4. ਗਰਮ ਚੀਜ਼ ਖਾ ਕੇ ਇਕ ਦਮ ਠੰਡਾ ਪਾਣੀ ਨਾ ਪੀਓ ਤੇ ਨਾ ਹੀ ਬਾਹਰੋਂ ਆ ਕੇ ਇਕ ਦਮ ਠੰਡੇ ਪਾਣੀ ਦਾ ਪ੍ਰਯੋਗ ਕਰੋ।

5. ਸਰਦੀਆਂ ਵਿਚ ਅਸੀਂ ਗਰਮ ਕਪੜੇ ਪਹਿਨਦੇ ਹਾਂ। ਇਨ੍ਹਾਂ ਕਪੜਿਆਂ ਨੂੰ ਜਿਸਮ ਤੋਂ ਇਕ ਦਮ ਨਹੀਂ ਉਤਾਰਨਾ ਚਾਹੀਦਾ, ਹਵਾ ਲਗ ਜਾਣ ਤੇ ਜੁਕਾਮ ਹੋ ਜਾਂਦਾ ਹੈ। ਕਪੜੇ ਹਵਾ ਤੋਂ ਬਚ ਕੇ ਇਕ ਇਕ ਕਰਕੇ ਹੌਲੀ ਹੌਲੀ ਉਤਾਰੋ। ਬੱਚਿਆਂ ਦਾ ਇਸ ਪਾਸੇ ਖਿਆਲ ਰੱਖੋ।

6. ਮੈਂ ਕਾਫੀ ਦੇਰ ਲਦਾਖ ਦੇ ਬਹੁਤ ਠੰਡੇ ਇਲਾਕੇ ਵਿਚ ਫੌਜੀ ਨੌਕਰੀ ਦੌਰਾਨ ਰਿਹਾ ਹਾਂ ਤੇ ਜਦੋਂ ਇਧਰੋਂ ਛੁਟੀ ਕੱਟ ਕੇ ਉਧਰ ਜਾਂਦੇ ਸੀ ਤਾਂ ਪਹਿਲਾਂ ਕਾਫੀ ਗਰਮ ਕਪੜੇ ਪਹਿਨਣੇ ਪੈਂਦੇ ਹਨ, ਫੇਰ ਹੌਲੀ ਹੌਲੀ ਘੱਟ ਕੀਤੇ ਜਾ ਸਕਦੇ ਹਨ। ਇਸ ਤਰ੍ਹਾਂ ਜੇ ਉਸ ਇਲਾਕੇ ਤੋਂ ਇਧਰ ਆਉਂਦੇ ਹਾਂ ਤੇ ਗਰਮੀ ਮਹਿਸੂਸ ਕਰਕੇ ਕਪੜੇ ਇਕ ਦਮ ਉਤਾਰ ਦਿਤੇ ਤਾਂ ਸਮਝੋ ਇਸ ਰੋਗ ਨੂੰ ਨਿਉਤਾ ਦੇ ਦਿਤਾ। ਸੋ ਸਰੀਰ ਨੂੰ ਸਮਤੁਲਨ ਕਰਨ ਦਾ ਮੌਕਾ ਦੇਣਾ ਚਾਹੀਦਾ ਹੈ, ਸਰਦੀ ਸ਼ੁਰੂ ਹੋਣ ਤੇ ਇਸ ਦਾ ਵਾਤਾਵਰਣ ਅਨੁਕੂਲ ਹੋਣਾ ਬਹੁਤ ਜ਼ਰੂਰੀ ਹੁੰਦਾ ਹੈ। ਸਰਦੀ ਸ਼ੁਰੂ ਹੁੰਦਿਆਂ ਤੇ ਖਾਤਮੇ ਤੇ ਇਹ ਰੋਗ ਇਸੇ ਅਣਗਹਿਲੀ ਕਰਕੇ ਹੁੰਦਾ ਹੈ।

**ਚਮੜੀ ਦੀ ਖੁਸ਼ਕੀ** - ਸਰਦੀ ਵਿਚ ਸਰੀਰ ਦੀਆਂ ਨਾੜੀਆਂ ਡੂੰਘੀਆਂ ਚਲੀਆਂ ਜਾਂਦੀਆਂ ਹਨ ਤੇ ਗਰਮੀ ਵਾਂਗ ਬਾਹਾਂ ਹੱਥਾਂ ਆਦਿ ਤੇ ਦਿਖਾਈ ਦੇਣੀਆਂ ਘਟ ਜਾਂਦੀਆਂ ਹਨ। ਇਨ੍ਹਾਂ ਵਿਚ ਜਿਹੜਾ ਲੇਸ ਨਿਕਲ ਕੇ ਸਰੀਰ ਨੂੰ ਖੁਸ਼ਕੀ ਤੋਂ ਬਚਾਉਂਦਾ ਹੈ ਉਹ ਨਿਕਲਣਾ ਬੰਦ ਹੋ ਜਾਂਦਾ ਹੈ। ਸਰੀਰ, ਚਿਹਰਾ ਖੁਸ਼ਕ ਹੋਣ ਲਗ ਜਾਂਦਾ ਹੈ। ਇਸ ਨਾਲ ਸਰੀਰ ਤੇ ਖਾਰਸ਼ ਖੁਜਲੀ ਹੋਣੀ ਸ਼ੁਰੂ ਹੋ ਜਾਂਦੀ ਹੈ।

ਇਸ ਤੋਂ ਬਚਣ ਲਈ ਨੁਸਖੇ ਹੇਠ ਲਿਖੇ ਹਨ –

1. ਇਸ਼ਨਾਨ ਕਰਨ ਲੱਗਿਆਂ ਸਰਦੀ ਵਿਚ ਹਲਕੇ ਗਰਮ ਪਾਣੀ ਵਿਚ ਪੰਜ-ਛੇ ਬੂੰਦਾਂ ਸਰਸੋਂ ਦੇ ਤੇਲ ਦੀਆਂ ਪਾ ਲੈਣੀਆਂ ਚਾਹੀਦੀਆਂ ਹਨ। ਇਸ ਨਾਲ ਸਰੀਰ ਖੁਸ਼ਕ

ਨਹੀਂ ਹੁੰਦਾ। ਚਮੜੀ ਮੁਲਾਇਮ ਬਣੀ ਰਹਿੰਦੀ ਹੈ।

2. ਹਫਤੇ ਵਿਚ ਘੱਟੋ ਘੱਟ ਇਕ ਦੋ ਦਿਨ ਸਵੇਰੇ ਸੂਰਜ ਨਿਕਲਣ ਤੇ ਸਰੋਂ ਜਾਂ ਤਿਲਾਂ ਦੇ ਤੇਲ ਦੀ ਮਾਲਿਸ਼ ਕਰੋ ਤੇ ਥੋੜ੍ਹੀ ਦੇਰ ਧੁੱਪ ਵਿਚ ਬੈਠਣ ਨਾਲ ਸਰੀਰ ਰਿਸ਼ਟ ਪੁਸ਼ਟ ਹੁੰਦਾ ਹੈ ਤੇ ਨਾਲ ਹੀ ਨਰਮ ਰਹਿ ਕੇ ਖੁਸ਼ਕੀ ਨਹੀਂ ਰਹਿੰਦੀ।

ਪੈਰਾਂ ਦੀਆਂ ਅੱਡੀਆਂ ਫਟਣ ਤੋਂ ਬਚਣ ਲਈ ਸਰਦੀਆਂ ਵਿਚ ਜੁਰਾਬਾਂ ਤੇ ਬੰਦ ਜੁੱਤੀਆਂ ਦਾ ਇਸਤੇਮਾਲ ਕਰਨ ਨਾਲ ਅੱਡੀਆਂ ਨਹੀਂ ਫਟਦੀਆਂ। ਜੇ ਫਟ ਜਾਣ ਤਾਂ ਸ਼ਹਿਦ ਵਿਚ ਕੱਚਾ ਮੋਮ ਪਿਘਲਾ ਕੇ ਫਟੇ ਸਥਾਨ ਤੇ ਭਰਨ ਨਾਲ ਇਹ ਠੀਕ ਹੋ ਜਾਂਦੀਆਂ ਹਨ।

ਚਿਹਰੇ ਦੀ ਖੁਸ਼ਕੀ ਲਈ ਕਿਸੇ ਚੰਗੀ ਚਿਕਨਾਈ ਵਾਲੀ ਕਰੀਮ ਦਾ ਇਸਤੇਮਾਲ ਕੀਤਾ ਜਾ ਸਕਦਾ ਹੈ। ਬੁਲ੍ਹਾਂ ਤੇ ਵੀ ਗਰਮ ਦੁੱਧ ਦੀ ਮਲਾਈ ਲਾਣ ਤੇ ਫਟਣ ਤੋਂ ਬਚਾਇਆ ਜਾ ਸਕਦਾ ਹੈ।

---

(ਪੰਨਾ 60 ਦੀ ਬਾਕੀ)

ਬਚਾਉ ਕਰ ਲਿਆ। ਸਾਹਿਬਜ਼ਾਦਾ ਅਜੀਤ ਸਿੰਘ, ਜੁਝਾਰ ਸਿੰਘ ਦੀ ਸਹਾਦਤ ਦੀ ਤਿੰਨ ਸੌ ਸਾਲਾ ਵਰ੍ਹੇ ਗੰਢ ਤੇ ਸਿੱਖ ਕੌਮ ਨੂੰ ਮੁੜ ਸ਼ਸ਼ਤਰਧਾਰੀ ਹੋਣ ਦਾ ਉਪਰਾਲਾ ਕਰਨਾ ਚਾਹੀਦਾ ਹੈ। ਅਸੀਂ ਕਿਸੇ ਸਰਕਾਰ, ਫੌਜ ਜਾਂ ਪੁਲਿਸ ਨਾਲ ਟੱਕਰ ਨਹੀਂ ਲੈਣੀ ਪਰ ਸ੍ਵੈ-ਰੱਖਿਆ ਹਿਤ ਸ਼ਸਤਰਧਾਰੀ ਹੋਣਾ ਸਿੱਖ ਲਈ ਲਾਜ਼ਮੀ ਹੈ। ਫਸਾਦੀਆਂ ਨੂੰ ਭਜਾਉਣ ਲਈ ਤਲਵਾਰ ਵੀ ਕਾਫੀ ਹੁੰਦੀ ਹੈ ਜੇ ਉਸ ਦਾ ਸਹੀ ਪ੍ਰਯੋਗ ਆਉਂਦਾ ਹੋਵੇ। ਸਾਹਿਬਜ਼ਾਦਿਆਂ ਦੇ ਨਾਮ ਤੇ ਥਾਂ ਥਾਂ ਖੇਡਾਂ ਦੇ ਪ੍ਰਬੰਧ, ਸ਼ਸਤਰਾਂ ਦੀ ਸਿਖਲਾਈ, ਘੋੜ-ਸਵਾਰੀ, ਨੇਜ਼ਾ-ਬਾਜ਼ੀ ਗਤਕਾ ਆਦਿ ਦੇ ਟ੍ਰੇਨਿੰਗ ਸੈਂਟਰ ਖੋਲ੍ਹਣੇ ਚਾਹੀਦੇ ਹਨ। ਹਰੇਕ ਗੁਰਦਵਾਰਾ ਕੈਂਪਸ ਵਿਚ ਛੋਟੇ ਪੱਧਰ ਤੇ ਅਜੇਹਾ ਕਰਨਾ ਬੜਾ ਸੌਖਾ ਕਾਰਜ ਹੈ।

ਹੁਣੇ ਹੁਣੇ ਦਿਲੀ ਵਿਚ ਅੰਤਰਰਾਸ਼ਟਰੀ ਪੱਧਰ ਤੇ 'Inter Faith Summit for Peace & Harmony' (7 ਤੋਂ 10 ਦਸੰਬਰ 2003) ਆਯੋਜਿਤ ਕੀਤੀ ਗਈ ਜਿਸ ਵਿਚ ਸੰਸਾਰ ਦੇ 400 ਤੋਂ ਵੱਧ ਗਿਣਤੀ ਵਿਚ ਨੌਂ ਪ੍ਰਮੁੱਖ ਧਰਮਾਂ ਦੇ ਵਿਦਵਾਨਾਂ, ਸੰਤਾਂ ਮਹਾਂਪੁਰਸ਼ਾਂ ਨੇ ਸੰਸਾਰ ਨੂੰ ਦਰਪੇਸ਼ ਮਸਲਿਆਂ ਤੇ ਆਪੋ ਆਪਣੇ ਧਰਮ ਦੇ ਪ੍ਰਸੰਗ ਵਿਚ ਵਿਚਾਰ ਸਾਂਝੇ ਕੀਤੇ। ਸਿੱਖ ਧਰਮ ਵਲੋਂ ਇਕ ਸੈਸ਼ਨ ਵਿਚ ਡਾ. ਜਸਵੰਤ ਸਿੰਘ ਨੇਕੀ ਅਤੇ ਇਕ ਸੈਸ਼ਨ ਵਿਚ ਭਾਈ ਸਾਹਿਬ ਮਹਿੰਦਰ ਸਿੰਘ ਮੁੱਖ ਸੇਵਾਦਾਰ ਗੁਰੂ ਨਾਨਕ ਨਿਸ਼ਕਾਮ ਸੇਵਾ ਮਿਸ਼ਨ ਬਰਮਿੰਗਮ ਯੂ.ਕੀ. ਨੇ ਵਿਚਾਰ ਸਾਂਝੇ ਕੀਤੇ। ਅਧਿਆਤਮਕਤਾ ਨੂੰ ਪ੍ਰਾਪਤ ਸਿੱਖ, ਗੁਰਮੁਖ, ਸੰਤ, ਮਹਾਂਪੁਰਸ਼ ਦੀ ਗੈਰ-ਹਾਜ਼ਰੀ ਉਚਿਤ ਨਹੀਂ ਲਗ ਰਹੀ ਸੀ, ਮਨ ਨੂੰ ਪ੍ਰੇਸ਼ਾਨ ਕਰ ਰਹੀ ਸੀ ਜਦ ਕਿ ਇਸ ਸਮੇਂ ਸਿੱਖ ਸਿਧਾਂਤ, ਸਿੱਖ ਅਧਿਆਤਮਵਾਦ ਸੰਸਾਰ ਲਈ ਚਾਨਣ ਮੁਨਾਰਾ ਬਣ ਸਕਦਾ ਹੈ। ਕਿਉਂ ਨਾ ਕਿਸੇ ਮਹਾਂਪੁਰਸ਼ ਦੀ ਨਿਸ਼ਾਨਦੇਹੀ ਕੀਤੀ ਜਾਵੇ ਜੋ ਗੁਰਮਤਿ ਅਨੁਸਾਰੀ ਵੀ ਹੋਵੇ ਅਤੇ ਨਾਮ-ਰਸੀਆ ਵੀ। ਜੇ ਡਲਾਈਲਾਮਾ ਦਾ ਭਾਸ਼ਨ ਨਾਲ ਨਾਲ ਅੰਗਰੇਜ਼ੀ ਵਿਚ ਅਨੁਵਾਦਿਆ ਜਾ ਸਕਦਾ ਹੈ ਤਾਂ ਐਸਾ ਸਿੱਖ ਮਹਾਂਪੁਰਸ਼ ਲਈ ਵੀ ਕੀਤਾ ਜਾ ਸਕਦਾ ਹੈ। ਇੰਟਰ ਫੇਥ ਸਮਿਟ ਦਾ ਸਾਲਾਨਾ ਮਹਾਨ ਇਕੱਠ ਜੁਲਾਈ 2004 ਵਿਚ ਸਪੇਨ ਵਿਚ ਹੋ ਰਿਹਾ ਹੈ। ਉਸ ਵਿਚ ਸ਼ਮੂਲੀਅਤ ਲਈ ਵੀ ਸੋਚੀਏ ਤੇ ਸੰਸਾਰ ਨੂੰ ਗੁਰੂ ਗ੍ਰੰਥ ਸਾਹਿਬ ਦੇ ਮਹਾਨ ਦਰਸ਼ਨ ਤੋਂ ਜਾਣੂ ਕਰਵਾਈਏ। ਇਸ ਸਮਿਟ ਵਿਚ ਸੂਫੀ ਕਲਾਮ ਨੂੰ ਗਾਉਣ ਵਾਲੇ ਟੀਸੀ ਦੇ ਕਲਾਕਾਰ ਸਨ ਪਰ ਸ਼ਬਦ-ਗਾਇਨ ਕਰਨ ਵਾਲੇ ਔਸਤ ਦਰਜੇ ਦੇ ਗਾਇਕ। ਇਹ ਸ਼ੋਭਾ ਨਹੀਂ ਦਿੰਦਾ।

ਸਾਰੀ ਲਿਖਤ ਦੀ ਭਾਵਨਾ ਇਹ ਹੈ ਕਿ ਇਨ੍ਹਾਂ ਸ਼ਤਾਬਦੀਆਂ ਨੂੰ ਇਸ ਢੰਗ ਨਾਲ ਮਨਾਈਏ ਕਿ ਕੌਮ ਮੁੜ ਸੁਰਜੀਤ ਹੋ ਉਠੇ, ਦੂਰ-ਅੰਦੇਸ਼ੀ ਤੋਂ ਕੰਮ ਲਈਏ, ਨੌਜਵਾਨਾਂ ਦੀ ਸੰਭਾਲ ਕਰੀਏ, ਵਿਦਿਆ ਦਾ ਪਾਸਾਰ ਕਰੀਏ, ਧਾਰਮਿਕ ਸਿਖਿਆ ਦੇ ਵਿਸ਼ੇਸ਼ ਤੇ ਵਧੀਆ ਪ੍ਰਬੰਧ ਕਰੀਏ, ਚੰਗਾ ਸਾਹਿਤ ਪੈਦਾ ਕਰਕੇ ਗੁਰੂ ਗ੍ਰੰਥ ਸਾਹਿਬ ਦੀ ਮਹਾਨ ਸਿਖਿਆ ਦਾ ਦੇਸਾਂ ਪ੍ਰਦੇਸਾਂ ਵਿਚ ਪਾਸਾਰ ਕਰੀਏ, ਆਧੁਨਿਕ ਮੀਡੀਆ ਦਾ ਪ੍ਰਯੋਗ ਕਰੀਏ। ਨਵੇਂ ਟਰੱਸਟ ਅਮੀਰਾਂ ਤੇ ਚੌਧਰਾਂ ਦੇ ਭੁਖਿਆਂ ਦੇ ਹਵਾਲੇ ਨਾ ਕਰੀਏ, ਨਹੀਂ ਤਾਂ ਇਨ੍ਹਾਂ ਦਾ ਵੀ ਸਮੇਂ ਨਾਲ ਓਹੀ ਹਾਲ ਹੋ ਜਾਵੇਗਾ ਜੋ ਅੱਜ ਗੁਰੂ ਨਾਨਕ ਫਾਉਂਡੇਸ਼ਨ ਅਤੇ ਗੁਰੂ ਗੋਬਿੰਦ ਫਾਊਂਡੇਸ਼ਨ ਦਾ ਹੈ, ਕੇਵਲ ਨਾਮ ਹੀ ਹਨ। ਵੱਡੀਆਂ ਇਮਾਰਤਾਂ ਤਾਂ ਹਨ ਪਰ ਅੰਦਰੋਂ ਸਖਣੀਆਂ ਹਨ, ਕੰਮ ਜ਼ੀਰੋ ਹੈ। ਹਰੇਕ ਸ਼ਹਿਰ ਦੀਆਂ ਗੁਰਦਵਾਰਾ ਤਾਲਮੇਲ ਕਮੇਟੀਆਂ ਹਉਮੈ ਰਹਿਤ ਹੋ ਕੇ ਸ਼ਹਿਰਾਂ ਦੇ ਵਿਦਵਾਨਾਂ, ਵਿਚਾਰਵਾਨਾਂ, ਗੁਰਮੁਖਾਂ ਨੂੰ ਨਾਲ ਲੈ ਕੇ ਪ੍ਰੋਗਰਾਮ ਮਿਥਣ, ਸਿਰਫ ਵੱਡੇ ਅਹੁਦੇਦਾਰ ਹੀ ਨਾਂਹ ਇਕੱਠੇ ਹੋਣ ਸਗੋਂ ਖੁਲ੍ਹਾ ਸੱਦਾ ਦੇ ਕੇ ਲੰਮੀ ਵਿਚਾਰ ਗੋਸ਼ਟੀ ਹੋਵੇ, ਸਥਾਈ ਲਾਭਕਾਰੀ ਵਾਲੇ ਪ੍ਰੋਗਰਾਮ ਉਲੀਕੇ ਜਾਣ। ਗੁਰੂ ਮਿਹਰ ਕਰੇ, ਕੌਮ ਵਿਚ ਜਾਗਰਤੀ ਆਵੇ, ਸ਼ਤਾਬਦੀਆਂ ਦੇ ਪ੍ਰੋਗਰਾਮ ਨਿਰੇ ਜਲਸੇ ਜਲੂਸਾਂ ਤੇ ਦੀਵਾਨਾਂ ਤਕ ਹੀ ਸੀਮਤ ਨਾ ਰਹਿ ਜਾਣ। ਵਿਦਵਾਨਾਂ ਵੀਚਾਰਵਾਨਾਂ ਗੁਰਸਿੱਖਾਂ ਪ੍ਰਤੀ ਬੇਨਤੀ ਹੈ ਕਿ ਇਸ ਵਿਚਾਰ ਨੂੰ ਆਪਣੀਆਂ ਲਿਖਤਾਂ ਰਾਹੀਂ ਅੱਗੇ ਤੋਰਨ।

(ਪੰਨਾ 50 ਦੀ ਬਾਕੀ)

ਇਹ ਜੀਅ ਦੇ ਨਾਲ ਵਸਦਾ ਨਹੀਂ ਹੈ। ਜੇ ਕਿਤੇ ਜੀਅ ਨਾਲ ਵੱਸ ਜਾਏ। ਜੇ ਗੁਰੂ ਤੋਂ ਬਚਨ ਲੈ ਲਈਏ ਝੋਲੀ ਅੱਡ ਕੇ, ਝੋਲੀ ਜਿਹੜੀ ਹੈ ਉਹ ਮਨ ਦੀ ਹੈ ਹੈ। ਉਸ ਵੇਲੇ ਫੇਰ ਇਹ ਬਚਨ ਜੀਅ ਵਿਚ ਵਸ ਜਾਂਦਾ ਹੈ। ਫੇਰ ਇਸ ਨੂੰ ਨਾ ਤਸਕਰ ਲੈਂਦਾ ਹੈ, ਨਾ ਪਾਣੀ ਡੋਬਦਾ ਹੈ, ਨਾ ਅੱਗ ਜਾਲਦੀ ਹੈ, ਨਾ ਇਹ ਜਾਂਦਾ ਹੈ, ਇਸ ਬਚਨ ਨੂੰ ਅਟੱਲ ਬਚਨ ਕਹਿੰਦੇ ਨੇ। ਸੂਰਜ, ਚੰਦਰਮਾ ਨਾਸ ਹੋ ਜਾਣ, ਸਭ ਕੁਝ ਨਾਸ ਹੋ ਜਾਵੇ ਪਰ ਜਿਹੜਾ ਗੁਰੂ ਨੇ ਬਚਨ ਦਿੱਤਾ ਹੈ ਉਹ ਅਟੱਲ ਹੈ ਉਸ ਦਾ ਨਾਸ ਨਹੀਂ ਕਦੇ ਵੀ ਹੋਇਆ ਕਰਦਾ। ਜਿਸ ਨੂੰ 'ਸਤਿ ਬਚਨ' ਕਹਿੰਦੇ ਨੇ –

.......... ***ਸਾਧ ਬਚਨ ਅਟਲਾਧਾ॥*** ***ਪੰਨਾ - 1204***

ਸੋ ਇਹ ਕਿਰਪਾ ਹੋਵੇ, ਸਤਿਸੰਗ ਮਿਲੇ, ਅੰਦਰੋਂ ਜਾਗ ਆਵੇ, ਲੋਚਾ ਜਾਗੇ, ਐਸਾ ਉਚਿਤ ਮਾਹੌਲ ਮਿਲੇ ਤਾਂ ਜਾ ਕੇ ਅਸੀਂ ਇਸ ਦੇ ਵਿਚੋਂ ਨਿਕਲ ਕੇ ਇਸ ਸ਼ਬਦ ਨੂੰ ਸਮਝ ਸਕਦੇ ਹਾਂ। ਨਹੀਂ ਤਾਂ ਸੁਣਨ ਵਾਲਿਆਂ ਨੇ ਸੁਣ ਲਿਆ, ਆਪਾਂ ਵੀ ਸੁਣ ਲਿਆ, ਆਸਾ ਦੀ ਵਾਰ ਦੇ ਕੀਰਤਨ ਦਾ ਆਨੰਦ ਲੈ ਲਿਆ, ਥੋੜ੍ਹੇ ਜਿਹੇ ਨੰਬਰ ਸਾਨੂੰ ਮਿਲ ਗਏ। ਸੋ ਜੇ ਸਮਝਿਆ ਜਾਵੇ ਫੇਰ ਸਭ ਕੁਝ ਖਤਮ ਹੋ ਜਾਂਦਾ ਹੈ।

ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫਤਹਿ॥

## ਜ਼ਰੂਰੀ ਸੂਚਨਾ

**ਆਤਮ ਮਾਰਗ ਦੀ ਮੈਂਬਰਸ਼ਿਪ ਜਾਂ ਰੀਨੀਉਅਲ ਜਾਂ ਗੁਰਦਵਾਰਾ ਸਾਹਿਬ ਦੀ ਸੇਵਾ ਭੇਜਣ ਸਮੇਂ ਤਿੰਨ ਗੱਲਾਂ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ ਜੀ -**

**(ਪਹਿਲੀ) ਆਤਮ ਮਾਰਗ ਲਈ ਭੇਜੀ ਮਾਇਆ ਦਾ ਡਰਾਫਟ ਆਤਮ ਮਾਰਗ ਦੇ ਨਾਮ ਹੋਵੇ ਅਤੇ ਕੇਵਲ ਆਤਮ ਮਾਰਗ ਲਈ ਹੋਵੇ, ਇਸ ਵਿਚ ਹੋਰ ਕੋਈ ਸੇਵਾ ਸ਼ਾਮਲ ਨਾ ਕੀਤੀ ਜਾਵੇ।**

**(ਦੂਜੀ) ਗੁਰਦਵਾਰਾ ਸਾਹਿਬ ਲਈ ਭੇਜੀ ਸੇਵਾ ਦਾ ਡਰਾਫਟ ਅੱਡ ਹੋਵੇ ਅਤੇ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਦੇ ਨਾਮ ਹੋਵੇ। ਇਸ ਵਿਚ ਆਤਮ ਮਾਰਗ ਲਈ ਭੇਜੀ ਰਕਮ ਸ਼ਾਮਲ ਨਾ ਕੀਤੀ ਜਾਵੇ।**

**(ਤੀਜੀ) ਮਾਇਆ ਚੈਕ ਰਾਹੀਂ ਨਹੀਂ, ਸਗੋਂ ਡਰਾਫਟ ਰਾਹੀਂ ਭੇਜੀ ਜਾਵੇ ਅਤੇ ਡਰਾਫਟ ਦੀ ਅਦਾਇਗੀ ਚੰਡੀਗੜ੍ਹ ਦੇ ਕਿਸੇ ਵੀ ਬੈਂਕ ਰਾਹੀਂ ਹੋਵੇ, ਬਾਹਰਲੇ ਸ਼ਹਿਰਾਂ ਦੇ ਡਰਾਫਟ/ਚੈਕ ਨਾ ਭੇਜੇ ਜਾਣ।**

(ਇਥੋਂ ਕੱਟ ਕੇ ਭੇਜੋ ਜੀ)

# Annual/Life Membership Form - Atam Marg

## ਸਾਲਾਨਾ/ਲਾਈਫ ਮੈਂਬਰਸ਼ਿਪ ਫਾਰਮ - ਆਤਮ ਮਾਰਗ

(ਇਹ ਫਾਰਮ ਭਰ ਕੇ 'ਦਫਤਰ 'ਆਤਮ ਮਾਰਗ' ਰਤਵਾੜਾ ਸਾਹਿਬ, ਡਾਕਖਾਨਾ : ਮੁਲਾਂਪੁਰ ਗਰੀਬਦਾਸ, ਜ਼ਿਲਾ ਰੋਪੜ 140901 ਨੂੰ ਭੇਜੋ ਜੀ)

1. ਜੇ ਆਪ ਪਹਿਲਾਂ ਤੋਂ 'ਆਤਮ ਮਾਰਗ' ਦੇ ਮੈਂਬਰ ਹੋ ਤਾਂ ਪਹਿਲਾ ਮੈਂਬਰਸ਼ਿਪ ਨੰਬਰ ਲਿਖੋ ਜੀ.......................
2. ਨਾਮ/ Name....................................................................
3. ਪਿਤਾ ਦਾ ਨਾਮ/Father's Name............................................
4. ਪੂਰਾ ਪਤਾ/Full address........................................................

.........................................................

.........................................................

PINCODE.......................Telephone..............

ਮੈਂ ............ ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ.........................ਮਿਤੀ........................ਰਾਹੀਂ ਭੇਜ ਰਿਹਾ ਹਾਂ। ਮੈਂ **ਸਾਲਾਨਾ/ਲਾਈਫ** ਮੈਂਬਰ ਬਣ ਕੇ ਸਤਿਗੁਰੂ ਜੀ ਦੀ ਨਦਰ ਅਤੇ ਮਹਾਂਪੁਰਸ਼ਾਂ ਦੀਆਂ ਅਸੀਸਾਂ ਦਾ ਪਾਤਰ ਬਣਿਆ ਹਾਂ ਜਿਸ ਦੀ ਮੈਨੂੰ ਬਹੁਤ ਪ੍ਰਸੰਨਤਾ ਹੈ।

ਦਸਤਖਤ.................................

ਨਾਮ...................................

## ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਦੀਵਾਨਾਂ ਦਾ ਪ੍ਰੋਗਰਾਮ

**ਐਤਵਾਰ** – 1, 8, 15, 22, 29 ਫਰਵਰੀ।

**ਸੰਗਰਾਂਦ** - 13 ਫਰਵਰੀ, ਦਿਨ ਸ਼ੁਕਰਵਾਰ।

**ਪੂਰਨਮਾਸ਼ੀ** - 6 ਫਰਵਰੀ, ਦਿਨ ਸ਼ੁਕਰਵਾਰ।

(ਸਮਾਂ ਦੁਪਹਿਰ 12 ਵਜੇ ਤੋਂ ਸ਼ਾਮ 4.00 ਵਜੇ ਤੱਕ)

**ਅੰਮ੍ਰਿਤ ਸੰਚਾਰ** - ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼, ਰਤਵਾੜਾ ਸਾਹਿਬ ਵਿਖੇ ਦਿਨ ਦੇ 11.00 ਵਜੇ ਹੁੰਦਾ ਹੈ।

## For more information

**please visit us on internet at -**

http://www.atammarg.org

&

http://www.Ratwara sahib.com

## ਇਨਕਮ ਟੈਕਸ (Income Tax) ਦੇ ਰਹੇ ਪ੍ਰੇਮੀਆਂ ਲਈ ਖੁਸ਼ਖਬਰੀ

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਨੂੰ ਦਾਨ ਦੇਣ ਵਾਲੇ ਪ੍ਰੇਮੀ ਹੁਣ ਦਿਤੀ ਰਕਮ ਦੀ 50% ਰਾਸ਼ੀ ਤੇ ਇਨਕਮ ਟੈਕਸ ਛੋਟ ਲੈ ਸਕਦੇ ਹਨ। ਕਮਿਸ਼ਨਰ ਇਨਕਮ ਟੈਕਸ ਵਲੋਂ ਜਾਰੀ ਪੱਤਰ ਨੰ. CIT/CHD-II/80G/ 2001-2002/3050 ਮਿਤੀ 22.2.2002/ 6.3.2002 ਅਨੁਸਾਰ ਇਹ ਛੋਟ I.T. Act, 1961 (43 of 1961) ਦੀ ਧਾਰਾ 80G ਅਧੀਨ 1.4.2001 ਤੋਂ 31.3.2004 ਤੱਕ ਲਾਗੂ ਰਹੇਗੀ। ਛੋਟ ਲੈਣ ਲਈ ਇਨਕਮ ਟੈਕਸ ਰੀਟਰਨ ਭਰਨ ਸਮੇਂ ਮਿਸ਼ਨ ਵਲੋਂ ਪ੍ਰਾਪਤ ਰਸੀਦ ਨਾਲ ਲਾਵੋ ਜੀ।

*ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।*

ਪ੍ਰਿੰਟਰ ਪਬਲਿਸ਼ਰ ਤੇ ਐਡੀਟਰ ਭਾਈ ਹਰਪਾਲ ਸਿੰਘ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲਾ ਰੋਪੜ ਤੋਂ ਪ੍ਰਕਾਸ਼ਿਤ ਕੀਤਾ।

## ਜੇ ਕਦੀ ਤੁਹਾਨੂੰ 'ਆਤਮ ਮਾਰਗ' ਨਾ ਮਿਲੇ!!!

ਆਪ ਜੀ ਸਭ ਪਾਠਕਾਂ ਨੂੰ ਵਿਦਿਤ ਹੈ ਕਿ 'ਆਤਮ ਮਾਰਗ' ਬੜੇ ਸੋਹਣੇ ਸੁਚੱਜੇ ਅਤੇ ਸੁਥਰੇ ਢੰਗ ਨਾਲ ਹਰ **ਮਹੀਨੇ ਦੀ ਪਹਿਲੀ ਤਾਰੀਖ** ਨੂੰ ਪੋਸਟ ਕਰ ਦਿਤਾ ਜਾਂਦਾ ਹੈ। ਰਸਤੇ ਦੀ ਕਿਸੇ ਰੁਕਾਵਟ ਜਾਂ ਅਣਗਹਿਲੀ ਕਾਰਨ ਜੇ ਆਪ ਜੀ ਨੂੰ 15 ਤਰੀਕ ਤਕ ਮੈਗਜ਼ੀਨ ਨਹੀਂ ਮਿਲਦਾ ਤਾਂ ਕੇਵਲ –

**ਦਫਤਰ ਆਤਮ ਮਾਰਗ ਫੋਨ ਨੰਬਰ** -

**0160-2255002**

**0160-2255009 (ਫੈਕਸ)**

ਨਾਲ ਸੰਪਰਕ ਕਰੋ, ਹੋਰ ਨੰਬਰਾਂ ਤੇ ਨਹੀਂ। ਆਤਮ ਮਾਰਗ ਦਾ ਸਾਰਾ ਕੰਮ ਕੰਪਿਊਟਰ ਰਾਹੀਂ ਹੁੰਦਾ ਹੈ। ਇਨ੍ਹਾਂ ਫੋਨ ਨੰਬਰਾਂ ਤੇ ਆਪ ਜੀ ਨੂੰ ਤੁਰੰਤ ਅਤੇ ਸਹੀ ਜਾਣਕਾਰੀ ਪ੍ਰਾਪਤ ਹੋ ਜਾਵੇਗੀ।

**ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸਕੂਲ, ਰਤਵਾੜਾ ਸਾਹਿਬ ਦੇ ਫੋਨ ਨੰਬਰ** - 0160-2255003

**ਇੰਟਰਨੈਸ਼ਨਲ ਡੀਵਾਈਨ ਇਨਸਟੀਚਿਊਟ ਆਫ਼ ਟੈਕਨਾਲੌਜੀ, ਰਤਵਾੜਾ ਸਾਹਿਬ** - 0160-2255005, 2255006. 2255007

**ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸਕੂਲ, ਰਤਵਾੜਾ ਸਾਹਿਬ** - 98142-80259